
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 40
January 11, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com




Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਮਹਾਨ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਵਸ ਦੀਆਂ ਲੱਖ-ਲੱਖ ਵਧਾਈਆਂ।
**(ਸਬੰਧਿਤ ਇਤਿਹਾਸਕ ਤਸਵੀਰਾਂ ਸਫਾ 11 ਤੇ ਦੇਖੋ)**



ਮਹਾਨ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਗਏ ਮੇਲੇ ਨੇ ਛੱਡੀ ਅਮਿੱਟ ਛਾਪ। **(ਰਿਪੋਰਟ ਦੇਖੋ ਸਫਾ 4 ਅਤੇ ਤਸਵੀਰਾਂ ਸਫਾ 12-13 'ਤੇ)**



ਸੈਕਰਾਮੈਂਟੋ, ਕੈਲੀਫੋਰਨੀਆ ਡੈਮੋਕਰੇਟਿਕ ਡੈਲੀਗੇਟ ਤੇ ਐਕਜੀਕਿਊਟਿਵ ਬੋਰਡ ਦੀ ਚੋਣ ਅਟਾਰਨੀ ਅਮਰ ਸ਼ੇਰਗਿੱਲ ਨੇ ਜਿੱਤੀ
(ਰਿਪੋਰਟ ਸਫਾ 3 'ਤੇ)

# ਕੌਣ ਬਣੇਗਾ ਪੰਜਾਬ ਦਾ ਅਗਲਾ ਮੁੱਖ ਮੰਤਰੀ?

**ਚੰਡੀਗੜ੍ਹ (ਬਿਊਰੋ)–** ਆਮ ਆਦਮੀ ਪਾਰਟੀ ਨੇ ਕੇਜਰੀਵਾਲ ਦਾ ਨਾਂ ਦੱਬੇ ਪੈਰੀਂ ਅੱਗੇ ਲਿਆਂਦਾ ਹੈ। ਇਸ ਤੋਂ ਪਹਿਲਾਂ ਵੀ ਪੰਜਾਬੀ ਅਤੇ ਗੈਰ-ਪੰਜਾਬੀ ਦੇ ਵਿਵਾਦ ਵਿਚ ਫਸੀ ਇਸ ਪਾਰਟੀ ਦੇ ਮੁੱਖ ਮੰਤਰੀ ਬਾਰੇ ਅਤੇ ਪਾਰਟੀ ਦੇ ਭਵਿੱਖ ਬਾਰੇ ਹੁਣ ਵੋਟਰ ਹੀ ਤਹਿ ਕਰਨਗੇ ਕਿ ਕੀ ਪੰਜਾਬੀ ਕਿਸੇ ਗੈਰ-ਪੰਜਾਬੀ ਨੂੰ ਮੁੱਖ ਮੰਤਰੀ ਬਣਿਆ ਦੇਖਣਾ ਚਾਹੁੰਦੇ ਹਨ ਕਿ ਨਹੀਂ। ਦੂਜੇ ਪਾਸੇ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਵੱਲੋਂ ਦੁਬਾਰਾ ਫਿਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੀ ਵਿਸ਼ਵਾਸ ਕੀਤਾ ਗਿਆ ਹੈ। ਕਾਂਗਰਸ ਕੈਪਟਨ ਅਮਰਿੰਦਰ ਸਿੰਘ ਨੂੰ ਉਭਾਰ ਰਹੀ ਹੈ, ਜਦਕਿ ਆਮ ਆਦਮੀ ਪਾਰਟੀ ਵਿਚੋਂ ਕੱਢੇ ਸੁੱਚਾ ਸਿੰਘ ਛੋਟੇਪੁਰ ਆਪਣੀ ਨਵੀਂ ਪਾਰਟੀ 'ਆਪਣਾ ਪੰਜਾਬ ਪਾਰਟੀ' ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨੇ ਜਾ ਚੁੱਕੇ ਹਨ। ਸ੍ਰੀ ਛੋਟੇਪੁਰ ਨੇ ਦੱਸਿਆ ਕਿ ਉਹ ਹੁਣ ਤੱਕ 74 ਉਮੀਦਵਾਰਾਂ ਦਾ ਐਲਾਨ ਕਰ ਚੁੱਕੇ ਹਨ ਅਤੇ ਬਾਕੀ 43 ਉਮੀਦਵਾਰਾਂ ਦਾ ਐਲਾਨ ਲੋਹੜੀ ਤੱਕ ਕਰ ਦਿੱਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਦੇ '55 ਮੈਂਬਰੀ ਟੋਲੇ' ਨੇ ਪੰਜਾਬ ਵਿੱਚੋਂ ਕਥਿਤ ਤੌਰ 'ਤੇ ਕਰੋੜਾਂ ਰੁਪਏ ਇਕੱਠੇ ਕੀਤੇ ਹਨ ਅਤੇ ਹੁਣ ਸੰਕੇਤ ਮਿਲ ਰਹੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਉਮੀਦਵਾਰ ਵੀ ਅਰਵਿੰਦ ਕੇਜਰੀਵਾਲ ਨੂੰ ਬਣਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਬਸਪਾ ਅਤੇ ਹੋਰ ਪਾਰਟੀਆਂ ਜਿਹਨਾਂ ਨੂੰ ਪੰਜਾਬ ਦੀ ਸੱਤਾ ਪ੍ਰਾਪਤੀ ਦੀ ਕੋਈ ਆਸ ਨਹੀਂ, ਨੇ ਕੋਈ ਵੀ ਉਮੀਦਵਾਰ ਮੁੱਖ ਮੰਤਰੀ ਦੇ ਅਹੁਦੇ ਲਈ ਨਹੀਂ ਚੁਣਿਆ।





ਪੰਜਾਬ ਵਿੱਚ ਚੋਣ ਪ੍ਰਚਾਰ ਕਰਨ ਆਏ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਪਾਰਟੀ ਦੇ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਅਰਵਿੰਦ ਕੇਜਰੀਵਾਲ ਦੇ ਨਾਮ ਦਾ ਭੁਲਾਵਾ ਪਾਉਣ ਕਰਕੇ ਪੰਜਾਬੀਆਂ ਉਪਰ ਗ਼ੈਰ-ਪੰਜਾਬੀਆਂ ਦਾ ਗ਼ਲਬਾ ਕਾਇਮ ਕਰਨ ਦੇ ਵਿਵਾਦ ਨੇ ਮੁੜ ਸਿਰ ਚੁੱਕ ਲਿਆ ਹੈ। ਸ੍ਰੀ ਸਿਸੋਦੀਆ ਦੇ ਇਸ ਮੁੱਦੇ ਉਪਰ ਭੰਬਲਭੂਸੇ ਵਾਲੇ ਬਿਆਨ ਦੇ ਆਉਂਦਿਆਂ ਹੀ ਸਾਰੀਆਂ ਵਿਰੋਧੀ ਪਾਰਟੀਆਂ ਨੇ ਇਸ ਨੂੰ ਪਲਾਂ ਵਿੱਚ ਹੀ ਪੰਜਾਬੀ ਬਨਾਮ ਗ਼ੈਰ-ਪੰਜਾਬੀ ਦਾ ਮੁੱਦਾ ਬਣਾ ਦਿੱਤਾ ਹੈ। ਪਿਛਲੇ ਸਮੇਂ ਜਦੋਂ ਆਮ ਆਦਮੀ ਪਾਰਟੀ ਨੇ ਸੁੱਚਾ ਸਿੰਘ ਛੋਟੇਪੁਰ ਨੂੰ ਬਰਖਾਸਤ ਕੀਤਾ ਸੀ ਤਾਂ ਉਦੋਂ ਵੀ ਇਹ ਵੱਡਾ ਮੁੱਦਾ ਬਣ ਗਿਆ ਸੀ ਅਤੇ ਪਾਰਟੀ ਨੂੰ ਵੱਡਾ ਖਮਿਆਜ਼ਾ ਭੁਗਤਣਾ ਪਿਆ ਸੀ। ਪਾਰਟੀ ਨੂੰ ਚੁੱਪ ਚੁਪੀਤੇ ਪੰਜਾਬ ਵਿੱਚ ਤਾਇਨਾਤ ਦਿੱਲੀ ਦੇ 52 ਅਬਜ਼ਰਵਰਾਂ ਦਾ ਬਿਸਤਰਾ ਗੋਲ ਕਰਨਾ ਪੈ ਗਿਆ ਸੀ। ਉਪਰੰਤ ਪਾਰਟੀ ਨੇ ਪੰਜਾਬੀਆਂ ਦੇ ਗੁੱਸੇ ਨੂੰ ਭਾਂਪਦਿਆਂ ਸੂਬਾ ਪੱਧਰ ਤੋਂ ਵੀ ਦਿੱਲੀ ਦੀ ਟੀਮ ਨੂੰ ਪਿੱਛੇ ਖਿਸਕਾ ਕੇ ਪੰਜਾਬੀ ਚਿਹਰੇ ਮੂਹਰੇ ਲਿਆਂਦੇ ਸਨ। ਜਿੱਥੋਂ ਤੱਕ ਪੰਜਾਬ ਦਾ ਇਤਿਹਾਸ ਗਵਾਹ ਹੈ, ਅਣਵੰਡੇ ਪੰਜਾਬ ਵਿਚ ਗੋਪੀ ਚੰਦ ਭਾਰਗਵ ਤੋਂ ਇਲਾਵਾ ਪੰਜਾਬ ਵਿਚ ਨਾ ਕੋਈ ਹਿੰਦੂ ਮੁੱਖ ਮੰਤਰੀ ਬਣ ਸਕਿਆ ਹੈ ਅਤੇ ਨਾ ਹੀ ਗੈਰ-ਜੱਟ। ਇਸ ਵਾਰ ਪੰਜਾਬ ਦੇ ਲੋਕੀ ਕਿਹੋ ਜਿਹਾ ਤਜਰਬਾ ਕਰਨਗੇ, ਇਸ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ।

ਇੱਧਰ ਪੰਜਾਬ ਵਿਚ ਚੋਣਾਂ ਦਾ ਸਮਾਂ ਬਹੁਤ ਘੱਟ ਰਹਿ ਜਾਣ ਦੇ ਬਾਵਜੂਦ ਕਾਂਗਰਸ ਨੇ ਆਪਣੇ ਸਾਰੇ ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਫਿਲਹਾਲ ਵੀ ਨਹੀਂ ਕੀਤਾ ਹੈ, ਜਦਕਿ ਆਮ ਆਦਮੀ ਪਾਰਟੀ, ਬਸਪਾ ਅਤੇ ਅਕਾਲੀ ਦਲ ਆਪਣੇ ਸਾਰੇ ਉਮੀਦਵਾਰਾਂ ਦਾ ਐਲਾਨ ਕਰ ਚੁੱਕੇ ਹਨ। ਕਾਂਗਰਸ ਦੇ 39 ਹਲਕਿਆਂ ਤੋਂ ਫਿਲਹਾਲ ਉਮੀਦਵਾਰ ਐਲਾਨ ਕਰਨੇ ਰਹਿੰਦੇ ਹਨ।

## ਤਿਕੋਨੇ ਮੁਕਾਬਲੇ ਕਾਰਨ ਇਸ ਵਾਰ ਪੰਜਾਬ ਚੋਣਾਂ ਬਾਰੇ ਸਾਰੇ ਅੰਦਾਜ਼ੇ/ਸਰਵੇਖਣ ਭਰਮ ਪਾਉਣ ਵਾਲੇ ਬਣੇ

### ਜਨਰਲ ਬਨਾਮ ਕੈਪਟਨ ਨੇ ਪਟਿਆਲਾ ਦੀ ਚੋਣ ਕੀਤੀ ਦਿਲਚਸਪ, ਚੋਣ ਪ੍ਰਚਾਰ ਸਿਖਰ ਤੇ ਹੋਣ ਦੇ ਬਾਵਜੂਦ ਆਮ ਜਨਤਾ ਵਿਚ ਦਿਲਚਸਪੀ ਘਟੀ, ਚੋਣ ਵਾਅਦੇ ਅਤੇ ਮੁੱਦਿਆਂ ਪੱਖੋਂ ਸਾਰੀਆਂ ਪਾਰਟੀਆਂ ਕਰ ਰਹੀਆਂ ਨੇ ਲਿਫਾਫੇਬਾਜ਼ੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਕੁਝ ਵੱਖਰਾ ਹੀ ਦੇਖਣ ਨੂੰ ਸਾਹਮਣੇ ਆ ਰਿਹਾ ਹੈ। ਕੰਧਾਂ ਤੇ ਝੰਡੀਆਂ ਨਹੀਂ ਅਤੇ ਨਾ ਹੀ ਬੈਨਰ ਹਨ। ਚੋਣ ਕਮਿਸ਼ਨ ਦੀ ਸਖਤੀ ਦੇ ਕਾਰਨ ਉਮੀਦਵਾਰਾਂ ਨੂੰ ਆਪਣੇ ਹਿਸਾਬ-ਕਿਤਾਬ ਦੀ ਹੀ ਚਿੰਤਾ ਹੋ ਰਹੀ ਹੈ। ਹਾਲਾਂਕਿ ਸਾਰੀਆਂ ਪਾਰਟੀਆਂ ਵੱਲੋਂ ਲੱਗਭੱਗ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਪਰ ਫਿਰ ਵੀ ਕਾਂਗਰਸ ਅਤੇ ਕੁਝ ਛੋਟੀਆਂ ਪਾਰਟੀਆਂ ਹਾਲੇ ਵੀ ਉਮੀਦਵਾਰਾਂ ਦੀ ਲਿਸਟ ਜਾਰੀ ਕਰ ਰਹੀਆਂ ਹਨ।



ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਸਭ ਤੋਂ ਵੱਧ ਦਿਲਚਸਪ ਮੁਕਾਬਲਾ ਪਟਿਆਲਾ ਵਿਧਾਨ ਸਭਾ ਹਲਕੇ ਦਾ ਹੋਵੇਗਾ, ਜਿੱਥੇ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਜੇ. ਜੇ. ਸਿੰਘ ਕੈਪਟਨ ਅਮਰਿੰਦਰ ਸਿੰਘ ਤੋਂ ਵੀ ਪਹਿਲਾਂ ਚੋਣ ਮੈਦਾਨ ਵਿਚ ਡਟ ਗਏ ਹਨ। ਪਟਿਆਲੇ ਦੀਆਂ ਗਲੀਆਂ-ਮੁਹੱਲਿਆਂ ਵਿਚ ਆਪਣੀ ਧਰਮ ਪਤਨੀ ਸਮੇਤ ਘੁੰਮ ਰਹੇ ਜਨਰਲ ਨੇ ਚੋਣਾਂ ਦੀ ਰੌਣਕ ਵਧਾ ਦਿੱਤੀ ਹੈ, ਜਦਕਿ ਕੈਪਟਨ ਅਮਰਿੰਦਰ
**(ਬਾਕੀ ਸਫਾ 18 ਤੇ)**


SAROAY
INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121


## ਬਸਪਾ ਵੱਲੋਂ 19 ਹੋਰ ਉਮੀਦਵਾਰਾਂ ਦੀ ਸੂਚੀ ਜਾਰੀ

**ਜਲੰਧਰ–** ਬਹੁਜਨ ਸਮਾਜ ਪਾਰਟੀ (ਬਸਪਾ) ਨੇ ਵਿਧਾਨ ਸਭਾ ਹਲਕਾ ਆਦਮਪੁਰ ਤੋਂ ਸੇਵਾ ਸਿੰਘ ਰੱਤੂ, ਕਪੂਰਥਲਾ ਤੋਂ ਜਸਵੰਤ ਸਿੰਘ ਭੰਡਾਲ, ਪਟਿਆਲਾ ਰੂਰਲ ਸੁਖਲਾਲ, ਪਟਿਆਲਾ ਸ਼ਹਿਰੀ ਤੋਂ ਸ਼ੰਕਰ ਡਾਲੀਆ, ਨਾਭਾ ਤੋਂ ਜਗਤਾਰ ਸਿੰਘ, ਸਮਰਾਲਾ ਤੋਂ ਦਲਬੀਰ ਸਿੰਘ, ਸਰਦੂਲਗੜ ਤੋਂ ਜਸਵੀਰ ਸਿੰਘ, ਬੁਢਲਾਡਾ ਤੋਂ ਸ਼ੇਰ ਸਿੰਘ, ਅੰਮ੍ਰਿਤਸਰ ਨਾਰਥ ਤੋਂ ਮਨਜੀਤ ਸਿੰਘ ਅਟਵਾਲ, ਜੀਰਾ ਤੋਂ ਸੁਖਵਿੰਦਰ ਸਿੰਘ, ਭੁੱਚੋ ਮੰਡੀ ਤੋਂ ਮੁਮਤਾਜ਼, ਗੁਰਦਾਸਪੁਰ ਤੋਂ ਮੇਜਰ ਸੋਮਨਾਥ, ਸੁਨਾਮ ਤੋਂ ਰਾਮ ਸਿੰਘ, ਕਾਦੀਆਂ ਤੋਂ ਮਹਿੰਦਰ ਸਿੰਘ, ਅਜਨਾਲਾ ਤੋਂ ਬਲਵਿੰਦਰ ਸਿੰਘ ਤੁੰਗ, ਰਾਮਪੁਰਾ ਫੂਲ ਤੋਂ ਅਵਤਾਰ ਸਿੰਘ, ਬਠਿੰਡਾ ਰੂਰਲ ਤੋਂ ਦਵਿੰਦਰ ਪਾਲ ਸਿੰਘ, ਭਦੌੜ ਤੋਂ ਕਰਮਜੀਤ ਸਿੰਘ ਤੇ ਧਰਮਕੋਟ ਤੋਂ ਡਾ. ਜੱਗਾ ਸਿੰਘ ਦੇ ਨਾਂ ਦਾ ਐਲਾਨ ਕੀਤਾ ਗਿਆ ਹੈ।


Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ
510-689-4625
CalBre # 01423409
42820 Albrae St., Fremont, CA 94538


Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619


Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-338-5511
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS


ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES


WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਅਮਰੀਕੀ ਕਾਂਗਰਸ ਲਈ ਚੁਣੇ ਗਏ ਪੰਜ ਭਾਰਤੀ ਅਮਰੀਕੀਆਂ ਦੇ ਸਨਮਾਨ ਲਈ ਵੱਡੀ ਗਿਣਤੀ ਵਿਚ ਭਾਰਤੀ ਇਕੱਠੇ ਹੋਏ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਬੀਤੇ ਦਿਨੀ ਵਾਸ਼ਿੰਗਟਨ ਡੀ ਸੀ ਵਿਚ ਹੋਏ ਭਾਰਤੀਆਂ ਦੇ ਸਾਲਾਨਾ ਸਮਾਗਮ ਵਿਚ ਵੱਡੀ ਗਿਣਤੀ ਵਿਚ ਭਾਰਤੀ ਅਮਰੀਕੀ ਸਿਆਸਤਦਾਨ ਤੇ ਭਾਈਚਾਰੇ ਦੇ ਆਗੂ ਕਾਂਗਰਸੀ ਮੈਂਬਰਾਂ ਤੇ ਓਬਾਮਾ ਪ੍ਰਸਾਸਨ ਦੇ ਅਧਿਕਾਰੀਆਂ ਨਾਲ ਸਾਮਲ ਹੋਏ। ਇਸ ਮੌਕੇ ਪੰਜ ਭਾਰਤੀ ਅਮਰੀਕੀਆਂ ਦਾ ਵੀ ਸਨਮਾਨ ਕੀਤਾ ਗਿਆ ਜਿਹੜੇ ਕਿ ਸਾਲ 2016 ਦੀ ਚੋਣ ਦੌਰਾਨ ਅਮਰੀਕੀ ਸਦਨ ਤੇ ਸੈਨੇਟ ਲਈ ਚੁਣੇ ਗਏ ਸਨ। ਇਹਨਾਂ ਵਿਚ ਰਿਪਬਗਲਕਨ ਐਮੀ ਬੇਰਾ ਜੋ ਕਿ ਤੀਜੀ ਵਾਰ ਕੈਲੀਫੋਰਨੀਆ ਤੋਂ ਚੁਣੇ ਗਏ ਹਨ ਦੇ ਨਾਲ ਨਵੇਂ ਬਣੇ ਮੈਂਬਰ ਵੀ ਸਾਮਲ ਸਨ ਜਿਵੇਂ ਕਿ ਆਰ ਓ ਖੰਨਾ, ਪਰਮੀਲਾ ਜੈਪਾਲ ਤੇ ਰਾਜਾ ਕ੍ਰਿਸਨਾਮੂਰਤੀ। ਨਵੇਂ ਮੈਂਬਰਾਂ ਦੀ ਖੁਸੀ ਦਾ ਟਿਕਾਣਾ ਨਹੀਂ ਸੀ ਤੇ ਉਹ ਇਸ ਸਮਾਗਮ ਕਰਵਾਉਣ ਵਾਲਿਆਂ ਦਾ ਧੰਨਵਾਦ ਕਰ ਰਹੇ ਸਨ ਤੇ ਅਮਰੀਕੀ ਕਾਂਗਰਸਮੈਨ ਬਣਨ 'ਤੇ ਮਾਣ ਮਗਸ਼ੂਸ ਕਰ ਰਹੇ ਸਨ।



ਵਰਜੀਨੀਆ ਤੋਂ ਡੈਮੋਕਰੈਟ ਸੈਨੇਟਰ ਮਾਰਕ ਵਾਰਨਰ ਜੋ ਕਿ ਭਾਰਤੀ ਕੈਕਸ ਦੇ ਸਹਿ ਪ੍ਰਧਾਨ ਹਨ ਵੀ ਇਸ ਸਮਾਗਮ ਵਿਚ ਸਾਮਲ ਹੋਏ ਇਸ ਦੇ ਨਾਲ ਡੈਮੋਕਰੈਟਿਕ ਉਪ ਰਾਸਟਰਪਤੀ ਦੇ ਉਮੀਦਵਾਰ ਟਿਮ ਕੈਨੇ, ਸੈਨੇਟਰ ਡੈਨ ਸੁਲੀਵਾਨ, ਨੈਨਸੀ ਪਲੋਸੀ, ਜੌ ਕਰੋਲੀ, ਕੈਰੋਗਲਨ ਮਾਲੋਨੀ , ਤੁਲਸੀ ਗਬਾਰਡ ਆਦਿ ਕਈ ਸਿਆਸਤਦਾਨ ਸਾਮਲ ਸਨ। ਇਸ ਮੌਕੇ ਵਿਸੇਸ ਤੌਰ 'ਤੇ ਪੁੱਜੇ ਅਮਰੀਕਾ ਵਿਚ ਭਾਰਤੀ ਰਾਜਦੂਤ ਨਵਤੇਜ ਸਰਨਾ ਨੇ ਭਾਰਤੀ ਅਮਰੀਕੀ ਭਾਈਚਾਰੇ ਨਾਲ ਜਾਣ ਪਛਾਣ ਕਰਵਾਈ ਗਈ।

# ਸੈਕਰਾਮੈਂਟੋ, ਕੈਲੀਫੋਰਨੀਆ ਡੈਮੋਕਰੇਟਿਕ ਡੈਲੀਗੇਟ ਤੇ ਐਕਜੀਕਿਊਟਿਵ ਬੋਰਡ ਦੀ ਚੋਣ ਅਟਾਰਨੀ ਅਮਰ ਸ਼ੇਰਗਿੱਲ ਨੇ ਜਿੱਤੀ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਦੇ ਅਸੈਂਬਲੀ ਡਿਸਟ੍ਰਿਕਟ 9 ਵਿਚ ਡੈਮੋਕ੍ਰੇਟਿਵ ਐਕਜੀਕਿਊਟਿਵ ਬੋਰਡ ਤੇ ਡੈਲੀਗੇਟ ਦੀ ਹੋਈ ਇਲੈਕਸ਼ਨ ਵਿਚ ਅਮਰ ਸ਼ੇਰਗਿੱਲ ਜੇਤੂ ਰਿਹਾ। ਇਹਨਾਂ ਉਕਤ ਚੋਣਾਂ ਵਿਚ ਅਮਰ ਸ਼ੇਰਗਿੱਲ ਵਾਲਾ ਸੱਤ ਮੈਂਬਰੀ ਧੜਾ ਜੇਤੂ ਰਿਹਾ ਪਰ ਦੂਸਰੇ ਪਾਸੇ ਐਲਕ ਗਰੋਵ ਦੇ ਮੇਅਰ ਵਾਲੇ ਧੜੇ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਹਨਾਂ ਚੋਣਾਂ ਵਿਚ ਪੰਜਾਬੀ ਖਾਸ ਕਰਕੇ ਸਿੱਖਾਂ ਨੇ ਖਰਾਬ ਮੌਸਮ ਦੇ ਬਾਵਜੂਦ ਵੀ ਦਿਲਚਸਪੀ ਨਾਲ ਸ਼ਮੂਲੀਅਤ ਕੀਤੀ। ਇਸ ਦੌਰਾਨ ਬੋਰਡ ਪ੍ਰਤੀਨਿਧ ਵਜੋਂ ਅਮਰ ਸ਼ੇਰਗਿੱਲ, ਅਟਾਰਨੀ ਐਟ ਲਾਅ ਨੂੰ ਸਭ ਤੋਂ ਵੱਧ 350 ਵੋਟਾਂ ਪਈਆਂ ਤੇ ਡੈਲੀਗੇਟ ਜੋ ਸੱਤ ਚੁਣੇ ਜਾਣੇ ਸਨ, ਵਿਚ ਮਾਈਕ ਹੋਠੀ, ਅਮਰ ਸ਼ੇਰਗਿੱਲ, ਰਿੱਕ ਮਰੀਨੋ, ਮਾਈਕ ਵਾਈਟ ਸਾਈਡ, ਮੈਗੂਅਲ ਕੋਰਡਾਨਾ, ਟਰਿਸਟਨ ਬਰਾਊਨ ਤੇ ਪੀਟਰ ਬਰੋਗਨ ਜੇਤੂ ਰਹੇ। ਇਸ ਮੌਕੇ ਅਮਰ ਸ਼ੇਰਗਿੱਲ ਦੇ ਜੇਤੂ ਰਹਿਣ ਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਉਹਨਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਉਨ੍ਹਾਂ ਭਾਈਚਾਰੇ ਦਾ ਉਹਨਾਂ ਨੂੰ ਵੋਟਾਂ ਪਾਉਣ ਲਈ ਧੰਨਵਾਦ ਕੀਤਾ।

# ਪੰਜਾਬ ਵਿਧਾਨ ਸਭਾ ਲਈ ਨਾਮਜ਼ਦਗੀਆਂ ਆਰੰਭ ਹੋਈਆਂ, ਸਰਗਰਮੀਆਂ ਵੀ ਵਧੀਆਂ

**ਚੰਡੀਗੜ੍ਹ (ਬਿਊਰੋ)–** ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਅਤੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਉਪ ਚੋਣ ਲਈ ਨਾਮਜ਼ਦਗੀਆਂ ਦਾਖ਼ਲ ਕਰਨ ਦਾ ਅਮਲ ਸ਼ੁਰੂ ਹੋ ਗਿਆ। ਚੋਣ ਕਮਿਸ਼ਨ ਨੇ ਵਿਧਾਨ ਸਭਾ ਚੋਣਾਂ ਦਾ ਐਲਾਨ 4 ਜਨਵਰੀ ਨੂੰ ਕਰ ਦਿੱਤਾ ਸੀ ਅਤੇ ਭਲਕੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਨੋਟੀਫਿਕੇਸ਼ਨ ਜਾਰੀ ਹੋਣ ਵਾਲੇ ਦਿਨ ਹੀ ਚੋਣ ਕਮਿਸ਼ਨ ਦੀ ਪੂਰੀ ਟੀਮ ਵਿਧਾਨ ਸਭਾ ਤੇ ਉਪ ਚੋਣ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਭਲਕ ਤੋਂ ਦੋ ਰੋਜ਼ਾ ਦੌਰੇ 'ਤੇ ਚੰਡੀਗੜ੍ਹ ਪਹੁੰਚ ਰਹੀ ਹੈ। ਉਮੀਦਵਾਰਾਂ ਵੱਲੋਂ ਸਵੇਰੇ 11 ਵਜੇ ਤੋਂ ਦੁਪਹਿਰ ਤਿੰਨ ਵਜੇ ਤਕ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾ ਸਕਣਗੇ। ਭਲਕ ਤੋਂ ਸਬੰਧਤ ਵਿਧਾਨ ਸਭਾ ਹਲਕੇ ਦੇ ਰਿਟਰਨਿੰਗ ਅਫ਼ਸਰ ਕੋਲ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਅਮਲ ਸ਼ੁਰੂ ਹੋਵੇਗਾ, ਜੋ 18 ਜਨਵਰੀ ਤਕ ਜਾਰੀ ਰਹੇਗਾ। 19 ਜਨਵਰੀ ਨੂੰ ਕਾਗਜ਼ਾਂ ਦੀ ਪੜਤਾਲ ਹੋਵੇਗੀ ਅਤੇ 21 ਜਨਵਰੀ ਤਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਰਿਟਰਨਿੰਗ ਅਫ਼ਸਰਾਂ ਵੱਲੋਂ 21 ਜਨਵਰੀ ਨੂੰ ਚੋਣ ਨਿਸ਼ਾਨ ਅਲਾਟ ਕੀਤੇ ਜਾਣਗੇ। ਪੰਜਾਬ ਵਿਧਾਨ ਸਭਾ ਤੇ ਅੰਮ੍ਰਿਤਸਰ ਦੀ ਉਪ ਚੋਣ ਲਈ ਵੋਟਾਂ 4 ਫਰਵਰੀ ਨੂੰ ਸਵੇਰੇ 8 ਤੋਂ ਸ਼ਾਮ 5 ਵਜੇ ਤਕ ਪੈਣਗੀਆਂ ਤੇ ਨਤੀਜਿਆਂ ਦਾ ਐਲਾਨ 11 ਮਾਰਚ ਨੂੰ ਕੀਤਾ ਜਾਵੇਗਾ।

ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਬਸਪਾ, ਆਪਣਾ ਪੰਜਾਬ ਪਾਰਟੀ, 'ਆਪ' ਦੇ ਬਾਗ਼ੀ ਸੰਸਦ ਮੈਂਬਰ ਧਰਮਵੀਰ ਗਾਂਧੀ ਦੀ ਅਗਵਾਈ ਹੇਠਲੇ ਫਰੰਟ, ਖੱਬੇ ਫਰੰਟ ਸਮੇਤ ਦਰਜਨ ਤੋਂ ਵੱਧ ਪਾਰਟੀਆਂ ਵੱਲੋਂ ਆਪੋ-ਆਪਣੇ ਉਮੀਦਵਾਰ ਉਤਾਰਨ ਦਾ ਐਲਾਨ ਕੀਤਾ ਗਿਆ ਹੈ। 'ਆਪ' ਨੇ ਪਹਿਲ ਕਰਦਿਆਂ ਸਮੁੱਚੇ 117 ਵਿਧਾਨ ਸਭਾ ਹਲਕਿਆਂ ਤੋਂ ਉਮੀਦਵਾਰ ਐਲਾਨ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਨੇ 93 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਪਾਰਟੀ ਵੱਲੋਂ ਸਿਰਫ਼ ਇੱਕੋ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਦਾ ਐਲਾਨ ਕਰਨਾ ਰਹਿੰਦਾ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਭਲਕੇ ਤਕ 23 ਵਿਧਾਨ ਸਭਾ ਹਲਕਿਆਂ ਤੋਂ ਉਮੀਦਵਾਰ ਐਲਾਨੇ ਜਾਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਕਾਂਗਰਸ ਨੇ ਵੀ ਅਜੇ 39 ਉਮੀਦਵਾਰਾਂ ਦਾ ਫ਼ੈਸਲਾ ਕਰਨਾ ਹੈ। ਤ੍ਰਿਣਮੂਲ ਕਾਂਗਰਸ, ਧਰਮਵੀਰ ਗਾਂਧੀ ਦੇ ਫਰੰਟ, ਬਸਪਾ, ਖੱਬੀਆਂ ਪਾਰਟੀਆਂ, ਆਪਣਾ ਪੰਜਾਬ ਪਾਰਟੀ ਸਮੇਤ ਹੋਰ ਕਈ ਪਾਰਟੀਆਂ ਨੇ ਵੀ ਕੁੱਝ ਹਲਕਿਆਂ ਤੋਂ ਉਮੀਦਵਾਰ ਐਲਾਨੇ ਹਨ। ਅੰਮ੍ਰਿਤਸਰ ਸੰਸਦੀ ਸੀਟ ਦੀ ਉਪ ਚੋਣ ਲਈ ਵੀ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਪ੍ਰੋਗਰਾਮ ਵਿਧਾਨ ਸਭਾ ਚੋਣਾਂ ਦੇ ਸਾਮਾਨ ਹੀ ਹੈ। ਭਾਵ ਭਲਕ ਤੋਂ ਹੀ ਕਾਗਜ਼ ਦਾਖਲ ਕੀਤੇ ਜਾ ਸਕਣਗੇ। ਇਸ ਸੰਸਦੀ ਸੀਟ ਲਈ ਚੋਣ ਲੜਨ ਵਾਲੀਆਂ ਮੁੱਖ ਦਾਅਵੇਦਾਰ ਸਿਆਸੀ ਧਿਰਾਂ ਭਾਜਪਾ, ਕਾਂਗਰਸ ਅਤੇ 'ਆਪ' ਨੇ ਅਜੇ ਤਾਈਂ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ। ਪੰਜਾਬ 'ਚ ਚੋਣਾਂ ਦੇ ਐਲਾਨ ਬਾਅਦ ਹੀ ਮੈਦਾਨ ਭਖ ਗਿਆ ਸੀ। ਹੁਣ ਨਾਮਜ਼ਦਗੀ ਪੱਤਰ ਦਾਖ਼ਲ ਹੋਣ ਦਾ ਅਮਲ ਸ਼ੁਰੂ ਹੋਣ ਬਾਅਦ ਸਿਆਸੀ ਮਾਹੌਲ ਹੋਰ ਵੀ ਗਰਮ ਹੋਣ ਦੇ ਆਸਾਰ ਬਣ ਗਏ ਹਨ। ਸਿਆਸੀ ਧਿਰਾਂ ਦਰਮਿਆਨ ਤੋਹਮਤਬਾਜ਼ੀ ਵੀ ਤਿੱਖੀ ਹੋਣ ਲੱਗੀ ਹੈ।

# 350ਵੇਂ ਪ੍ਰਕਾਸ਼ ਪੁਰਬ ਮੌਕੇ ਲਾਮਿਸਾਲ ਪ੍ਰਬੰਧਾਂ ਲਈ ਸ਼ੋਮਣੀ ਕਮੇਟੀ ਕਰੇਗੀ ਨਿਤੀਸ਼ ਦਾ ਸਨਮਾਨ

**ਚੰਡੀਗੜ੍ਹ (ਬਿਊਰੋ)–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਕੀਤੇ ਲਾਮਿਸਾਲ ਪ੍ਰਬੰਧਾਂ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਦਾ ਸਨਮਾਨ ਕਰੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਉਹ ਜਲਦੀ ਹੀ ਕਮੇਟੀ ਦੀ ਮੀਟਿੰਗ ਸੱਦ ਕੇ ਸਨਮਾਨ ਸਮਾਗਮ ਦੀ ਰੂਪਰੇਖਾ ਤਿਆਰ ਕਰਨਗੇ।

ਉਨ੍ਹਾਂ ਕਿਹਾ ਕਿ ਪਿਛਲੇ ਹਫ਼ਤੇ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਪਟਨਾ ਸਾਹਿਬ ਗਏ ਹਰੇਕ ਸਿੱਖ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਨ੍ਹਾਂ ਦੀ ਸਰਕਾਰ ਵੱਲੋਂ ਸਮਾਗਮਾਂ ਨੂੰ ਸਫ਼ਲ ਤੇ ਯਾਦਗਾਰੀ ਬਣਾਉਣ ਲਈ ਕੀਤੇ ਪ੍ਰਬੰਧਾਂ ਲਈ ਉਨ੍ਹਾਂ ਦੀ ਤਾਰੀਫ਼ ਕੀਤੀ ਹੈ।

ਉਨ੍ਹਾਂ ਕਿਹਾ,'ਮੈਂ ਸਮਾਗਮਾਂ ਦੇ ਆਖਰੀ ਦਿਨ ਨਿਤੀਸ਼ ਕੁਮਾਰ ਨੂੰ ਨਿੱਜੀ ਤੌਰ 'ਤੇ ਮਿਲ ਕੇ ਉਨ੍ਹਾਂ ਦਾ ਧੰਨਵਾਦ ਕੀਤਾ, ਪਰ ਅਜੇ ਇਸ ਪਾਸੇ ਹੋਰ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ।' ਸ੍ਰੀ ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨਿਤੀਸ਼ ਕੁਮਾਰ ਦੇ ਸਨਮਾਨ ਲਈ ਅੰਮ੍ਰਿਤਸਰ ਵਿੱਚ ਵੱਡਾ ਸਮਾਗਮ ਆਯੋਜਿਤ ਕਰੇਗੀ।

# ਜੰਙ ਬੂਹੇ 'ਤੇ, ਪਿਓ-ਪੁੱਤ ਡਾਂਗੋ-ਡਾਂਗੀ

**ਲਖਨਊ (ਬਿਊਰੋ)–** ਯੂਪੀ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਆਪਣੇ ਪਿਤਾ ਤੇ ਸਮਾਜਵਾਦੀ ਪਾਰਟੀ ਦੇ ਬਾਨੀ ਮੁਲਾਇਮ ਸਿੰਘ ਯਾਦਵ ਨਾਲ ਇਥੇ ਮੁਲਾਕਾਤ ਕੀਤੀ। ਇਸ ਨਾਲ ਸੱਤਾਧਾਰੀ ਪਾਰਟੀ ਦੇ ਵਿਰੋਧੀ ਧੜਿਆਂ ਵਿੱਚ ਸੁਲ੍ਹਾ ਦੇ ਸੰਕੇਤ ਮਿਲੇ ਹਨ। ਮੁਲਾਇਮ ਸਿੰਘ ਵੱਲੋਂ ਕੱਲ੍ਹ ਅਖਿਲੇਸ਼ ਬਾਰੇ ਸੁਰ ਨਰਮ ਕੀਤੇ ਜਾਣ ਬਾਅਦ ਅੱਜ ਪਿਉ-ਪੁੱਤ ਵਿਚਾਲੇ 90 ਮਿੰਟ ਮੀਟਿੰਗ ਹੋਈ।



ਪਾਰਟੀ ਅੰਦਰਲੇ ਸੂਤਰਾਂ ਮੁਤਾਬਕ ਇਸ ਮੀਟਿੰਗ ਵਿੱਚ ਸ਼ਿਵਪਾਲ ਯਾਦਵ ਅਤੇ ਰਾਜ ਸਭਾ ਮੈਂਬਰ ਅਮਰ ਸਿੰਘ, ਜਿਸ ਨੂੰ ਯਾਦਵ ਖਾਨਦਾਨ ਵਿੱਚ ਅਕਸਰ ਬਾਹਰੀ ਦੱਸਿਆ ਜਾਂਦਾ ਹੈ, ਹਾਜ਼ਰ ਨਹੀਂ ਸਨ। ਬੈਠਕ ਬਾਅਦ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੱਤੇ ਬਗ਼ੈਰ ਅਖਿਲੇਸ਼ ਆਪਣੇ ਸਰਕਾਰੀ ਨਿਵਾਸ 'ਚ ਚਲੇ ਗਏ। ਅੱਜ ਦੀ ਬੈਠਕ ਮੁਲਾਇਮ ਦੇ ਨਰਮ ਰੁਖ਼ ਬਾਅਦ ਹੋਈ ਹੈ। ਮੁਲਾਇਮ ਨੇ ਕੱਲ੍ਹ ਰਾਤ ਕਿਹਾ ਸੀ, 'ਚੋਣਾਂ ਬਾਅਦ ਅਖਿਲੇਸ਼ ਮੁੱਖ ਮੰਤਰੀ ਬਣੇਗਾ। ਇਸ ਬਾਰੇ ਕੋਈ ਰੌਲਾ ਨਹੀਂ ਹੈ।' ਦ ਸਣਯੋਗ ਹੈ ਕਿ ਪਿਛਲੇ ਹਫ਼ਤੇ ਵੀ ਪਿਉ-ਪੁੱਤ ਵਿਚਾਲੇ ਬੈਠਕ ਹੋਈ ਸੀ ਪਰ ਪਾਰਟੀ ਵਿੱਚ ਜੰਗ ਬੰਦੀ ਹੋਣ ਬਜਾਏ ਅਖਿਲੇਸ਼ ਨੂੰ ਮੁਲਾਇਮ ਦੀ ਜਗ੍ਹਾ ਪਾਰਟੀ ਦਾ ਕੌਮੀ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ ਸੀ। ਪਾਰਟੀ ਆਬਜ਼ਰਵਰਾਂ ਦਾ ਕਹਿਣਾ ਹੈ ਕਿ ਸ਼ਿਵਪਾਲ ਤੇ ਅਮਰ ਸਿੰਘ ਦੀ ਗ਼ੈਰਮੌਜੂਦਗੀ ਕਾਰਨ ਅੱਜ ਦੀ ਬੈਠਕ ਨੂੰ ਕਾਫ਼ੀ ਅਹਿਮਤ ਨਾਲ ਦੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਾਇਦ ਮੁਲਾਇਮ ਸਿੰਘ ਇਕ ਵਾਰ ਹੀ ਸਾਰਾ ਮਾਮਲਾ ਨਿਬੇੜਨਾ ਚਾਹੁੰਦੇ ਹਨ। ਅਖਿਲੇਸ਼ ਵੱਲੋਂ ਆਪਣੇ ਚਾਚੇ ਸ਼ਿਵਪਾਲ ਅਤੇ ਰਾਜ ਸਭਾ ਮੈਂਬਰ ਅਮਰ ਸਿੰਘ ਖ਼ਿਲਾਫ਼ ਮੁਲਾਇਮ ਨੂੰ ਭੜਕਾਉਣ ਦੇ ਦੋਸ਼ ਲਾਏ ਜਾਂਦੇ ਰਹੇ ਹਨ ਅਤੇ ਇਨ੍ਹਾਂ ਦੋਹਾਂ ਨੂੰ ਪਾਰਟੀ ਦੇ ਫ਼ੈਸਲਿਆਂ ਤੋਂ ਲਾਂਭੇ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

# ਕਾਂਗਰਸ ਵੱਲੋਂ ਖੇਤੀ ਕਰਜ਼ੇ ਮੁਆਫ਼ ਕਰਨ, ਮਹੀਨੇ 'ਚ ਨਸ਼ਿਆਂ ਦੇ ਖ਼ਾਤਮੇ ਦਾ ਵਾਅਦਾ

## ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਹੇਠ ਕੈਪਟਨ ਨੇ ਜਾਰੀ ਕੀਤਾ ਚੋਣ ਮਨੋਰਥ ਪੱਤਰ

**ਨਵੀਂ ਦਿੱਲੀ (ਬਿਊਰੋ)–** ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨੇ ਇਥੇ ਚੋਣ ਮਨੋਰਥ ਪੱਤਰ ਜਾਰੀ ਕਰ ਦਿੱਤਾ ਜਿਸ 'ਚ ਪਾਰਟੀ ਦੀ ਸਰਕਾਰ ਬਣਨ 'ਤੇ ਚਾਰ ਹਫ਼ਤਿਆਂ ਅੰਦਰ ਨਸ਼ੇ ਖ਼ਤਮ ਕਰਨ, ਖੇਤੀ ਕਰਜ਼ੇ ਮੁਆਫ਼ ਕਰਨ, ਮੁਫ਼ਤ ਬਿਜਲੀ ਦੇਣ, ਦਰਿਆਈ ਪਾਣੀ ਹੋਰ ਕਿਸੇ ਨੂੰ ਨਾ ਦੇਣ, ਨੌਜਵਾਨਾਂ ਨੂੰ 2500 ਰੁਪਏ ਬੇਰੁਜ਼ਗਾਰੀ ਭੱਤਾ, ਮਹਿਲਾਵਾਂ ਨੂੰ ਸਰਕਾਰੀ ਨੌਕਰੀਆਂ ਵਿੱਚ 33 ਫ਼ੀਸਦੀ ਰਾਖਵਾਂਕਰਨ ਦੇਣ, ਲੜਕੀਆਂ ਲਈ ਪਹਿਲੀ ਤੋਂ ਪੀਐਚਡੀ ਤਕ ਮੁਫ਼ਤ ਸਿੱਖਿਆ ਆਦਿ ਜਿਹੇ ਅਹਿਮ ਵਾਅਦੇ ਕੀਤੇ ਗਏ ਹਨ।

ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੋਸ਼ ਲਾਇਆ ਕਿ ਪਿਛਲੇ 10 ਸਾਲਾਂ 'ਚ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਨੂੰ ਤਬਾਹ ਕਰ ਕੇ ਰੱਖ ਦਿੱਤਾ ਜਿਸ ਨੂੰ ਲੀਹ 'ਤੇ ਲਿਆਉਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਦੀ ਲੋੜ ਹੈ। ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਸੂਬੇ 'ਚ ਸਰਕਾਰ ਬਣਨ 'ਤੇ ਪੰਜ ਸਾਲਾਂ ਅੰਦਰ 25 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਉਨ੍ਹਾਂ ਨਸ਼ੇ ਅਤੇ ਭ੍ਰਿਸ਼ਟਾਚਾਰ 'ਤੇ ਸਖ਼ਤ ਕਾਰਵਾਈ ਦੇ ਵਾਅਦੇ ਨਾਲ ਹੀ 90 ਦਿਨਾਂ ਅੰਦਰ ਨਵੀਂ ਸਨਅਤੀ ਨੀਤੀ ਲਿਆਉਣ, ਵੀਆਈਪੀ ਸਭਿਆਚਾਰ ਖ਼ਤਮ ਕਰਨ ਅਤੇ ਆਰਥਿਕ ਸੁਧਾਰਾਂ ਦਾ ਵੀ ਵਾਅਦਾ ਕੀਤਾ। ਸਤਲੁਜ ਯਮੁਨਾ ਲਿੰਕ ਨਹਿਰ ਮੁੱਦੇ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਕੋਲ ਹੋਰਾਂ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ ਅਤੇ ਸਰਕਾਰ ਬਣਨ ਤੋਂ ਬਾਅਦ ਵਿਧਾਨ ਸਭਾ 'ਚ ਸੂਬੇ ਦਾ ਪਾਣੀ ਕਿਸੇ ਹੋਰ ਨੂੰ ਨਾ ਦੇਣ ਲਈ ਕਾਨੂੰਨ ਪਾਸ ਕੀਤਾ ਜਾਵੇਗਾ। ਕੈਪਟਨ ਨੇ ਕਿਹਾ ਕਿ ਰਾਜਿੰਦਰ ਕੌਰ ਭੱਠਲ ਦੀ ਅਗਵਾਈ ਹੇਠ ਟੀਮ ਨੇ ਛੇ ਮਹੀਨੇ ਲਾ ਕੇ ਮੈਨੀਫੈਸਟੋ ਤਿਆਰ ਕੀਤਾ ਹੈ ਅਤੇ ਇਸ 'ਚ ਮਨਮੋਹਨ ਸਿੰਘ ਕੋਲੋਂ ਵੀ ਰਾਇ ਲਈ ਗਈ ਹੈ। ਮੈਨੀਫੈਸਟੋ 'ਚ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ, ਪੁਲੀਸ ਅਧਿਕਾਰੀਆਂ ਅਤੇ ਸਿਆਸਤਦਾਨਾਂ ਨੂੰ ਨਾ ਬਖਸ਼ਣ ਤੇ 30 ਦਿਨਾਂ ਅੰਦਰ ਹੀ ਨਸ਼ੇ ਦੇ ਵਪਾਰੀਆਂ ਦੀਆਂ ਜਾਇਦਾਦਾਂ ਕੁਰਕ ਕਰਨ ਅਤੇ ਹਰ ਸਾਲ 5 ਫ਼ੀਸਦੀ ਸ਼ਰਾਬ ਦੇ ਠੇਕੇ ਘਟਾਉਣ ਸਮੇਤ ਨੌਜਵਾਨਾਂ ਨਾਲ ਵਾਅਦੇ ਕੀਤੇ ਗਏ ਹਨ। ਨੌਜਵਾਨਾਂ ਲਈ ਹੁਨਰਮੰਦੀ, ਸ਼ਹੀਦ ਭਗਤ ਸਿੰਘ ਰੁਜ਼ਗਾਰ ਯੋਜਨਾ ਸ਼ੁਰੂ ਕਰਨ, ਰਿਆਇਤੀ ਦਰ 'ਤੇ 1 ਲੱਖ ਟੈਕਸੀਆਂ, ਵਪਾਰਕ ਵਾਹਨ ਮੁਹੱਈਆ ਕਰਵਾਉਣਾ, 25000 ਟਰੈਕਟਰ, ਰਜਿਸਟਰਡ ਬੇਰੁਜ਼ਗਾਰਾਂ ਨੂੰ 2500 ਰੁਪਏ ਭੱਤਾ ਦੇਣਾ, ਸਨਅਤੀ ਇਕਾਈਆਂ ਨੂੰ 5 ਰੁਪਏ ਤਕ ਬਿਜਲੀ ਦੇਣਾ, ਜਲੰਧਰ ਵਿੱਚ ਨਵੇਂ ਫੋਕਲ ਪੁਆਇੰਟ ਰਾਹੀਂ ਖੇਡਾਂ ਦਾ ਸਮਾਨ ਤੇ ਖੋਜ ਕੇਂਦਰ ਸਥਾਪਤ ਕਰਨਾ, ਕਪਾਹ ਸਨਅਤ ਤੇ ਸ਼ੈਲਰ ਸਨਅਤ ਨੂੰ ਉਤਸ਼ਾਹਤ ਕਰਨ, ਸਨਅਤੀ ਫੰਡ 1000 ਕਰੋੜ ਕਰਨ, ਐਡਵਾਂਸ ਕਰ ਹਟਾਉਣ ਅਤੇ ਵਪਾਰ ਸੈੱਲ ਸਥਾਪਤ ਕਰਨ ਦੇ ਵਾਅਦੇ ਕੀਤੇ ਗਏ ਹਨ। ਕਿਸਾਨਾਂ ਨਾਲ ਕੀਤੇ ਗਏ ਵਾਅਦਿਆਂ ਵਿੱਚ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਯੋਜਨਾ ਜਾਰੀ ਰੱਖਣ, ਜ਼ਮੀਨਾਂ ਦੀ ਕੁਰਕੀ ਰੋਕਣ ਲਈ ਨਵਾਂ ਕਾਨੂੰਨ, ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਲਈ 10 ਲੱਖ ਰੁਪਏ, ਕਿਸਾਨਾਂ ਲਈ ਪੈਨਸ਼ਨ ਯੋਜਨਾ, ਫ਼ਸਲ ਬੀਮਾ ਲਾਗੂ ਕਰਨਾ ਆਦਿ ਵਾਅਦੇ ਸ਼ਾਮਲ ਹਨ। ਕਾਂਗਰਸ ਨੇ ਦਲਿਤਾਂ ਅਤੇ ਓਬੀਸੀ ਵਰਗ ਨੂੰ ਰਿਝਾਉਣ ਲਈ ਰਾਖਵਾਂਕਰਨ ਵਧਾ ਕੇ 12 ਤੋਂ 15 ਫ਼ੀਸਦੀ ਕਰਨ, 5 ਲੱਖ ਤੋਂ ਘੱਟ ਦੀ ਆਮਦਨ ਵਾਲਿਆਂ ਨੂੰ ਮੁਫ਼ਤ ਘਰ ਜਾਂ 5 ਮਰਲਾ ਜ਼ਮੀਨ, ਰਾਖਵਾਂਕਰਨ ਤਹਿਤ ਐਸੀਸੀ ਵਰਗ ਦੇ ਪਰਿਵਾਰ ਦੇ ਇਕ ਵਿਅਕਤੀ ਨੂੰ ਨੌਕਰੀ ਦੇਣੀ, ਸਿੱਖਿਆ ਸੰਸਥਾਵਾਂ ਵਿੱਚ ਓਬੀਸੀ ਵਿਦਿਆਰਥੀਆਂ ਦਾ ਕੋਟਾ 5 ਤੋਂ ਵਧਾ ਕੇ 10 ਫ਼ੀਸਦੀ ਕਰਨਾ, ਜੀਡੀਪੀ ਦਾ 6 ਫ਼ੀਸਦੀ ਸਿੱਖਿਆ ਉਪਰ ਖਰਚਣਾ, ਘੱਟ ਗਿਣਤੀਆਂ ਨੂੰ ਸਵੈ ਰੁਜ਼ਗਾਰ ਲਈ ਕਰਜ਼ਾ ਮੁਆਫ਼ੀ, ਠੇਕੇ 'ਤੇ ਰੱਖੇ ਅਧਿਆਪਕ ਪੱਕੇ ਕਰਨ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ, ਸਰਕਾਰੀ ਕਾਲਜਾਂ ਅੰਦਰ ਗ਼ਰੀਬਾਂ, ਐਸਸੀ, ਓਬੀਸੀ, ਵਿਦਿਆਰਥੀਆਂ ਲਈ 33 ਫ਼ੀਸਦੀ ਸੀਟਾਂ ਰਾਖਵੀਆਂ ਕਰਨ ਦੇ ਵਾਅਦੇ ਕੀਤੇ ਗਏ ਹਨ। ਔਰਤਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ 'ਸੰਕਟ ਕੇਂਦਰ' ਬਣਾਉਣ ਸਮੇਤ ਸਿਹਤ, ਸੈਰ ਸਪਾਟਾ, ਪੇਂਡੂ ਅਤੇ ਸ਼ਹਿਰੀ ਵਿਕਾਸ, ਸਰਹੱਦੀ ਇਲਾਕਿਆਂ ਦੇ 30 ਕਿਲੋਮੀਟਰ ਦੇ ਦਾਇਰੇ ਵਾਲੇ ਲੋਕਾਂ ਨੂੰ ਸਰਕਾਰੀ ਨੌਕਰੀਆਂ 'ਚ 3 ਫ਼ੀਸਦੀ ਰਾਖਵਾਂਕਰਨ ਦੇਣਾ, ਟਰਾਂਸਪੋਰਟ ਲਈ ਨਿਰਪੱਖਤਾ ਪੂਰਵਕ ਲਾਇਸੈਂਸ ਜਾਰੀ ਕਰਨੇ, ਖੇਡਾਂ ਨੂੰ ਉਤਸ਼ਾਹਿਤ ਕਰਨਾ, ਐਨਆਰਆਈਜ਼ ਵਾਸਤੇ ਵਿਆਪਕ ਨੀਤੀ, ਰੀਅਲ ਅਸਟੇਟ ਨੂੰ ਇਨਫਰਾਸਟਰੱਕਚਰ ਇੰਡਸਟਰੀ ਵਜੋਂ ਮਾਨਤਾ ਦੇਣਾ ਅਤੇ 31 ਮਾਰਚ 2013 ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਦੀਆਂ ਕਾਲੋਨੀਆਂ ਨੂੰ ਰੈਗੂਲਰ ਕਰਨਾ ਸ਼ਾਮਿਲ ਹੈ।

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੇਫੋਰਨੀਆ (ਸੈਕਰਾਮੈਂਟੋ) ਵੱਲੋਂ ਕਰਵਾਏ ਗਏ ਮਹਾਨ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੀ ਯਾਦ ਵਿਚ ਮੇਲੇ ਨੇ ਛੱਡੀ ਵਿਲੱਖਣ ਛਾਪ

**ਸੈਕਰਾਮੈਂਟੋ (ਪੀ. ਕੇ. ਚੁੰਬਰ)–** ਕੈਲੇਫੋਰਨੀਆ 'ਚ ਸਮੇਂ-ਸਮੇਂ ਗਦਰੀ ਬਾਬਿਆਂ ਦੀ ਯਾਦ ਅੰਦਰ, ਵੱਖ ਵੱਖ ਜਥੇਬੰਦੀਆਂ ਵੱਲੋਂ ਮੇਲੇ ਕਰਵਾਏ ਜਾਂਦੇ ਹਨ। ਸ਼ਾਇਦ ਇਹ ਪਹਿਲਾ ਮੌਕਾ ਹੈ ਕਿ "ਇੰਡੋ ਅਮੇਰੀਕਨ ਦੇਸ਼ ਭਗਤ ਫਾਊਂਡੇਸ਼ਨ ਆਫ਼ ਬੇ-ਏਰੀਆ" ਨੇ 6 ਜਨਵਰੀ ਨੂੰ ਸੈਨਹੋਜੇ 'ਚ "ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੇਫੋਰਨੀਆ" ਨੇ 7 ਜਨਵਰੀ ਨੂੰ ਸੈਕਰਾਮੈਂਟੋ 'ਚ ਅਤੇ 'ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਔਰਗੇਨਾਈਜੇਸ਼ਨ ਆਫ਼ ਯੂਬਾ ਸਿਟੀ" 'ਚ 8 ਜਨਵਰੀ ਨੂੰ ਇੱਕਠਿਆਂ ਸੋਚ ਵਿਚਾਰ ਕੇ ਅਲੱਗ-ਅਲੱਗ ਸ਼ਹਿਰਾਂ ਅੰਦਰ ਲਗਾਤਾਰ ਤਿੰਨ ਦਿਨ ਤਿੰਨੋਂ ਜਥੇਬੰਦੀਆਂ ਨੇ ਕੀਤੇ ਹੋਣ। ਇਨ੍ਹਾਂ ਤਿੰਨਾਂ ਜਥੇਬੰਦੀਆਂ ਨੇ ਆਪਣੇ ਪ੍ਰੋਗਰਾਮਾਂ 'ਚ ਸਿਰਫ਼ ਤੇ ਸਿਰਫ਼ "ਬਾਬਾ ਬੰਦਾ ਸਿੰਘ ਬਹਾਦਰ" ਪ੍ਰਸਿੱਧ ਲੇਖਕ ਤੇ ਫਿਲਮਸਾਜ਼ ਦਵਿੰਦਰ ਦਮਨ ਦੁਆਰਾ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਨਾਟਕ "ਪ੍ਰੋਗਰੈਸਿਵ ਆਰਟ ਐਸੋਸੀਏਸ਼ਨ ਆਫ਼ ਅਲਬਰਟਾ" ਦੀ ਟੀਮ ਦੁਆਰਾ ਖੇਡਿਆ ਗਿਆ।

'ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਕੈਲੇਫੋਰਨੀਆ' ਨੇ 7 ਜਨਵਰੀ ਦਿਨ ਸ਼ਨਿਚਰਵਾਰ ਨੂੰ ਪਰਫਾਰਮਿੰਗ ਆਰਟ ਸੈਂਟਰ ਸ਼ੈਲਡਨ ਹਾਈ ਸਕੂਲ ਸੈਕਰਾਮੈਂਟੋ 'ਚ ਗਦਰੀ ਬਾਬਿਆਂ ਦੀ ਯਾਦ ਅੰਦਰ ਜੋ ਮੇਲਾ ਕਰਵਾਇਆ ਗਿਆ, ਉਸ ਵਿਚ ਵਿਸ਼ੇਸ਼ ਤੌਰ 'ਤੇ ਸਰੀ (ਕੈਨੇਡਾ) ਤੋਂ ਸ. ਨਿਰਮਲ ਸਿੰਘ ਘੁੰਮਣ, ਫਰਿਜ਼ਨੋ ਤੋਂ ਡਾ. ਗੁਰਮੇਲ ਸਿੱਧੂ ਤੇ ਬਜ਼ੁਰਗ ਆਗੂ ਸ. ਗੁਰਦੀਪ ਸਿੰਘ ਅਣਖੀ ਅਤੇ ਸੈਕਰਾਮੈਂਟੋ ਤੋਂ ਸ੍ਰੀ ਮੁਲਖ ਰਾਜ ਸ਼ਰਮਾ ਮੁੱਖ ਬੁਲਾਰੇ ਸਨ। ਇਹਨਾਂ ਤੋਂ ਇਲਾਵਾ ਯੂ. ਕੇ. ਤੋਂ ਰੂਪ ਦਵਿੰਦਰ ਕੌਰ ਅਤੇ ਅਸ਼ੋਕ ਭੌਰਾ ਆਦਿ ਨੂੰ ਵਾਰੋ ਵਾਰੀ ਬੁਲਾਉਣ ਤੋਂ ਪਹਿਲਾਂ ਸਟੇਜ ਦੀ ਸੇਵਾ ਨਿਭਾਅ ਰਹੀ ਬੀਬੀ ਆਸ਼ਾ ਸ਼ਰਮਾ ਜੀ ਨੇ ਸਭ ਨੂੰ ਮੇਲੇ ਅਤੇ ਨਵੇਂ ਸਾਲ ਦੀ ਹਾਰਦਿਕ ਵਧਾਈ ਦਿੱਤੀ। ਇਸ ਉਪਰੰਤ ਸੰਸਥਾ ਦੇ ਜਨਰਲ ਸਕੱਤਰ ਸ. ਜਗਜੀਤ ਸਿੰਘ ਕੰਦੋਲਾ ਨੇ ਪ੍ਰਧਾਨਗੀ ਮੰਡਲੀ ਦੇ ਨਾਵਾਂ ਦਾ ਜ਼ਿਕਰ ਕੀਤਾ ਅਤੇ ਸਟੇਜ ਦੀ ਸੇਵਾ ਜਾਰੀ ਰੱਖਣ ਲਈ ਭੈਣ ਆਸ਼ਾ ਸ਼ਰਮਾ ਜੀ ਨੂੰ ਦਿੱਤੇ।

ਆਸ਼ਾ ਸ਼ਰਮਾ ਨੇ ਸਟੇਜ ਦੀ ਕਾਰਵਾਈ ਅੱਗੇ ਚਲਾਉਂਦਿਆਂ ਸਭ ਤੋਂ ਪਹਿਲਾਂ ਪ੍ਰਸਿੱਧ ਗਾਇਕ ਪੰਮੀ ਮਾਨ ਨੂੰ ਸੱਦਾ ਦਿੱਤਾ। ਉਹਨਾਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਸਬੰਧਤ ਗੀਤ ਗਾਇਆ ਤੇ ਉਸ ਉਪਰੰਤ ਨਾਮਵਰ ਗਾਇਕ ਸ. ਅਨੂਪ ਸਿੰਘ ਚੀਮਾ ਅਤੇ ਸ. ਕੁਲਦੀਪ ਸਿੰਘ ਬੋਹਰਾ ਜੀ ਨੇ ਵੀ ਗੁਰੂ ਗੋਬਿੰਦ ਸਿੰਘ ਜੀ ਸਬੰਧਤ ਗੀਤ ਗਾ ਕੇ ਪ੍ਰੋਗਰਾਮ ਨੂੰ ਗਰਮਾਇਆ। ਡਾ. ਗੁਰਮੇਲ ਸਿੱਧੂ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਕਿਹਾ ਕਿ ਸਾਨੂੰ ਆਪਣੇ ਪ੍ਰਮੁੱਖ ਸ਼ਹੀਦਾਂ ਸ. ਕਰਤਾਰ ਸਿੰਘ ਸਰਾਭਾ ਆਦਿ ਤੋਂ ਇਲਾਵਾ ਹੋਰਨਾਂ ਸ਼ਹੀਦਾਂ ਨੂੰ ਵੀ ਉਨਾ ਹੀ ਯਾਦ ਕਰਨਾ ਚਾਹੀਦਾ ਹੈ ਜੋ ਉਨ੍ਹਾਂ ਦੇ ਨਾਲ ਹੀ ਸ਼ਹੀਦ ਹੋਏ ਸਨ ਅਤੇ ਉਹਨਾ ਬਾਰੇ ਵੀ ਉਨਾ ਹੀ ਲਿਖਣ ਦੀ ਜ਼ਰੂਰਤ ਹੈ। ਅੱਜ ਅਸੀਂ ਉਹਨਾ ਨੂੰ ਵੀ ਯਾਦ ਕਰਨ ਲਈ ਇਕੱਠੇ ਹੋਏ ਹਾਂ। ਸ੍ਰੀ ਮੁਲਖ ਰਾਜ ਸ਼ਰਮਾ ਨੇ ਗਦਰੀ ਬਾਬਿਆਂ ਨੂੰ ਯਾਦ ਕਰਦਿਆਂ, ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਜੋ ਵੀ ਅਸੀਂ ਇੱਥੇ ਇਕੱਤਰ ਹੋਏ ਹਾਂ, ਇਹ ਸਭ ਉਨ੍ਹਾਂ ਗਦਰੀ ਬਾਬਿਆਂ ਦੀ ਆਪਣੇ ਮੁਲਖ ਨੂੰ ਆਜ਼ਾਦ ਕਰਾਉਣ ਦੀਆਂ ਲਾਸਾਨੀ ਕੁਰਬਾਨੀਆਂ ਦਾ ਸਿੱਟਾ ਹੈ।

ਇਸ ਉਪਰੰਤ ਕੈਨੇਡਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਸ. ਨਿਰਮਲ ਸਿੰਘ ਘੁੰਮਣ ਨੇ ਗਦਰੀ ਬਾਬਿਆਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਉਹਨਾਂ ਨੂੰ ਸਲਾਮ ਕੀਤਾ। ਉਹਨਾਂ ਬਾਬਾ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਕਾਇਲ ਹੋਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਚਮਕੌਰ ਦੀ ਜੰਗ, ਜਿੱਤ-ਹਾਰ ਦਾ ਮਸਲਾ ਨਹੀਂ ਸੀ, ਬਲਕਿ ਇਕ ਕਰਬਲਾ ਦਾ ਨਵਾਂ ਰੂਪ ਸੀ। ਚਮਕੌਰ ਅਤੇ ਸਰਹੰਦ ਦੀ ਜੰਗ ਨੂੰ ਕਰਬਲਾ ਦੀ ਲੜਾਈ ਨਾਲ ਤੁਲਨਾ ਕੀਤੀ ਜਾ ਸਕਦੀ ਹੈ, ਕਿ ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਹਜਰਤ ਇਮਾਮ ਹੁਸੈਨ ਅਤੇ ਉਸਦੇ ਦੋ ਸਾਥੀਆਂ ਨੂੰ ਇਰਾਕ ਦੇ ਕੂਫਾ ਸ਼ਹਿਰ ਦੇ ਨਜ਼ਦੀਕ ਦਰਿਆ ਫਰਾਤ ਦੇ ਕਿਨਾਰੇ ਕਰਬਲਾ ਦੇ ਮੈਦਾਨ ਵਿਚ ਤਿੰਨ ਦਿਨ ਪਿਆਸੇ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਚਮਕੌਰ ਅਤੇ ਸਰਹੰਦ ਦੀ ਲੜਾਈ ਇਕ ਪਾਸੜ ਕਹੀ ਜਾ ਸਕਦੀ ਹੈ, ਕਿਉਂਕਿ ਇਕ ਪਾਸੇ ਗਿਣਤੀ ਦੇ ਹੀ ਸਿੰਘ ਸਨ ਅਤੇ ਦੂਜੇ ਪਾਸੇ ਲੱਖਾਂ ਦੀ ਗਿਣਤੀ ਮੁਗਲ ਫੌਜ ਸੀ।

ਉਹਨਾਂ ਇਸ ਤੋਂ ਇਲਾਵਾ ਬੜੇ ਦੁੱਖੀ ਹਿਰਦੇ ਨਾਲ ਕਿਹਾ ਕਿ ਅੱਜ ਜੋ ਪੰਜਾਬ ਅੰਦਰ ਛੇਵਾਂ ਦਰਿਆ ਨਸ਼ਿਆਂ ਦਾ ਵੱਗ ਰਿਹਾ ਹੈ, ਬੜਾ ਦੁਖਦਾਈ ਹੈ।

ਪਹਿਲਾਂ ਕੋਈ ਸਮਾਂ ਸੀ ਜਦੋਂ ਲੜਕੀ ਦਾ ਰਿਸ਼ਤਾ ਕਰਨ ਵਕਤ ਪੁੱਛਿਆ ਕਰਦੇ ਸੀ ਕਿ ਮੁੰਡਾ ਕਿੰਨਾ ਪੜ੍ਹਿਆ-ਲਿਖਿਆ ਤੇ ਕੀ ਕਰਦਾ ਹੈ। ਤਾਂ ਅੱਜ ਸਾਨੂੰ ਪਹਿਲਾਂ ਇਹ ਪੁੱਛਣਾ/ਦੇਖਣਾ ਪੈਂਦਾ ਹੈ ਕਿ ਮੁੰਡਾ ਕਿਸੇ ਕਿਸਮ ਦਾ ਨਸ਼ਾ ਤਾਂ ਨਹੀਂ ਕਰਦਾ। ਸੋ, ਲੋੜ ਹੈ ਆਪਣੀ ਔਲਾਦ ਨੂੰ ਨਸ਼ਿਆਂ ਦੀ ਲਾਹਨਤ ਤੋਂ ਬਚਾਉਣ ਦੀ।

ਫਰਿਜ਼ਨੋ ਤੋਂ ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਏ ਹੋਏ ਬਜ਼ੁਰਗ ਆਗੂ ਸ. ਗੁਰਦੀਪ ਸਿੰਘ ਅਣਖੀ ਨੇ ਵੀ ਗਦਰੀ ਬਾਬਿਆਂ ਨੂੰ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਲਾਮ ਕਰਦਿਆਂ ਯਾਦ ਕਰਦੇ ਰਹਿਣ ਲਈ ਵਚਨਬੱਧਤਾ ਦੁਹਰਾਈ ਅਤੇ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ 'ਚ ਢਾਲਣ ਲਈ ਸੱਦਾ ਦਿੱਤਾ।

ਅਖੀਰ 'ਚ ਦਵਿੰਦਰ ਦਮਨ ਦੁਆਰਾ ਲਿਖਿਆ ਅਤੇ ਨਿਰਦੇਸ਼ਿਤ ਨਾਟਕ 'ਬਾਬਾ ਬੰਦਾ ਸਿੰਘ ਬਹਾਦਰ' ਸਫਲਤਾ ਪੂਰਵਕ ਖੇਡਿਆ ਗਿਆ, ਜਿਸਨੂੰ ਸਰੋਤਿਆਂ ਨੇ ਬੜੀ ਹੀ ਇਕਾਗਰਤਾ ਨਾਲ ਦੇਖਿਆ। ਸਰੋਤਿਆਂ ਨੇ ਮੁਕੰਮਲ ਮੇਲੇ ਦੀ ਸ਼ਲਾਘਾ ਕਰਦਿਆਂ ਕਹਿੰਦੇ ਸੁਣਿਆ ਗਿਆ ਕਿ ਅਜਿਹੇ ਮੇਲੇ ਲੱਗਦੇ ਰਹਿਣੇ ਚਾਹੀਦੇ ਹਨ ਤੇ ਮੇਲੇ ਲਗਾਉਣ ਵਾਲਿਆਂ ਦਾ ਸਾਥ ਦਿੰਦੇ ਰਹਿਣਾ ਸਾਡਾ ਫਰਜ਼ ਵੀ ਹੈ।

ਮੇਲੇ ਦੌਰਾਨ ਕੁਝ ਉਚੇਚੇ ਤੌਰ ਤੇ ਪੁੱਜੇ ਉਘੇ ਸਮਾਜ ਸੇਵੀ ਡਾ. ਐਸ. ਪੀ. ਸਿੰਘ ਉਬਰਾਏ ਜੋ ਕਿ ਅਲੱਗ-ਅਲੱਗ ਜਥੇਬੰਦੀਆਂ ਦੇ ਮੈਂਬਰ ਅਤੇ ਸਲਾਹਕਾਰ ਵੀ ਹਨ, ਨੇ ਪ੍ਰਬੰਧਕ ਕਮੇਟੀ ਤੇ ਸਰੋਤਿਆਂ ਨਾਲ ਆਪਣੀ ਸਾਂਝ ਪਾਉਂਦਿਆਂ ਦਿਲੀ ਹਾਰਦਿਕ ਵਧਾਈ ਦਿੱਤੀ। ਉਨ੍ਹਾਂ ਤੋਂ ਇਲਾਵਾ ਡਾ. ਜਸਬੀਰ ਸਿੰਘ ਗਿੱਲ ਜੀ ਨੇ ਵੀ ਉਚੇਚੇ ਤੌਰ 'ਤੇ ਹਾਜ਼ਰੀ ਭਰਦਿਆਂ ਪ੍ਰਬੰਧਕਾਂ ਦੀ ਹਿੰਮਤ ਦੀ ਦਾਦ ਦਿੰਦਿਆਂ ਦਿਲੀ ਹਾਰਦਿਕ ਵਧਾਈ ਦਿੱਤੀ। ਇਸ ਮੌਕੇ ਵੱਖ ਵੱਖ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।

ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਨ ਡਾ. ਜਸਬੀਰ ਸਿੰਘ ਗਿੱਲ, ਸੁਰਜੀਤ ਸਿੰਘ ਅਟਵਾਲ। ਪ੍ਰੋਗਰਾਮ ਦਰਮਿਆਨ ਸਾਮਲ ਸਖਸੀਅਤਾਂ ਡਾ. ਜਸਬੀਰ ਸਿੰਘ ਗਿੱਲ, ਜੈਸੀ ਅਟਵਾਲ, ਰਣਵੀਰ ਸਿੰਘ ਸੰਧੂ ਮੰਡੇਰਾ, ਮਲਕੀਤ ਸਿੰਘ ਸੰਧੂ, ਅਵਤਾਰ ਸਿੰਘ ਤਾਰੀ, ਰਛਪਾਲ ਸਿੰਘ ਫਰਵਾਲਾ, 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ,ਹਰਭਜਨ ਸਿੰਘ ਸਹੋਤਾ, ਬਹਾਦਰ ਸਿੰਘ ਚੀਮਾ, ਪਰਮਜੀਤ ਭੁੱਟਾ, ਅਮਰੀਕ ਸਿੰਘ ਖੁੰਡਲੀਆਂ, ਅਜੀਤ ਸਿੰਘ ਸਰਪੰਚ (ਸਿੰਬਲ ਮਜਾਰਾ), ਮਹਿੰਦਰ ਸਿੰਘ ਢਾਅ, ਮੱਖਣ ਸਿੰਘ ਬਾਸੀ, ਨਛੱਤਰ ਸਿੰਘ ਸਰਾਂਅ, ਮਹਿੰਦਰ ਸਿੰਘ ਸਰਾਂ, ਸੁਰਿੰਦਰ ਸਿੰਘ ਮੰਡਾਲੀ, ਚੀਨਾ ਜਿਊਲਰਜ਼, ਜੈਸੀ ਅਟਵਾਲ (ਅਟਾਰਨੀ ਐਟ ਲਾਅ) ਅਤੇ ਸ਼ਿੰਗਾਰਾ ਰਾਮ ਆਦਿ ਸ਼ਾਮਲ ਹੋਏ। ਅੱਜ ਦੇ ਮੇਲੇ ਦੌਰਾਨ ਗਰਮਾ-ਗਰਮ ਚਾਹ, ਪਕੌੜੇ, ਛੋਲੇ-ਭਟੂਰੇ, ਭਾਂਤ-ਭਾਂਤ ਦੀਆਂ ਮਠਿਆਈਆਂ ਤੋਂ ਇਲਾਵਾ ਫਰੂਟ ਆਦਿ ਦੇ ਲੰਗਰ ਲਗਾਏ ਗਏ। ਮੇਲੇ ਦੀ ਸਫਲਤਾ ਲਈ ਪ੍ਰਬੰਧਕ ਕਮੇਟੀ ਵੱਲੋਂ ਸਰਵ ਸ੍ਰੀ ਕੁਲਦੀਪ ਸਿੰਘ (ਚੇਅਰਮੈਨ), ਜਗਜੀਤ ਸਿੰਘ ਕੰਦੋਲਾ (ਜਨਰਲ ਸਕੱਤਰ), ਸੁਰਜੀਤ ਸਿੰਘ ਅਟਵਾਲ (ਪ੍ਰਧਾਨ), ਜਰਨੈਲ ਸਿੰਘ ਮੰਡੇਰ (ਮੀਤ ਪ੍ਰਧਾਨ), ਸਤਬੀਰ ਸਿੰਘ ਬਾਜਵਾ (ਮੀਤ ਪ੍ਰਧਾਨ), ਹਰਪਾਲ ਸਿੰਘ ਮਾਨ (ਵਾਈਸ ਚੇਅਰਮੈਨ), ਸਤਿੰਦਰ ਸਿੰਘ ਸਰਹੱਦੀ, ਕਮੇਟੀ ਮੈਂਬਰ ਆਦਿ ਦਾ ਵਿਸ਼ੇਸ਼ ਉਪਰਾਲਾ ਰਿਹਾ ਤੇ ਪ੍ਰਬੰਧਕ ਕਮੇਟੀ ਨੇ ਸਭਨਾਂ ਦਾ ਕੋਟਿ-ਕੋਟਿ ਧੰਨਵਾਦ ਕੀਤਾ। **(ਤਸਵੀਰਾਂ ਸਫਾ 12-13 'ਤੇ)**

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੀ ਖੁਸ਼ੀ 'ਚ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋਈ

**ਸੈਕਰਾਮੈਂਟੋ (ਕੈਲੇਫੋਰਨੀਆ)–** ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਗੁਰਪੁਰਬ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋ ਗਈ ਹੈ। 29 ਦਸੰਬਰ 2016 ਨੂੰ ਸ੍ਰੀ ਸੁੱਖਰਾਮ ਚੰਦੜ ਜੀ ਦੇ ਪਰਿਵਾਰ ਵੱਲੋਂ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਗਿਆ ਅਤੇ 31 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। 30 ਦਸੰਬਰ ਨੂੰ ਸ੍ਰੀ ਬਲਵਿੰਦਰ ਰੱਲ੍ਹ, ਬੀਬੀ ਬਲਜੀਤ ਕੌਰ ਦੇ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਗਏ। 31 ਦਸੰਬਰ ਨੂੰ ਰਾਤ ਨੂੰ ਗੁਰੂ ਘਰ ਵਿਖੇ ਰਾਤ ਦੇ 6 ਵਜੇ ਤੋਂ ਨਵਾਂ ਸਾਲ ਚੜ੍ਹਨ ਤੱਕ 1.30 ਵਜੇ ਤੱਕ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਜਸਪਾਲ ਸਿੰਘ ਜੀ, ਭਾਈ ਨਿਰਮਲ ਸਿੰਘ ਜੀ, ਭਾਈ ਅਮਰਜੀਤ ਸਿੰਘ ਜੀ, ਭਾਈ ਜਸਪਾਲ ਸਿੰਘ ਜੀ ਦੇ ਬੱਚੇ ਬੇਟਾ ਪ੍ਰਭਜੀਤ ਸਿੰਘ, ਬੇਟੀ ਗੁਰਕਿਰਨ ਕੌਰ ਨੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਪਿਟਸਬਰਗ ਤੋਂ ਭਾਈ ਹਰਜਿੰਦਰ ਸਿੰਘ ਰਸੀਆ ਜੀ ਦੇ ਜਥੇ ਨੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ। ਪੰਥ ਪ੍ਰਸਿੱਧ ਕਥਾ ਵਾਚਕ ਭਾਈ ਸਾਹਿਬ ਭਾਈ ਬਲਜੀਤ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸੰਘਰਸ਼, ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਬਾਰੇ ਸਿੱਖ ਇਤਿਹਾਸ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ। ਲੰਗਰਾਂ ਦੀ ਸੇਵਾ ਸ੍ਰੀ ਸੁੱਖਰਾਮ ਚੰਦੜ ਅਤੇ ਸ੍ਰੀ ਬਲਵਿੰਦਰ ਰੱਲ੍ਹ (ਗੁਰੂ ਘਰ ਦੇ ਚੇਅਰਮੈਨ) ਦੇ ਪਰਿਵਾਰ ਵੱਲੋਂ ਕੀਤੀ ਗਈ।

1 ਜਨਵਰੀ 2017 ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਭਾਈ ਜਸਪਾਲ ਸਿੰਘ ਜੀ, ਭਾਈ ਨਿਰਮਲ ਸਿੰਘ, ਭਾਈ ਦਲਜੀਤ ਸਿੰਘ ਜੀ ਦੇ ਜਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇੰਗਲੈਂਡ ਤੋਂ ਪ੍ਰਸਿੱਧ ਕੀਰਤਨੀ ਜਥਾ ਭਾਈ ਜਸਬੀਰ ਸਿੰਘ ਖਾਲਸਾ ਜੀ ਦੇ ਜਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰੂ ਘਰ ਦੇ ਸੇਵਾਦਾਰ ਭਾਈ ਰਮੇਸ਼ ਬੰਗੜ ਜੀ, ਸ੍ਰੀ ਰਾਜ ਸੂਦ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਸੰਗਤਾਂ ਨੂੰ ਤਨ-ਮਨ-ਧਨ ਨਾਲ ਸਹਿਯੋਗ ਦੇਣ ਦੀ ਬੇਨਤੀ ਕੀਤੀ।

ਸ੍ਰੀ ਅਖੰਡ ਪਾਠ ਦੀ ਲੜੀ ਦੇ ਤਹਿਤ ਸ੍ਰੀ ਆਗਿਆ ਰਾਮ ਚੰਦੜ ਅਤੇ ਪਰਿਵਾਰਾਂ ਵੱਲੋਂ ਸ਼ੁੱਕਰਵਾਰ 6 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ। ਮਿਤੀ 8 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭਾਇਹ ਜਸਪਾਲ ਸਿੰਘ ਜੀ ਦੇ ਜਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।

ਸ੍ਰੀ ਰਮੇਸ਼ ਬੰਗੜ ਜੀ ਵੱਲੋਂ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ 15 ਜਨਵਰੀ ਨੂੰ ਮਨਾਇਆ ਜਾਵੇਗਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀਅਤੇ ਸੰਗਤ ਵੱਲੋਂ 13 ਜਨਵਰੀ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਜਾਣਗੇ ਅਤੇ 15 ਜਨਵਰੀ 2017 ਨੂੰ ਭੋਗ ਪਾਏ ਜਾਣਗੇ। ਗੁਰੂ ਘਰ ਦੇ ਸੇਵਾਦਾਰ ਭਾਈ ਜਸਪਾਲ ਸਿੰਘ ਜੀ ਵੱਲੋਂ ਆਰੰਭ ਕੀਤੇ ਗਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਪ੍ਰਸਿੱਧ ਕੀਰਤਨੀ ਜਥੇ ਅਤੇ ਪ੍ਰਚਾਰਕ ਸੰਗਤਾਂ ਨਾਲ ਸਾਂਝ ਪਾਉਣਗੇ।


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ
ਬੋਲੇ ਸੋ ਨਿਰਭਏ ! ਗੁਰੂ ਰਵਿਦਾਸ ਮਹਾਰਾਜ ਕੀ ਜੈ !

ਦੇਹ ਸ਼ਿਵ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ,
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥



**Sangat Sewadars**

**Chairman**
**Shinder Pal Narabat**

**President**
**Kashmiri Bhatia**

## Sri Guru Ravidass Temple, Pittsburg, CA

**2150 Crestview Drive, Pittsburg CA 94565 (Tel : (925) 439-2355**

**ਲੋਹੜੀ ਦਾ ਦਿਹਾੜਾ**
**13 ਜਨਵਰੀ 2017**

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 13 ਜਨਵਰੀ 2017 ਨੂੰ ਸ਼ਾਮੀ 6.00 ਵਜੇ ਤੋਂ ਦੇਰ ਰਾਤ ਤੱਕ ਲੋਹੜੀ ਦਾ ਦਿਹਾੜਾ ਮਨਾਇਆ ਜਾ ਰਿਹਾ ਹੈ। ਲੋਹੜੀ ਜੋ ਕਿ ਮੌਸਮ ਦਾ ਤਿਉਹਾਰ ਹੈ, ਇਹ ਸਰਦੀਆਂ ਦੇ ਖਾਤਮੇ ਅਤੇ ਬਸੰਤ ਰੁੱਤ ਦੀ ਆਗਮਨ ਦਾ ਦਿਹਾੜਾ ਹੁੰਦਾ ਹੈ। ਲੋਹੜੀ ਕਈ ਰੂਪਾਂ ਵਿਚ ਅਤੇ ਰਵਾਇਤੀ ਤਰੀਕੇ ਨਾਲ ਮਨਾਈ ਜਾਂਦੀ ਹੈ। ਮੌਸਮ ਦਾ ਇਹ ਤਿਉਹਾਰ ਸ਼ਗਨਾਂ ਦਾ ਤਿਉਹਾਰ ਹੈ। ਭਾਰਤ ਵਿਚ ਬੱਚੇ ਸ਼ਾਮ ਨੂੰ ਲੋਹੜੀ ਗਾਉਂਦੇ ਹਨ ਅਤੇ ਦੁੱਲਾ-ਭੱਟੀ ਗਾਇਆ ਜਾਂਦਾ ਹੈ।

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਪਿਟਸਬਰਗ ਵਿਖੇ ਸਾਲਾਨਾ 5ਵੇਂ ਲੋਹੜੀ ਉਤਸਵ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣੇ ਨਵਜੰਮੇ ਬੱਚਿਆਂ ਦੀ ਪਹਿਲੀ ਲੋਹੜੀ ਗੁਰੂ ਘਰ ਵਿਖੇ ਮਨਾਓ।

**ਪ੍ਰਕਾਸ਼ ਉਤਸਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ**
**15 ਜਨਵਰੀ, 2017**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਭਾਈ ਬਲਦੇਵ ਸਿੰਘ ਅਤੇ ਬੀਬੀ ਚਰਨਜੀਤ ਕੌਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾ ਰਹੇ ਹਨ। ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਦੀ ਇਸਲਾਮਿਕ ਹਕੂਮਤ ਦੇ ਖਿਲਾਫ ਹੀ ਨਹੀਂ ਬਲਕਿ ਜਬਰ, ਜ਼ੁਲਮ ਅਤੇ ਸਮਾਜਿਕ ਉਣਾਈਆਂ ਦੇ ਖਿਲਾਫ ਜੰਗ ਲੜੀ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸੰਸਥਾ ਨੂੰ ਜਨਮ ਦਿੱਤਾ ਅਤੇ 'ਆਪੇ ਗੁਰ ਚੇਲਾ' ਦੀ ਖਾਲਸ-ਈ ਰਵਾਇਤ ਆਰੰਭ ਕੀਤੀ।

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ 15 ਜਨਵਰੀ 2017 ਨੂੰ ਗੁਰੂ ਘਰ ਹਾਜ਼ਰੀਆਂ ਲਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।



**Sangat Sewadars**

**General Secretary**
**Gina Bhatia**

**Treasurer**
**Jasvir Chahal**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ







**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 6 ਤੋਂ 8 ਜਨਵਰੀ 2017 ਦਿਨ ਸ਼ੁੱਕਰਵਾਰ ਤੋਂ ਐਤਵਾਰ ਤੱਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ, ਜਿਸ ਵਿਚ ਗੁਰੂ ਘਰ ਵਿਖੇ 6 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ, ਜਿਹਨਾਂ ਦੇ ਭੋਗ 8 ਜਨਵਰੀ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰੂ ਘਰਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ 'ਤੇ ਭਾਈ ਜੋਗਿੰਦਰ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਸਿੱਖਿਆਵਾਂ ਬਾਰੇ ਸੰਗਤਾਂ ਨੂੰ ਦੱਸਿਆ। ਇਸ ਮੌਕੇ ਤੇ ਗੁਰੂ ਘਰ ਦੇ ਹੈਡ ਕੈਸ਼ੀਅਰ ਅਤੇ ਵਾਈਸ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟੀਆ, ਸ੍ਰੀ ਦਵਿੰਦਰ ਸਿੰਘ ਰੱਲ੍ਹ ਨੇ ਗੁਰੂ ਘਰ ਦਾ ਸਾਲ 2016 ਦਾ ਲੇਖਾ-ਜੋਖਾ ਸੰਗਤਾਂ ਨਾਲ ਸਾਂਝਾ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ 17 ਤੋਂ 19 ਫਰਵਰੀ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ 17, 18 ਅਤੇ 19 ਫਰਵਰੀ 2017 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਜਿਸ ਪਰਿਵਾਰ ਨੇ ਇਹਨਾਂ ਸਮਾਗਮਾਂ ਵਿਚ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ ਜੀ:

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) 530-218-4468
ਸ੍ਰੀ ਸਤਿਨਾਮ ਸਿੰਘ (ਜਨਰਲ ਸਕੱਤਰ) 530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ) 530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) 530-790-5985
ਭਾਈ ਪ੍ਰਿਤਪਾਲ ਸਿੰਘ ਜੀ (ਹੈਡ ਗ੍ਰੰਥੀ) 530-674-2564

## ਸੰਗਰਾਂਦ ਦਾ ਦਿਹਾੜਾ 14 ਜਨਵਰੀ ਨੂੰ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੰਗਰਾਂਦ ਦਾ ਦਿਹਾੜਾ (ਮਹੀਨਾ ਮਾਘ) ਮਿਤੀ 14 ਜਨਵਰੀ ਦਿਨ ਸ਼ਨਿਚਰਵਾਰ ਨੂੰ ਮਨਾਇਆ ਜਾ ਰਿਹਾ ਹੈ। ਜਿਸ ਵਿਚ ਗੁਰੂ ਘਰ ਵਿਖੇ ਸ਼ਾਮ ਨੂੰ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਕਥਾ ਵਾਚਕ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸੰਗਤਾਂ ਨੂੰ ਬੇਨਤੀ ਹੈ ਕਿ ਗੁਰਬਾਣੀ ਸਰਵਣ ਕਰਕੇ ਜੀਵਨ ਸਫਲਾ ਕਰੋ ਜੀ।

# ਰੋਜ਼ ਪਰੇਡ ਦੀਆਂ ਝਾਕੀਆਂ ਵਿਚ ਪੇਸ਼ ਹੋਈ ਸਿੱਖ ਵਿਸ਼ਵਾਸ ਤੇ ਸੇਵਾ ਦੀ ਝਲਕ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਭਾਰਤੀ ਅਮਰੀਕੀ ਸਿਖ ਭਾਈਚਾਰੇ ਵਲੋਂ 2017 ਦੇ ਰੋਜ਼ ਪਰੇਡ ਲਈ ਇਕ ਫਲੋਟ ਤਿਆਰ ਕੀਤਾ ਗਿਆ ਜਿਸ ਰਾਹੀਂ ਸਿਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਯਤਨ ਕੀਤਾ ਗਿਆ। ਯੂਨਾਇਟਿਡ ਸਿਖ ਮਿਸ਼ਨ ਵਲੋਂ ਅਮਰੀਕੀ ਭਾਈਚਾਰੇ ਦੀ ਮੱਦਦ ਨਾਲ ਤਿਆਰ ਕੀਤੇ ਗਏ ਇਸ ਫਲੋਟ ਨੂੰ ਬੀਤੇ ਦਿਨ ਪਰੇਡ ਦੌਰਾਨ ਪ੍ਰਦਰਸ਼ਨ ਲਈ ਵੀ ਰੱਖਿਆ ਗਿਆ ਸੀ। ਇਹ ਫਲੋਟ ਅਮਰੀਕਾ ਵਿਚ ਸਿੱਖਾਂ ਖਿਲਾਫ ਫੈਲੀ ਨਫਰਤੀ ਹਿੰਸਾ ਦੇ ਮੱਦੇਨਜ਼ਰ ਸਿੱਖਾਂ ਬਾਰੇ ਜਾਗਰੂਕਤਾ ਫੈਲਾ ਰਿਹਾ ਸੀ। ਮਿਸ਼ਨ ਦੇ ਆਯੋਜਕ ਭਜਨੀਤ ਸਿੰਘ ਨੇ ਕਿਹਾ ਕਿ ਜਦੋਂ ਸਮੁੱਚੇ ਦੇਸ਼ ਵਿਚ ਸਿੱਖਾਂ ਅਤੇ ਹੋਰ ਧਾਰਮਿਕ ਘੱਟਗਿਣਤੀਆਂ ਲਈ ਚੁਣੌਤੀ ਭਰਿਆ ਸਮਾਂ ਚਲ ਰਿਹਾ ਹੈ ਇਸ ਲਈ ਅਸੀ ਸੋਚਿਆ ਕਿ ਇਸ ਤਰੀਕੇ ਨਾਲ ਸਿੱਖ ਧਰਮ ਤੇ ਸਿੱਖਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਵਧੀਆ ਮੌਕਾ ਹੈ। ਸਿਖ ਧਾਰਮਿਕ ਚਿੰਨ ਵਜੋਂ ਦਸਤਾਰ ਅਤੇ ਦਾੜੀ ਕੇਸ ਰਖਦੇ ਹਨ ਜੋ ਕਿ ਸਮਾਨਤਾ, ਨਿਆਂ ਤੇ ਸਹਿਣਸ਼ੀਲਤਾ ਦਾ ਪ੍ਰਤੀਕ ਹਨ ਪਰ ਇਨਾਂ ਚਿੰਨਾਂ ਕਰਕੇ




ਸਿੱਖਾਂ ਨੂੰ ਨਫਰਤੀ ਹਿੰਸਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਇਕ ਹੋਰ ਪ੍ਰਬੰਧਕ ਮੀਨੂੰ ਕੌਰ ਸਿੰਘ ਨੇ ਕਿਹਾ ਕਿ ਸਾਡਾ ਧਰਮ ਸਾਰਿਆਂ ਲਈ ਪਿਆਰ, ਸਮਾਨਤਾ ਤੇ ਸੇਵਾ ਦਾ ਪ੍ਰਤੀਕ ਹੈ ਜੋ ਕਿ ਨਾ ਕੇਵਲ ਸਿਖ ਕਦਰਾਂ ਕੀਮਤਾਂ ਸਗੋਂ ਅਮਰੀਕੀ ਕਦਰਾਂ ਕੀਮਤਾ ਦੀ ਵੀ ਉਨੀ ਹੀ ਕਦਰ ਕਰਦਾ ਹੈ ਅਤੇ ਅਸੀ ਇਸ ਸਾਲ ਦੇ ਫਲੋਟ ਰਾਹੀਂ ਇਹੀ ਸੰਦੇਸ਼ ਸਮੁੱਚੇ ਅਮਰੀਕਾ ਵਿਚ ਦੇਣਾ ਚਾਹੁੰਦੇ ਹਾਂ।

ਇਹ ਲਗਾਤਾਰ ਤੀਜਾ ਸਾਲ ਹੈ ਜਦੋਂ ਦਖਣੀ ਕੈਲੀਫੋਰਨੀਆ ਦਾ ਸਿੱਖ ਭਾਈਚਾਰੇ ਇਸ ਰੋਜ ਪਰੇਡ ਦਾ ਹਿੱਸਾ ਬਣ ਗਿਆ ਤੇ ਅਮਰੀਕੀਆਂ ਨੂੰ ਸਿੱਖਾਂ ਬਾਰੇ ਹੋਰ ਜਾਗਰੂਕ ਕਰਨ ਲਈ ਹਰ ਸਾਲ ਨਵੇਂ ਨਵੇਂ ਤਰੀਕੇ ਇਜਾਦ ਕਰਦਾ ਆ ਰਿਹਾ ਹੈ। ਇਸ ਫਲੋਟ ਵਿਚ ਦਰਬਾਰ ਸਾਹਿਬ ਵੀ ਦਿਖਾਇਆ ਗਿਆ। ਜਿਥੇ ਦੁਨੀਆ ਦਾ ਸਭ ਤੋਂ ਵੱਡਾ ਲੰਗਰ ਰੋਜ਼ਾਨਾ ਬਣਦਾ ਹੈ ਤੇ ਸਾਰੇ ਧਰਮਾਂ ਦੇ ਲੋਕ ਇਥੇ ਲੰਗਰ ਛਕਦੇ ਹਨ। ਇਸ ਦੇ ਨਾਲ ਹੀ ਚਾਰ ਸਫੇਦ ਮੋਰ ਵੀ ਪ੍ਰਦਰਸ਼ਿਤ ਕੀਤੇ ਗਏ ਜੋ ਕਿ ਪੰਜਾਬ ਦਾ ਰਾਸ਼ਟਰੀ ਪੰਛੀ ਹੈ।

## ਸਿੱਖ ਡਾਕਟਰ ਵਲੋਂ ਮਾਲਕ ਖਿਲਾਫ ਧਾਰਮਿਕ ਭੇਦਭਾਵ ਦਾ ਕੇਸ ਦਾਇਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਕੁਲੀਸ਼ਨ ਨੇ ਡਾਕਟਰ ਜਸਵਿੰਦਰ ਪਾਲ ਸਿੰਘ ਦੀ ਤਰਫੋਂ ਅਮਕੀਤੀ ਜ਼ਿਲਾ ਅਦਾਲਤ ਵਿਚ ਧਾਰਮਿਕ ਭੇਦਭਾਵ ਦਾ ਕੇਸ ਦਾਇਰ ਕੀਤਾ ਹੈ। ਇਸ ਕੇਸ ਵਿਚ ਦੋਸ਼ ਲਾਇਆ ਗਿਆ ਹੈ ਕਿ ਜਸਵਿੰਦਰ ਸਿੰਘ ਇਕ ਭਾਰਤੀ ਅਮਰੀਕੀ ਸਿਖ ਡਾਕਟਰ ਹੈ ਜੋ ਕਿ ਦਾੜੀ ਤੇ ਕੇਸ ਰੱਖਦਾ ਹੈ ਤੇ ਉਸ ਨੂੰ ਉਸ ਦੇ ਮਾਲਕ ਨੇ ਧਾਰਮਿਕ ਪਛਾਣ ਕਾਰਨ ਨਿਊਰੋਲਾਜੀ ਦੇ ਕੰਮ ਤੋਂ ਮਨਾ ਕਰ ਦਿੱਤਾ ਗਿਆ ਸੀ। ਇਸ ਵਿਚ ਇਹ ਕਿਹਾ ਗਿਆ ਹੈ ਕਿ ਮਾਲਕ ਪ੍ਰੀਮੀਅਰ ਮੈਡੀਕਲ ਗਰੁੱਪ ਪੀ ਸੀ ਆਰਥਰ ਮਾਰਸ਼ਲ ਨੇ ਸਿੰਘ ਦੀ ਪਛਾਣ ਤੇ ਦਿਖ 'ਤੇ ਚਿੰਤਾ ਜਾਹਿਰ ਕੀਤੀ। ਕੁਲੀਸ਼ਨ ਨੇ ਅੱਗੇ



ਦਸਿਆ ਕਿ ਫੋਨ ਇੰਟਰਵਿਊ ਪ੍ਰਕ੍ਰਿਆ ਦੌਰਾਨ ਉਕਤ ਮਾਲਕ ਸਿੰਘ ਦੇ ਕੰਮਾਂ ਦੀ ਖੂਬ ਪ੍ਰਸ਼ੰਸਾ ਕਰਦਾ ਰਿਹਾ ਸੀ ਪਰ ਜਦੋਂ ਸਿੰਘ ਨੇ ਆਪਣੀਆਂ ਤਸਵੀਰਾਂ ਦੇ ਨਾਲ ਨਾਲ ਸਿੱਖਾਂ ਅਤੇ ਸਿਖ ਧਰਮ ਬਾਰੇ ਜਾਣਕਾਰੀ ਭੇਜੀ ਤਾਂ ਉਸ਼ ਨੂੰ ਅਗਲੀਆਂ ਇੰਟਰਵਿਊ ਲਈ ਮਨਾ ਕਰ ਦਿੱਤਾ ਗਿਆ। ਫਿਲਹਾਲ ਜਿਸ ਨੌਕਰੀ ਲਈ ਉਸ ਨੇ ਮੰਗ ਕੀਤੀ ਗਈ ਸੀ ਉਹ ਅਜੇ ਵੀ ਖਾਲੀ ਪਈ ਹੈ। ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਸਪਸ਼ਟ ਹੈ ਕਿ ਮੈਨੂੰ ਧਾਰਮਿਕ ਪਛਾਣ ਕਾਰਨ ਹੀ ਨੌਕਰੀ ਤੋਂ ਮਨਾ ਕਰ ਦਿੱਤਾ ਗਿਆ ਹੈ। ਉਨਾਂ ਨੇ ਦਸਿਆ ਕਿ ਮੈ ਸਿੱਖ ਕੁਲੀਸ਼ਨ ਨਾਲ ਸੰਪਰਕ ਕੀਤਾ ਕਿਉਂਕਿ ਸਿਖਾਂ ਨਾਲ ਨਸਲੀ ਭੇਦਭਾਵ ਦੇ ਮਾਮਲਿਆਂ ਨਾਲ ਨਜਿਠਣ ਲਈ ਸਿਖ ਕੁਲੀਸ਼ਨ ਮੱਦਦ ਤੇ ਹੈ।

## ਫਰੀਮਾਂਟ ਵਿਖੇ ਨਵੇਂ ਸਾਲ ਦੀ ਆਮਦ 'ਤੇ ਵਿਸ਼ੇਸ਼ ਧਾਰਮਿਕ ਕਵੀ ਦਰਬਾਰ ਸਜਾਇਆ

**ਫਰੀਮਾਂਟ (ਕੈਲੇਫੋਰਨੀਆ), ਪ੍ਰਮਿੰਦਰ ਸਿੰਘ ਪ੍ਰਵਾਨਾ–** ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ ਫਰੀਮਾਂਟ ਵਿਖੇ ਨਵੇਂ ਸਾਲ ਦੇ ਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਿਆ ਗਿਆ। ਪੋਹ ਦਾ ਮਹੀਨਾ ਸਿੱਖ




ਇਤਿਹਾਸ ਵਿਚ ਸ਼ਹੀਦੀਆਂ ਦਾ ਮਹੀਨਾ ਹੈ। ਸ਼ਹੀਦੀਆਂ ਦਾ ਮੁੱਢ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ ਨਾਲ ਬੱਝਿਆ ਹੈ, ਉਪਰੰਤ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ, ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਪੰਥ ਤੋਂ ਵਾਰ ਦਿੱਤਾ। ਗੁਰੂ ਜੀ ਨੇ ਪੰਜ ਪਿਆਰੇ ਥਾਪ ਕੇ ਫੌਜੀ ਖਾਲਸਾ ਬਣਾਇਆ। ਕੌਮ ਵਿਚ ਸਿਆਸੀ ਅਤੇ ਧਾਰਮਿਕ ਅੱਤਿਆਚਾਰ ਦੇ ਵਿਰੁੱਧ ਮਰ-ਮਿਟਣ ਦਾ ਜਜ਼ਬਾ ਭਰਿਆ।

ਇਸ ਮੌਕੇ ਤਰਸੇਮ ਸਿੰਘ ਸੁੰਮਨ, ਜਗਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਠਾਕਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਇਤਿਹਾਸ ਦੀਆਂ ਸ਼ਹੀਦੀਆਂ ਨੂੰ ਦਰਸਾਉਂਦੀਆਂ ਜੋਸ਼ੀਲੀਆਂ ਰਚਨਾਵਾਂ ਨਾਲ ਮਾਹੌਲ ਨੂੰ ਸੰਜੀਦਾ ਬਣਾ ਦਿੱਤਾ।ਇਸ ਕਵੀ ਦਰਬਾਰ ਨੂੰ ਭਾਈ ਜਸਦੇਵ ਸਿੰਘ, ਭਾਈ ਹਰਜੀਤ ਸਿੰਘ, ਭਾਈ ਦੇਵਿੰਦਰ ਸਿੰਘ, ਭਾਈ ਕਮਲਜੀਤ ਸਿੰਘ ਅਟਵਾਲ, ਭਾਈ ਗੁਰਾ ਸਿੰਘ, ਭਾਈ ਕਸ਼ਮੀਰ ਸਿੰਘ ਸ਼ਾਹੀ, ਭਾਈ ਸੁਖਵੰਤ ਸਿੰਘ ਢਿੱਲੋਂ ਨੇ ਸਹਿਯੋਗ ਦਿੱਤਾ।

## ਸਤੀਸ਼ ਕੁਮਾਰ ਰੱਲ੍ਹ ਦੇ ਪਿਤਾ ਦਲੀਪ ਚੰਦ ਨਮਿਤ ਅੰਤਿਮ ਅਰਦਾਸ 14 ਜਨਵਰੀ ਨੂੰ

**ਸੈਕਰਾਮੈਂਟੋ–** ਗੁਰੂ ਘਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਸਾਬਕਾ ਪ੍ਰਧਾਨ ਅਤੇ ਸਟੇਜ਼ ਸਕੱਤਰ ਸ੍ਰੀ ਸਤੀਸ਼ ਕੁਮਾਰ ਰੱਲ੍ਹ ਨੂੰ ਉਦੋਂ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਸਤਿਕਾਰਯੋਗ ਪਿਤਾ ਸ੍ਰੀ ਦਲੀਪ ਚੰਦ ਰੱਲ੍ਹ (86 ਸਾਲ) ਬੀਤੀ 4 ਜਨਵਰੀ ਨੂੰ ਅਚਾਨਕ ਸਦੀਵੀਂ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਲਧਾਣਾ ਉਚਾ ਨਾਲ ਸਬੰਧਿਤ ਸਨ। ਸ੍ਰੀ ਦਲੀਪ ਚੰਦ ਰੱਲ੍ਹ ਪੰਜਾਬ ਰਾਜ ਬਿਜਲੀ ਬੋਰਡ ਵਿਚੋਂ ਰਿਟਾਇਰ ਹੋ ਕੇ ਲਗਭਗ 22 ਸਾਲ ਤੋਂ ਅਮ-ਰੀਕਾ ਦੀ ਧਰਤੀ ਤੇ ਰਹੇ ਸਨ। ਉਹ ਇਕ ਸਮਾਜ ਸੇਵੀ ਸ਼ਖਸ਼ੀਅਤ ਦੇ ਮਾਲਕ ਸਨ। ਉਨ੍ਹਾਂ ਪਿੰਡ



ਵਿਚ ਕਈ ਸਮਾਜ ਸੇਵਾ ਦੇ ਕੰਮ ਵੀ ਕਰਵਾਏ ਅਤੇ ਹਰ ਗਰੀਬ ਦੀ ਮੱਦਦ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ। ਉਹ ਆਪਣੇ ਪਿੱਛੇ ਪਤਨੀ ਊਧਮ ਕੌਰ, ਪੁੱਤਰ, ਪੁੱਤਰੀਆਂ ਸਮੇਤ ਬਹੁਤ ਵੱਡੇ ਪਰਿਵਾਰ ਨੂੰ ਰੋਂਦਾ ਕੁਰਲਾਉਂਦਾ ਛੱਡ ਗਏ। ਉਨ੍ਹਾਂ ਨਮਿਤ ਅੰਤਿਮ ਅਰਦਾਸ 14 ਜਨਵਰੀ 2017 ਨੂੰ ਦੁਪਹਿਰ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16 ਸਟਰੀਟ ਰਿਓਲਿੰਡਾ (ਸੈਕਰਾਮੈਂਟੋ), ਕੈਲੀਫੋਰਨੀਆਂ 95673 ਵਿਖੇ ਕੀਤੀ ਜਾਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 916-214-9092 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦਾ ਲਾਲਚ

ਨਸ਼ੀਲੇ ਪਦਾਰਥਾਂ ਦਾ ਲਾਲਚ ਦੇ ਕੇ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਨਾ ਤਾਂ ਜਨਤਾ ਅਤੇ ਨਾ ਹੀ ਪੰਜਾਬ ਦੇ ਹਿਤੈਸ਼ੀ ਹੋ ਸਕਦੇ ਹਨ। ਪੰਜਾਬ ਵਿਚ ਵਿਧਾਨ ਸਭਾ ਚੋਣਾਂ ਵਿਚ ਹੁਣ ਇਕ ਮਹੀਨੇ ਤੋਂ ਘੱਟ ਸਮਾਂ ਬਾਕੀ ਰਹਿ ਗਿਆ ਹੈ। ਇਸ ਕਰਕੇ ਇਸ ਸ਼ੰਕੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਕ ਵਾਰ ਫਿਰ ਵੋਟਰਾਂ ਨੂੰ ਆਕਰਸ਼ਿਤ ਕਰਨ ਦੇ ਲਈ ਕੁਝ ਸਿਆਸੀ ਪਾਰਟੀਆਂ ਨਸ਼ੀਲੇ ਪਦਾਰਥਾਂ, ਸ਼ਰਾਬ ਆਦਿ ਵੰਡਣ ਦੀ ਕੋਸ਼ਿਬ ਕਰ ਸਕਦੀਆਂ ਹਨ। ਅਜਿਹੀ ਸਥਿਤੀ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਆਦੇਸ਼ ਰਾਹਤ ਪਹੁੰਚਾਉਣ ਵਾਲਾ ਹੈ। ਹਾਈਕੋਰਟ ਨੇ ਚੋਣ ਕਮਿਸ਼ਨ ਨੂੰ ਇਹ ਨਿਰਦੇਸ਼ ਦਿੱਤਾ ਹੈ ਕਿ ਸੂਬੇ ਵਿਚ ਵਿਧਾਨ ਸਭਾ ਚੋਣਾਂ ਦੇ ਦੌਰਾਨ ਨਸ਼ੇ ਦੀ ਵਰਤੋਂ ਕਿਸੇ ਵੀ ਸੂਰਤ ਵਿਚ ਨਾ ਹੋ ਸਕੇ। ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ ਕਿ ਚੋਣ ਜਿੱਤਣ ਦੇ ਲਈ ਸਿਆਸੀ ਪਾਰਟੀਆਂ ਨਾਲ ਜੁੜੇ ਲੋਕ ਹਰ ਕਿਸਮ ਦਾ ਹੱਥਕੰਡਾ ਅਪਣਾਉਂਦੇ ਹਨ ਅਤੇ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦੇ ਲਈ ਨਸ਼ੀਲੇ ਪਦਾਰਥ ਅਤੇ ਪੈਸੇ ਵੰਡਣ ਤੱਕ ਤੋਂ ਪਿੱਛੇ ਨਹੀਂ ਹਟਦੇ। ਪਿਛਲੀਆਂ ਕਈ ਚੋਣਾਂ ਵਿਚ ਇਹ ਹੁੰਦਾ ਆ ਰਿਹਾ ਹੈ। ਇਸ ਵਾਰ ਵੀ ਇਸ ਸ਼ੰਕੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹਾਲ ਹੀ ਵਿਚ ਪੰਜਾਬ ਦੇ ਨਾਲ ਹੀ ਚੰਡੀਗੜ੍ਹ ਦੇ ਕਈ ਇਲਾਕਿਆਂ ਵਿਚ ਖੁੱਲ੍ਹੇਆਮ ਨਸ਼ੀਲੇ ਪਦਾਰਥਾਂ ਦੀ ਵਿੱਕਰੀ ਦੇ ਮਾਮਲੇ ਸਾਹਮਣੇ ਆਏ ਹਨ। ਇਸ ਨਾਲ ਜੁੜੇ ਲੋਕਾਂ ਨੇ ਤਕਨੀਕ ਦਾ ਸਹਾਰਾ ਵੀ ਲੈਣਾ ਆਰੰਭ ਕਰ ਦਿੱਤਾ ਹੈ। ਹਾਲਾਤ ਇਹ ਹਨ ਕਿ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਹੁਣ ਨਕਦ ਦੀ ਬਜਾਏ ਪੇਟੀਐਮ ਅਤੇ ਮੋਬਾਇਲ ਦੇ ਜ਼ਰੀਏ ਅੱਗੇ ਵੱਧ ਰਿਹਾ ਹੈ। ਬਿਨਾਂ ਸ਼ੱਕ ਇਹ ਤਰੀਕੇ ਸੂਬੇ ਦੀ ਨੌਜਵਾਨ ਪੀੜ੍ਹੀ ਅਤੇ ਸਮਾਜ ਲਈ ਬਿਲਕੁਲ ਉਚਿਤ ਨਹੀਂ ਹਨ। ਇਹੀ ਕਾਰਨ ਹੈ ਕਿ ਹਾਈਕੋਰਟ ਨੇ ਸ਼ਰੇਆਮ ਨਸ਼ੀਲੇ ਪਦਾਰਥਾਂ ਦੀ ਹੋ ਰਹੀ ਵਿੱਕਰੀ ਦੇ ਮਾਮਲੇ ਵਿਚ ਵੀ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਜਵਾਬ-ਤਲਬੀ ਕੀਤੀ ਹੈ। ਸੂਬੇ ਵਿਚ ਕੋਡ ਆਫ ਕੰਡਕਟ ਲਾਗੂ ਹੋਣ ਤੋਂ ਬਾਅਦ ਚੋਣ ਕਮਿਸ਼ਨ ਨੇ ਜਿਸ ਤਰ੍ਹਾਂ ਪੰਜਾਬ ਦੀਆਂ ਕੁਝ ਜੇਲ੍ਹਾਂ ਵਿਚ ਛਾਪੇ ਮਾਰੀ ਕੀਤੀ ਹੈ ਅਤੇ ਹੋਰ ਮਾਮਲਿਆਂ ਵਿਚ ਵੀ ਜਿਵੇਂ ਚੌਕਸੀ ਦਿਖਾਈ ਹੈ, ਉਸ ਤੋਂ ਇਹੀ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਨਸ਼ੀਲੇ ਪਦਾਰਥਾਂ ਤੇ ਵੀ ਰੋਕ ਲਗਾਉਣ ਦੇ ਲਈ ਸਖਤ ਅਤੇ ਠੋਸ ਕਦਮ ਚੁੱਕੇਗਾ। ਹਾਲਾਂਕਿ ਇਸਦੇ ਬਾਵਜੂਦ ਸਭ ਤੋਂ ਵੱਡੀ ਜ਼ਿੰਮੇਵਾਰੀ ਸਿਆਸੀ ਪਾਰਟੀਆਂ ਅਤੇ ਆਮ ਜਨਤਾ ਦੀ ਹੀ ਹੈ। ਸਿਆਸੀ ਪਾਰਟੀਆਂ ਨੂੰ ਅਜਿਹੀ ਕਿਸੇ ਵੀ ਗਤੀਵਿਧੀ ਤੋਂ ਬਚਣਾ ਚਾਹੀਦਾ ਹੈ ਅਤੇ ਜੇਕਰ ਕਿਸੇ ਪਾਰਟੀ ਨਾਲ ਜੁੜਿਆ ਕੋਈ ਵਿਅਕਤੀ ਜਾਂ ਲੀਡਰ ਅਜਿਹੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਆਮ ਜਨਤਾ ਹੁਣ ਪਹਿਲਾਂ ਤੋਂ ਜ਼ਿਆਦਾ ਜਾਗਰੂਕ ਹੈ ਅਤੇ ਉਹ ਇਹ ਚੰਗੀ ਤਰ੍ਹਾਂ ਸਮਝਦੀ ਹੈ ਕਿ ਅਜਿਹੇ ਲਾਲਚ ਦੇ ਕੇ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸਹੀ ਅਰਥਾਂ ਵਿਚ ਨਾ ਤਾਂ ਉਹਨਾਂ ਦੇ ਅਤੇ ਨਾ ਹੀ ਸੂਬੇ ਦੇ ਹਿਤੈਸ਼ੀ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-17

## ਜਪੁਜੀ ਸਾਹਿਬ ਵਿਖੇ ਆਏ ਪੰਚ ਪਰਵਾਣ ਸ਼ਬਦ ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਪੰਚ ਸੰਸਕ੍ਰਿਤ ਦਾ ਸ਼ਬਦ ਤੇ ਗੁਰੂ ਗ੍ਰੰਥ ਸਾਹਿਬ ਵਿਖੇ ੨੧੫ ਵਾਰ ਦਰਜ ਅਤੇ ਕਈ ਅਰਥਾਂ ਵਿੱਚ ਆਇਆ ਹੈ। ਜਿਵੇਂ-ਪੰਜ ਵਿਸ਼ੇ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਲਈ-ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥(੧੩੯੯) ਦੈਵੀ (ਚੰਗੇ) ਗੁਣਾਂ ਲਈ-ਸਤ, ਸੰਤੋਖ, ਦਇਆ, ਧਰਮ ਅਤੇ ਧੀਰਜ-ਪੰਚ ਮਨਾਏ ਪੰਚ ਰੁਸਾਏ॥ ਪੰਚ ਵਸਾਏ ਪੰਚ ਗਵਾਏ॥ (ਮ:੫-੪੩੦) ਇਹ ਪੰਜ ਦੈਵੀ ਗੁਣ ਮਨਾਏ ਭਾਵ ਧਾਰਨ ਕਰ ਲਏ ਜਿਸ ਕਰਕੇ ਇਹ ਪੰਜੇ ਵਿਸ਼ੇ ਰੁਸਾਏ ਰੁੱਸ ਗਏ, ਪੰਚ ਵਸਾਏ ਪੰਜ ਰੱਬੀ ਗੁਣ ਹਿਰਦੇ ਵਿੱਚ ਵਸਾ ਲਏ ਅਤੇ ਪੰਚ ਗਵਾਏ ਅੰਦਰੋਂ ਭੁਲਾ ਦਿੱਤੇ। ਪੰਜ ਗਿਆਨ ਇੰਦ੍ਰੇ-ਪੰਚ ਨੱਕ, ਕੰਨ, ਜੀਭ, ਅੱਖ ਤੇ ਚਮੜੀ ਪੰਜ ਗਿਆਨ ਇੰਦ੍ਰੀਆਂ ਲਈ ਵੀ ਹੈ-ਪੰਚ ਸਖੀ ਹਮ ਏਕੁ ਭਤਾਰੋ॥...(੩੫੯) ਪੰਚ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਲਈ ਵੀ ਆਇਆ ਹੈ-ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥(੧੪੦੮) ਪਿੰਡ ਦੇ ਮੁਖੀਆਂ ਲਈ-ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭ ਲਹਰਿ ਹੈ ਗਾਲਿਆ॥(੩੧੫) ਪੰਚ ਪੰਚਾਇਤ ਭਾਵ ਡੇਮੋਕਰੇਸੀ ਦਾ ਸੂਚਿਕ। ਪੰਚ ਜੁਮੇਵਾਰ-ਸਿਆਣੇ ਮੰਨੇ ਪ੍ਰਮੰਨੇ-ਪੰਚ ਪਰਵਾਣ ਪੰਚ ਪਰਧਾਨੁ॥ਪੰਚੇ ਪਾਵਹਿ ਦਰਗਹਿ ਮਾਨੁ॥ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥(ਜਪੁਜੀ) ਭਾਵ ਸੰਸਾਰੀ ਤੇ ਨਿਰੰਕਾਰੀ ਪ੍ਰਸਥਿਤੀਆਂ ਤੋਂ ਚੰਗੀ ਤਰ੍ਹਾਂ ਜਾਣੂੰ ਗੁਰਮੁਖ ਜਿੰਨ੍ਹਾਂ ਦੀ ਸੁਰਤ ਪ੍ਰਭੂ ਨਾਲ ਜੁੜੀ ਤੇ ਜਿੰਨ੍ਹਾਂ ਅੰਦਰ ਉਸ ਵਾਸਤੇ ਲਗਨ ਪੈਦਾ ਹੋ ਜਾਂਦੀ ਹੈ, ਉਹ ਹੀ ਮੰਨੇ ਪ੍ਰਮੰਨੇ ਸਭ ਦੇ ਆਗੂ ਹੁੰਦੇ, ਪ੍ਰਭੂ ਦੀ ਹਜੂਰੀ ਵਿੱਚ ਆਦਰ ਪਾਂਦੇ, ਰਾਜ ਦਰਬਾਰਾਂ ਵਿੱਚ ਸ਼ੋਭਦੇ ਅਤੇ ਗੁਰ ਸ਼ਬਦ ਵਿੱਚ ਜੁੜੇ ਰਹਿਣਾ ਹੀ ਉਨ੍ਹਾਂ ਦਾ ਅਸਲ ਨਿਸ਼ਾਨਾ ਹੁੰਦਾ ਹੈ।

ਜਰਾ ਧਿਆਨ ਦਿਓ! ਜਪੁਜੀ ਸਾਹਿਬ ਦੀ ੧੬ਵੀਂ ਪਾਉੜੀ ਵਿਖੇ ਪੰਚ ਸ਼ਬਦ ਨਿਰੰਕਾਰੀ ਤੇ ਸੰਸਾਰੀ ਜੀਵਨ ਜੁਗਤੀ ਦੇ ਚੰਗੇ ਜਾਣੂੰ ਤੇ ਧਾਰਨੀ ਅਤੇ ਲੋਗਾਂ ਦੀ ਅਗਵਾਈ ਕਰਨ ਵਾਲਿਆਂ ਦਾ ਸੂਚਿਕ ਹੈ। ਜੋ ਕਰਤਾਰ ਦੇ ਦੈਵੀ ਗੁਣਾਂ ਅਤੇ ਹੁਕਮ ਭਾਣਾ ਸ੍ਰਵਣ, ਮੰਨਣ ਅਤੇ ਅਮਲ ਕਰ ਜੀਵਨ ਵਿੱਚ ਧਾਰਨ ਕਰਕੇ, ਲੋਕਾਈ ਵਿੱਚ ਵਿਚਰਦੇ ਹਨ। ਅੱਜ ਪੰਚਾਇਤ (ਡੈਮੋਕਰੇਸੀ) ਵਿੱਚ ਪੰਜਾਂ ਦੀ ਗਿਣਤੀ ਮੁਕਰਰ ਨਹੀਂ ਵੱਧ ਵੀ ਹੋ ਸਕਦੇ ਹਨ। ਪੰਜ ਪਿਆਰੇ ਵੀ ਇਸ ਉੱਚੀ ਸੁੱਚੀ ਅਵਸਥਾ ਦੇ ਧਾਰਨੀ, ਜਾਤ ਪਾਤ ਮੁਕਤ ਅਤੇ ਵੱਖ ਵੱਖ ਇਲਾਕਿਆਂ ਦੇ ਵਾਸੀ ਸਨ। ਇਕੱਲਾ ਮਨੁੱਖ ਗਲਤ ਫੈਸਲੇ ਵੀ ਕਰ ਸਕਦਾ ਹੈ ਪਰ ਬਹੁਤੇ ਰਲ ਮਿਲ ਕੇ, ਸੰਗਤ ਰੂਪ ਵਿੱਚ ਵਿਚਾਰਾਂ ਕਰਕੇ, ਲੋਕ ਭਲਾਈ ਦੇ ਫੈਸਲੇ ਕਰਦੇ ਹਨ। ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਇਨਸਾਨ ਨੂੰ ਗਿਣਤੀਆਂ ਮਿਣਤੀਆਂ ਵਿੱਚ ਨਹੀਂ ਉਲਝਾਇਆ ਜੋ ਅੱਜ ਉਲਝ ਗਿਆ ਹੈ।

ਮਤਲਵ ਤਾਂ ਪੰਚ ਲਫਜ਼ ਨੂੰ ਸਮਝੀਏ ਕਿ ਗੁਰੂ ਨੇ ਕਿਸ ਸੰਦਰਬ ਵਿੱਚ ਵਰਤਿਆ ਹੈ? ਭਾਵ ਲੋਕਾਈ ਦੀ ਨਿਗ੍ਹਾ ਵਿੱਚ ਕਰਮ ਸੁਭਾ ਕਰਕੇ ਦਾਨੇ, ਸਿਆਣੇ, ਸਮਝਦਾਰ, ਪ੍ਰਉਪਕਾਰੀ, ਸੰਸਾਰੀ ਤੇ ਨਿ-ਰੰਕਾਰੀ ਵਿਦਿਆ ਦੇ ਗਿਆਤਾ, ਸਭ ਵਿੱਚ ਰੱਬੀ ਜੋਤਿ ਦੇਖਣ ਵਾਲੇ ਮਾਈ ਭਾਈ ਜੋ ਸ਼ੁਭ ਕਰਮਾਂ ਕਰਕੇ, ਸੰਸਾਰ ਤੇ ਨਿਰੰਕਾਰ ਨਾਲ ਸ੍ਰਵਣ, ਮੰਨਣ ਨਿਧਿਆਸਣ ਕਰਕੇ, ਇੱਕਮਿਕ ਹੋ ਚੁੱਕੇ ਹਨ। ਇਹ ਕਹਿਣਾ *ਪੰਚ ਪਰਵਾਣ* ਕਿ ਪੰਜ ਪਿਆਰੇ ਹੀ ਪ੍ਰਵਾਨ ਹਨ। ਇਹ ਗੱਲ ਉਪ੍ਰੋਕਤ ਗੁਣਾਂ ਦੇ ਧਾਰੀਆਂ ਲਈ ਤਾਂ ਠੀਕ ਪਰ ਇਕੱਲੇ ਪੰਜ ਕਕਾਰਾਂ ਤੇ ਬਾਣੇ ਦੇ ਭੇਖਧਾਰੀ ਜੋ ਜਾਤ ਪਾਤ, ਵਹਿਮ-ਭਰਮ ਨੂੰ ਮੰਨਦੇ ਕਿਸੇ ਇੱਕ ਪਾਰਟੀ ਜਾਂ ਜਥੇ ਨਾਲ ਹੀ ਜੁੜੇ, ਆਪੋ ਆਪਣੇ ਜਥੇ ਅਤੇ ਸੰਪ੍ਰਦਾਵਾਂ ਦੀ ਤੰਗਦਿਲੀ ਮਰਯਾਦਾ ਪਾਲਦੇ ਆ, ਜਿਸ ਵਿੱਚ ਉਹ ਬੀਬੀਆਂ ਨੂੰ ਬਰਾਬਰ ਅਧਿਕਾਰ ਨਹੀਂ ਦਿੰਦੇ, ਉਨ੍ਹਾਂ ਨੂੰ *ਪੰਚ ਪਰਵਾਣੁ* ਨਹੀਂ ਕਿਹਾ ਜਾ ਸਕਦਾ। ਥੋੜੇ ਸ਼ਬਦਾਂ ਵਿੱਚ ਹਰ ਪੱਖੋਂ ਪੂਰੇ ਸੂਰੇ ਸਰਬਪੱਖੀ ਗੁਣਾਂ ਵਾਲੇ ਮੁਖੀ ਮਾਈ ਭਾਈ ਹੀ "ਪੰਚ ਪਰਵਾਣ" ਹੁੰਦੇ ਹਨ।

(ਚਲਦਾ)

# ਸ਼ਗਨਾਂ ਦਾ ਤਿਉਹਾਰ 'ਲੋਹੜੀ'



ਤਸਵਿੰਦਰ ਸਿੰਘ ਬੜੈਚ
91-98763-22677

ਲੋਹੜੀ ਦਾ ਤਿਉਹਾਰ ਪੰਜਾਬ ਦੇ ਹਰ ਘਰ ਵਿਚ ਮਨਾਇਆ ਜਾਂਦਾ ਹੈ। ਲੋਹੜੀ ਨੂੰ ਪੁਰਾਤਨ ਸਮੇਂ ਤੋਂ ਪੰਜਾਬੀ ਖੁਸ਼ੀਆਂ ਅਤੇ ਖੇੜਿਆਂ ਦਾ ਤਿਉਹਾਰ ਬਣਾ ਕੇ ਮਨਾਉਂਦੇ ਰਹੇ ਹਨ। ਰਿਸੀਆਂ, ਮੁਨੀਆਂ, ਗੁਰੂਆਂ ਦੀ ਧਰਤੀ ਪੰਜਾਬ 'ਤੇ ਜਿਉ- ਜਿਉ ਮਨੁੱਖ ਸੱਭਿਅਕ ਹੁੰਦਾ ਗਿਆ ਤਾਂ ਉਸ ਨੇ ਆਪਣੀ ਖੁਸ਼ੀ ਲਈ ਰੁੱਤਾਂ, ਮਹੀਨਿਆਂ ਤੇ ਤਿੱਥਾ ਅਨੁਸਾਰ ਤਿਉਹਾਰ ਮਨਾ ਕੇ ਆਪਣਾ ਸਾਨਦਾਰ ਸੱਭਿਆਚਾਰ ਕਾਇਮ ਕੀਤਾ।

ਅੱਜ ਵੀ ਲੋਹੜੀ ਦਾ ਤਿਉਹਾਰ ਮੌਸਮੀ ਉਤਸਵ ਵਜੋਂ ਬੜੀ ਧੂਮ- ਧਾਮ ਨਾਲ ਮਨਾਇਆ ਜਾਂਦਾ ਹੈ। ਲੋਹੜੀ ਦਾ ਤਿਉਹਾਰ ਪੋਹ ਮਹੀਨੇ ਦੇ ਆਖਰੀ ਦਿਨਾਂ ਵਿਚ ਮਨਾਇਆ ਜਾਂਦਾ ਹੈ। ਲੋਹੜੀ ਦਾ ਤਿਉਹਾਰ ਸਰਦੀਆਂ ਦਾ ਤਿਉਹਾਰ ਹੈ। ਲੋਹੜੀ ਹੁਲਾਸ ਦਾ ਤਿਉਹਾਰ ਹੈ। ਲੋਹੜੀ ਸ਼ਗਨਾਂ ਦਾ ਤਿਉਹਾਰ ਹੈ। ਆਮ ਤੋਰ 'ਤੇ ਲੋਹੜੀ ਦੀ ਧੂਣੀ ਉਸ ਘਰ ਵੱਲੋ ਬਾਲੀ ਜਾਂਦੀ ਹੈ, ਜਿਨ੍ਹਾਂ ਦੇ ਘਰ ਨਵੇ ਬੱਚੇ ਨੇ ਜਨਮ ਲਿਆ ਹੋਵੇ ਜਾਂ ਵਿਆਹ ਦੀ ਸਹਿਨਾਈ ਵੱਜੀ ਹੋਵੇ। ਪਹਿਲੇ ਸਮਿਆਂ ਵਿਚ ਮੁੰਡੇ ਜੰਮਣ 'ਤੇ ਜਾਂ ਜਿੰਨ੍ਹੀ ਘਰੀ ਨਵੀ ਵਹੁਟੀ ਆਈ ਹੁੰਦੀ, ਉਸ ਘਰ ਹੀ ਲੋਹੜੀ ਮਨਾਹੀ ਜਾਂਦੀ ਸੀ। ਲੋਹੜੀ ਵੰਡਣ ਲਈ ਲੜਕੇ ਦੀਆਂ ਭੈਣਾਂ, ਭੁਆ, ਚਾਚੀਆਂ, ਤਾਈਆਂ ਸੋਹਣੇ-ਸੋਹਣੇ ਸੂਟ ਪਾ ਕੇ ਤਿਆਰ ਹੋ ਕੇ ਪਿੰਡ ਵਿੱਚ ਹਫਤਾ- ਹਫਤਾ ਪਹਿਲਾ ਹੀ ਗੁੜ ਵੰਡਣਾ ਸੂਰੂ ਕਰ ਦਿੰਦੀਆਂ ਸਨ। ਲੋਹੜੀ 'ਤੇ ਸਾਰੇ ਰਿਸਤੇਦਾਰ ਸਾਕ- ਸੰਬੰਧੀ ਆਉਦੇ ਸਨ। ਘਰ ਵਾਲੇ, ਸਾਰੇ ਰਿਸਤੇਦਾਰ, ਆਂਢ-ਗੁਆਂਢ, ਸਕੇ ਬੈਠ ਕੇ ਲੋਹੜੀ ਸੇਕਦੇ ਸਨ। ਲੋਹੜੀ ਮੰਗਣ ਵਾਲਿਆਂ ਨੂੰ ਘਰ ਵਾਲੇ ਗੁੜ, ਰਿਉੜੀਆਂ, ਮੂੰਗਫਲੀ, ਮੱਕੀ ਦੀਆਂ ਖਿੱਲਾਂ ਅਤੇ ਕੁੱਝ ਰੁਪਏ ਦਿੰਦੇ ਸਨ। ਲੋਹੜੀ ਮੰਗਣ ਵਾਲਿਆਂ ਵਿਚ ਲਾਗੀ, ਚਾਂਚਿਆਂ, ਤਾਇਆਂ ਦੀਆਂ ਕੁਆਰੀਆਂ ਕੁੜੀਆਂ ਤੇ ਹੋਰ ਲੋਕ ਹੁੰਦੇ ਸਨ। ਮੁੰਡਿਆਂ ਦੀਆਂ ਵੱਖਰੀਆਂ ਟੋਲੀਆਂ ਹੁੰਦੀਆਂ ਸਨ ਤੇ ਕੁੜੀਆਂ ਦੀਆਂ ਵੱਖਰੀਆਂ। ਨਿੱਕੀਆਂ ਕੁੜੀਆਂ ਤੇ ਮੁੰਡਿਆਂ ਦੀਆਂ ਵੱਖਰੀਆਂ ਢਾਣੀਆਂ ਹੁੰਦੀਆਂ ਸਨ। ਪਰ ਲੋਹੜੀ ਮੰਗਣ ਵਾਲਿਆਂ ਵਿੱਚ ਜਿਆਦਾ ਟੋਲੀਆਂ ਕੁੜੀਆਂ ਦੀਆਂ ਹੁੰਦੀਆਂ ਸਨ। ਦਸ-ਦਸ ਦਿਨ ਪਹਿਲਾਂ ਹੀ ਲੋਕ ਲੋਹੜੀ ਮੰਗਣੀ ਸੂਰੂ ਕਰ ਦਿੰਦੇ ਸਨ।







ਪਹਿਲਾਂ ਨਿਆਣੇ ਸੂਰੂ ਕਰਦੇ ਸਨ। ਲੋਹੜੀ ਵਾਲੇ ਦਿਨ ਤਾਂ ਸਵੇਰ ਵੇਲੇ ਤੋਂ ਹੀ ਲੋਹੜੀ ਮੰਗਣ ਦਾ ਕੰਮ ਸੂਰੂ ਹੋ ਜਾਂਦਾ ਸੀ। ਪਿੰਡ ਦੀਆਂ ਗਲੀਆਂ ਲੋਹੜੀ ਮੰਗਣ ਵਾਲਿਆਂ ਨਾਲ ਭਰੀਆਂ ਹੁੰਦੀਆਂ। ਲੋਹੜੀ ਮੰਗਣ ਵਾਲੇ ਲੋਹੜੀ ਮੰਗਣ ਵੇਲੇ ਇਹ ਗੀਤ ਗਾਉਂਦੇ-

ਕੋਠੇ ਉੱਤੇ ਚਾਕੂ,
ਗੁੜ ਦਵੇ ਮੁੰਡੇ ਦਾ ਬਾਪੂ।
ਕੋਠੇ ਉੱਤੇ ਕਾਂ,
ਗੁੜ ਦਵੇ ਮੁੰਡੇ ਦੀ ਮਾਂ।

ਜੇਕਰ ਕੋਈ ਲੋਹੜੀ ਦੇਣ 'ਚ ਦੇਰੀ ਕਰਦਾ
ਸੀ ਤਾਂ ਉਸ ਨੂੰ ਕਿਹਾ ਜਾਂਦਾ ਸੀ-

ਤੇਰੇ ਕੋਠੇ ਉੱਤੇ ਮੋਰ,
ਸਾਨੂੰ ਛੇਤੀ-ਛੇਤੀ ਤੋਰ।
ਅੰਦਰ ਭਾਂਡੇ ਨਾ ਖੜਕਾ,
ਲੋਹੜੀ ਸਾਡੇ ਹੱਥ ਫੜਾ।

ਕੁੜੀਆਂ ਨੂੰ ਅਗਲੇ ਤੇ ਆਪਣੇ ਘਰੀਂ ਜਾਣ ਦੀ ਕਾਹਲ ਹੁੰਦੀ ਸੀ, ਕੁੜੀਆਂ ਗੀਤ ਗਾਉਂਦੀਆਂ ਘਰ ਵਾਲੇ ਨੂੰ ਆਖਦੀਆਂ-

ਸਾਡੇ ਪੈਰਾਂ ਹੇਠ ਸਿਲਾਈਆਂ,
ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਜਿਨ੍ਹਾਂ ਘਰਾਂ ਵਿਚ ਲੜਕੇ ਪੈਦਾ ਹੁੰਦੇ ਸਨ, ਉਹ ਘਰ ਆਪਣੀ ਪੱਤੀ ਦੀ ਧਰਮਸਾਲਾ, ਦਰਵਾਜੇ 'ਚ ਪਾਥੀਆਂ, ਲੱਕੜਾਂ, ਤਿਲ, ਰਿਉੜੀਆਂ, ਗੁੜ ਦੀ ਭੇਲੀ ਅਤੇ ਮੱਕੀ ਦੀਆਂ ਖਿੱਲਾਂ ਵੀ ਭੇਜਦੇ ਹੁੰਦੇ ਸਨ। ਸਾਰੀ ਪੱਤੀ ਦੇ ਲੋਕ ਕੱਠੇ ਹੋ ਕੇ ਉੱਥੇ ਲੋਹੜੀ ਬਾਲਦੇ ਸਨ। ਉੱਥੇ ਆਏ ਪਿੰਡ ਦੇ ਸਾਰੇ ਬੱਚਿਆਂ, ਬੰਦਿਆਂ ਤੇ ਔਰਤਾਂ ਨੂੰ ਵੀ ਗੁੜ, ਰਿਉੜੀਆਂ ਤੇ ਮੱਕੀ ਦੀਆਂ ਖਿੱਲਾਂ ਵੰਡੀਆਂ ਜਾਂਦੀਆਂ ਸਨ। ਲੋਕ ਅੱਧੀ-ਅੱਧੀ ਰਾਤ ਤੱਕ ਲੋਹੜੀ ਸੇਕਦੇ। ਲੋਹੜੀ ਦੇ ਤਿਉਹਾਰ ਸਬੰਧੀ ਇਕ ਕਥਾ ਵੀ ਪ੍ਰਚਲਿਤ ਹੈ। ਸਾਂਝੇ ਪੰਜਾਬ ਦਾ ਲੋਕ ਨਾਇਕ ਦੁੱਲਾ ਭੱਟੀ ਬਹਾਦਰ ਤੇ ਅਣਖੀਲਾ ਯੋਧਾ ਸੀ। ਗਰੀਬਾਂ ਤੇ ਮਜ਼ਲੂਮਾਂ ਦਾ ਮਿੱਤਰ, ਜਾਲਮ ਹਕੂਮਤ ਤੇ ਲੋਟੂ ਸਾਹੂਕਾਰਾਂ ਦਾ ਵੈਰੀ ਸੀ। ਉਹ ਅਮੀਰਾਂ ਨੂੰ ਲੁੱਟਦਾ ਸੀ ਤੇ ਗਰੀਬਾਂ ਦੀ ਮਦਦ ਕਰਦਾ ਸੀ, ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸਨ- ਸੁੰਦਰੀ ਤੇ ਮੁੰਦਰੀ। ਦੁੱਲੇ ਨੇ ਇਨ੍ਹਾਂ ਦੋਵਾਂ ਲੜਕੀਆਂ ਦੀ ਸ਼ਾਦੀ ਆਪ ਕਰਵਾਈ ਅਤੇ ਉਨ੍ਹਾਂ ਦੋਹਾਂ ਦੀ ਝੋਲੀ ਵਿਚ ਸ਼ੱਕਰ ਪਾਈ। ਇਹ ਸ਼ਾਦੀ ਰਾਤ ਦੇ ਸਮੇਂ ਅਗਨੀ ਦੇ ਦੁਆਲੇ ਕੀਤੀ ਗਈ ਸੀ। ਤਾਹੀਓ ਤਾਂ ਇਸ ਦਾ ਜਿਕਰ ਲੋਕ ਗੀਤਾਂ ਵਿਚ ਆਉਦਾ ਹੈ÷

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸੱਕਰ ਪਾਈ, ਹੋ
ਕੁੜੀ ਦੇ ਬੋਝੇ ਪਾਈ, ਹੋ

ਸਿਆਲ ਦੇ ਐਨ ਵਿਚਕਾਰ ਮਨਾਇਆ ਜਾਣ ਵਾਲਾ ਇਹ ਤਿਉਹਾਰ ਅੱਜ ਵੀ ਲੋਕ ਲੋਹੜੀ ਬਾਲ ਕੇ ਮਨਾਉਂਦੇ ਹਨ, ਪਰ ਹੁਣ ਦਰਵਾਜਿਆਂ, ਧਰਮਸਾਲਾਂ ਵਿਚ ਕੋਈ ਵੀ ਲੋਹੜੀ ਨਹੀਂ ਬਾਲਦਾ। ਅੱਜ ਕੋਈ ਵਿਰਲਾ ਵਾਝਾਂ ਹੀ ਪਿੰਡ ਜਾਂ ਸਹਿਰ ਹੋਵੇਗਾ, ਜਿੱਥੇ ਲੋਕ ਸਾਂਝੀ ਲੋਹੜੀ ਬਾਲਦੇ ਹੋਣ।

ਪਰ ਪਹਿਲਾ ਲੋਕ ਕੱਲੇ ਮੁੰਡਿਆਂ ਦੀ ਲੋਹੜੀ ਮਨਾਉਂਦੇ ਸਨ ਤੇ ਹੁਣ ਮੁੰਡਿਆਂ ਦੇ ਨਾਲ-ਨਾਲ ਕੁੜੀਆਂ ਦੀ ਵੀ ਲੋਹੜੀ ਮਨਾਉਂਣ ਲੱਗ ਪਏ ਹਨ ਤੇ ਲੋਹੜੀ ਵੰਡਣ ਵੀ ਲੱਗ ਪਏ ਹਨ। ਕਿਉਂਕਿ ਹੁਣ ਲੋਕਾਂ 'ਚ ਜਾਗਰੂਕਤਾ ਆ ਰਹੀ ਹੈ। ਅੱਜ ਦੀਆਂ ਕੁੜੀਆਂ, ਮੁੰਡਿਆਂ ਨਾਲੋਂ ਕਿਤੇ ਅੱਗੇ ਹਨ। ਇਹ ਤਿਉਹਾਰ ਆਪਣੀ ਮਾਂ ਬੋਲੀ ਜਿਹਾ ਸਾਂਝਾ ਤਿਉਹਾਰ ਹੈ। ਇਹ ਤਿਉਹਾਰ ਆਪਸੀ ਰਿਸ਼ਤਿਆਂ ਦੀਆਂ ਤੰਦਾਂ ਨੂੰ ਨੂੜ ਕੇ ਰੱਖਦਾ ਹੈ। ਇਹ ਤਿਉਹਾਰ ਸਦਭਾਵਨਾ ਅਤੇ ਕੌਮੀ ਏਕਤਾ ਦਾ ਪ੍ਰਤੀਕ ਹੈ। ਇਹ ਸਾਨੂੰ ਸਭਿਆਚਾਰ ਨਾਲ ਜੋੜਦਾ ਹੀ ਨਹੀਂ, ਸਗੋਂ ਸਮਾਜਿਕ ਕੁਰੀਤੀਆਂ ਪ੍ਰਤੀ ਜਾਗਰੂਕ ਵੀ ਕਰਦਾ ਹੈ। ਸੋ, ਲੋੜ ਹੈ ਸਾਨੂੰ ਆਪਣਾ ਇਹ ਪੁਰਾਤਨ ਅਤੇ ਅਮੀਰ ਵਿਰਸਾ ਸਾਂਭ ਕੇ ਰੱਖਣ ਦੀ। ਇਸ ਵਿਚ ਹੀ ਸਾਡੀ ਸਿਆਣਪ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਮਨਦੀਪ ਖੁਰਮੀ ਹਿੰਮਤਪੁਰਾ ਦਾ ਗੀਤ "ਓਹੀ ਬੋਹੜ" ਹੋਵੇਗਾ 13 ਜਨਵਰੀ ਨੂੰ ਲੋਕ ਅਰਪਣ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀਅਤ ਲਈ ਵਿਦੇਸ਼ਾਂ ਵਿੱਚ "ਹਿੰਮਤਪੁਰਾ ਡੌਟ ਕਾਮ" ਰਾਹੀ ਸਾਹਿੱਤਕ ਵੈੱਬਸਾਈਟ ਜ਼ਰੀਏ ਪੰਜਾਬੀਅਤ ਦੀ ਸੇਵਾ 'ਚ ਜੁਟੇ ਸਾਹਿੱਤਕਾਰ ਅਤੇ ਉੱਘੇ ਪੱਤਰਕਾਰ ਇੰਗਲੈਂਡ ਨਿਵਾਸੀ ਨੌਜਵਾਨ ਲੇਖਕ ਮਨਦੀਪ ਖੁਰਮੀ ਹਿੰਮਤਪੁਰਾ ਵੱਲੋਂ ਇੱਕ ਗਾਇਕ ਵਜੋਂ ਆਪਣੀ ਦੂਸਰੀ ਦਸਤਕ ਤਹਿਤ ਨਵਾਂ ਗੀਤ "ਓਹੀ ਬੋਹੜ" 13 ਜਨਵਰੀ 2017 ਨੂੰ ਲੋਕ ਅਰਪਣ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਉਸਨੇ ਪਿਛਲੇ ਵਰ੍ਹੇ ਆਪਣੀ ਆਵਾਜ਼ 'ਚ ਹੀ ਖੁਦ ਲਿਖਿਆ ਗੀਤ 'ਓ ਪੰਜਾਬ ਸਿਆਂ' ਵੀ ਪੰਜਾਬੀਆਂ ਦੀ ਝੋਲੀ ਪਾਇਆ ਗਿਆ ਸੀ। ਉਸ ਗੀਤ ਨੂੰ ਮਿਲੇ ਅਥਾਹ ਪਿਆਰ ਦੀ ਬਦੌਲਤ ਹੀ ਹੁਣ "ਓਹੀ ਬੋਹੜ" ਗੀਤ ਗਾਉਣ ਦਾ ਹੌਸਲਾ ਕੀਤਾ ਹੈ। ਜਸ਼ੂ ਰਿਕਾਰਡਜ਼ ਵੱਲੋਂ ਪੇਸ਼ ਕੀਤੇ ਜਾ ਰਹੇ ਇਸ ਗੀਤ ਨੂੰ ਉਹਨਾਂ ਖੁਦ ਲਿਖਿਆ ਹੈ ਅਤੇ ਸੰਗੀਤਕ ਧੁਨਾਂ 'ਚ 'ਦ ਸਾਊਂਡ ਲੈਬ' ਵੱਲੋਂ ਪ੍ਰੋਇਆ ਗਿਆ ਹੈ। ਪ੍ਰਸਿੱਧ ਫਿਲਮਕਲਾਕਾਰ ਮਲਕੀਤ ਰੌਣੀ, ਹਰਸ਼ਰਨ ਸਿੰਘ, ਮਰਹੂਮ ਉਸਤਾਦ ਕੁਲਦੀਪ ਮਾਣਕ ਦੇ ਸਾਥੀ ਰਹੇ ਜਗਤਾਰ ਰੋਮਾਣਾ, ਗਾਇਕ ਗੁਰਸ਼ੇਰ, ਹਰਜੋਤ ਸੰਧੂ ਅਤੇ ਹਰਪ੍ਰੀਤ ਸਿੰਘ ਦੈਹਿੜੂ ਦੇ ਵਿਸ਼ੇਸ਼ ਸਹਿਯੋਗ ਨਾਲ



ਤਿਆਰ ਗੀਤ ਇੱਕ ਬੋਹੜ ਦੇ ਦਰੱਖਤ ਮੂੰਹੋਂ ਅਜੋਕੇ ਮਾਹੌਲ ਦੀ ਦਰਦ ਕਹਾਣੀ ਬਿਆਨ ਕਰੇਗਾ। ਇਸ ਸੰਬੰਧੀ ਪ੍ਰੈਸ਼ ਨਾਲ ਗੱਲਬਾਤ ਕਰਦਿਆਂ ਮਨਦੀਪ ਖੁਰਮੀ ਨੇ ਦੱਸਿਆ ਕਿ 'ਓਹੀ ਬੋਹੜ' ਗੀਤ ਮੰਦੀ ਆਰਥਿਕਤਾ ਹੱਥੋਂ ਹਾਰ ਕੇ ਖੁਦਕੁਸ਼ੀਆਂ ਦਾ ਸੰਤਾਪ ਭੋਗਦੇ ਮਾਸੂਮ ਚਾਵਾਂ ਅਤੇ ਚਿੱਟੀਆਂ ਚੁੰਨੀਆਂ ਨੂੰ ਸਮਰਪਿਤ ਹੋਵੇਗਾ। ਉਹਨਾਂ ਸਮੂੰਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ 'ਓਹੀ ਬੋਹੜ' ਗੀਤ ਤੁਹਾਡਾ ਸਭ ਦਾ ਆਪਣਾ ਗੀਤ ਹੈ। ਜਿੰਨ੍ਹਾ ਵੀ ਪਿਆਰ ਬਖਸ਼ੋਗੇ, ਉਸੇ ਨੂੰ ਲੱਖ-ਮਣਾਂ ਸਮਝ ਕੇ ਅਗਲੇਰੀ ਕੋਸ਼ਿਸ਼ ਵਿੱਚ ਜੁਟ ਜਾਵਾਂਗਾ।

ਅਜੋਕੇ ਦੌਰ ਵਿੱਚ ਯੂ-ਟਿਊਬ ਦੇ ਵਿਊਜ਼ ਖਰੀਦ ਕੇ ਆਪਣੇ ਆਪ ਨੂੰ ਹਿੱਟ ਗੀਤਾਂ ਦੇ ਮਾਲਕ ਅਖਵਾਉਣ ਵਾਲੇ ਗਾਇਕਾਂ 'ਤੇ ਚੁਟਕੀ ਲੈਂਦਿਆਂ ਉਹਨਾਂ ਕਿਹਾ ਕਿ ਇਸ ਗੀਤ ਨੂੰ ਜਿੰਨਾਂ ਤੁਸੀਂ ਦੇਖੋ ਸੁਣੋਗੇ, ਓਹੀ ਤੁਹਾਡਾ ਪਿਆਰ ਹੋਵੇਗਾ। ਯੂ-ਟਿਊਬ ਦੇ ਵਿਊ ਖਰੀਦ ਕੇ ਨਾ ਤਾਂ ਅਸੀਂ ਖੁਦ ਬੇਵਕੂਫ ਬਣਕੇ ਗਲਤਫਹਿਮੀ 'ਚ ਜਿਉਣਾ ਪਸੰਦ ਕਰਾਂਗੇ ਤੇ ਨਾ ਹੀ ਲੋਕਾਂ ਨੂੰ ਬੇਵਕੂਫ਼ ਬਣਾਵਾਂਗੇ। ਸੋ ਅਜਿਹੇ ਸਾਫ-ਸੁੱਥਰੇ ਸੱਭਿਆਚਾਰਕ ਗੀਤਕਾਰਾ ਅਤੇ ਗਾਇਕਾ ਨੂੰ ਜ਼ਰੂਰ ਸੁਣਨਾ ਅਤੇ ਹੌਸਲਾਂ ਅਫਜਾਈ ਕਰਨਾ ਚਾਹੀਦਾ ਹੈ।

# ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਵਲੋਂ ਕਰਵਾਏ ਸਮੂਹਿਕ ਵਿਆਹ

**ਗੁਰਾਇਆ (ਨਿਰਮਲ ਗੁੜਾ)–** ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਯੂ ਕੇ ਦੇ ਸਰਪ੍ਰਤ ਪਿੰਦੂ ਜੌਹ.ਲ ਅਤੇ ਬਾਹੜਾ ਪਰਿਵਾਰ ਵਲੋਂ ਜੌਹ.ਲ ਫਾਰਮ ਘੁੜਕਾ ਵਿਖੇ ਜਿਥੇ ਹਰ ਸਾਲ ਲੋੜਮੰਦ ਮਰੀਜਾਂ ਦੇ ਇਲਾਜ ਲਈ ਉਪਰਾਲੇ ਕੀਤੇ ਜਾਂਦੇ ਹਨ, ਮਰੀਜਾਂ ਦੀਆਂ ਅੱਖਾਂ ਦੇ ਅਪ੍ਰੈਸ਼ਨ ਕਰਵਾਏ ਜਾਂਦੇ ਹਨ ਅਤੇ ਖੂੰਨਦਾਨ ਕੈਂਪ ਲਗਾ ਕੇ ਲੋੜਮੰਦ ਲੋਕਾਂ ਦੀ ਮੱਦਦ ਕੀਤੀ ਜਾਂਦੀ ਹੈ ਉਥੇ ਹੀ ਅੱਜ ਲੋੜਮੰਦ ਪਰਿਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਕਰਕੇ ਪਰਉਪਕਾਰੀ ਕਾਰਜ ਕੀਤਾ ਹੈ। ਇਸ ਸਮਾਗਮ ਵਿੱਚ ਵਿਆਂਦੜ ਜੋੜੀਆਂ ਨੂੰ ਅਸ਼ੀਰਵਾਦ ਦੇਣ ਲਈ ਸੰਤ ਬਾਬਾ ਗੁਰਚਰਨ ਸਿੰਘ ਜੀ ਨਿਰਮਲ ਕੁਟੀਆ ਪੰਡਵਾ ਵਾ.ਲੇ ਮੁੱਖ ਮਹਿਮਾਨ ਵਜੋਂ ਪੁੱਜੇ, ਜਦਕਿ ਸ਼੍ਰੀ ਮਤੀ ਕਰਮਜੀਤ ਚੌਧਰੀ ਪਤਨੀ ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ, ਸਰਵਣ ਸਿੰਘ ਫਿਲੌਰ ਸਾਬਕਾ ਕੈਬਨਿਟ ਮੰਤਰੀ, ਪ੍ਰਗਟ ਸਿੰਘ ਸਾਬਕਾ ਵਿਧਾਇਕ ਜਲੰਧਰ ਕੈਂਟ, ਸ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਪਾਰਲੀਮੈਂਟ, ਸ. ਸਰੂਪ ਸਿੰਘ ਕੜਿਆਣਾ, ਹਰਮਿੰਦਰ ਸਿੰਘ ਬਸਰਾ ਐਮ ਡੀ ਸਿਟੀ ਕੇਬਲ, ਜਸਵਿੰਦਰ ਕੌਰ ਯੂ ਕੇ ਅਤੇ ਸੋਨੀਆਂ ਯੂ ਕੇ ਉਚੇਚੇ ਤੌਰ ਤੇ ਪਹੁੰਚੇ। ਸਮਾਗਮ ਦੌਰਾਨ ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰਾਂ, ਐਨ ਆਰ ਆਈਜ਼ ਅਤੇ ਤਿਰਲੋਚਨ ਸਿੰਘ ਜੌਹ.ਲ ਵਲੋਂ ਆਈਆਂ ਬਰਾਤਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਲੜਕਿਆਂ ਦੇ ਪਰਿਵਾਰ ਅਤੇ ਲੜਕੀਆਂ ਦੇ ਪਰਿਵਾਰਾਂ ਵਲੋਂ ਬੜੀ ਖੁਸ਼ੀ ਖੁਸ਼ੀ ਸਾਰੇ ਸ਼ਗਨ ਅਦਾ ਕੀਤੇ ਅਤੇ ਸੰਸਥਾ ਦੇ ਮੈਂਬਰਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਅਨੰਦ ਕਾਰਜਾਂ ਦੀ ਰਸਮ ਵੇਲੇ ਕੀਰਤਨ ਹੋਣ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਦਾ ਇਹ ਯਤਨ ਸਲਾਘਾਯੋਗ ਹੈ, ਜਿਹਨਾਂ ਨੇ ਲੋੜਮੰਦ ਪਰਿਵਾਰਾਂ ਦੀਆਂ ਧੀਆਂ ਦੀ ਸ਼ਾਦੀ ਕਰਕੇ ਉਹਨਾਂ ਦੇ ਘਰ ਭੇਜ ਕੇ ਉਹਨਾਂ ਦੇ ਮਾਪਿਆਂ ਦੇ ਮੋਢੇ ਨਾ.ਲ ਮੋਢਾ ਜੋੜਕੇ ਸਹਿਯੋਗ ਕੀਤਾ ਹੈ ਅਤੇ ਉਹਨਾਂ ਨੇ ਨਵ ਵਿਆਹੇ ਜੋੜੀਆਂ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਉਹ ਆਪਣੇ ਗ੍ਰਿਸਥੀ ਜੀਵਨ ਨੂੰ ਖੁਸ਼ੀਆਂ ਨਾ.ਲ ਬਤੀਤ ਕਰਨ। ਸੰਸਥਾ ਵਲੋਂ ਆਏ ਮਹਿਮਾਨ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਹਰਦੀਪ ਸਿੰਘ ਤੱਗੜ ਨੇ ਕਿਹਾ ਕਿ ਸਾਡੀ ਸੰਸਥਾ ਅੱਜ ਮਾਣ ਮਹਿਸੂਸ ਕਰ ਰਹੀ ਹੈ ਕਿ ਪ੍ਰਮਾਤਮਾ ਦੀ ਕਿਰਪਾ ਸਦਕਾ ਅੱਜ ਲੋੜਮੰਦ ਪਰਿਵਾਰਾਂ ਦੀਆਂ ਦੇ ਅਨੰਦਕਾਰਜ ਕਰਵਾਏ ਗਏ ਹਨ ਅਤੇ ਆਉਣ ਵਾ.ਲੇ ਸਮੇ ਅੰਦਰ ਇਹਨਾਂ ਪਰਿਵਾਰਾਂ ਨੂੰ ਕਿਸੇ ਵੀ ਤਰਾਂ ਦੇ ਸਹਿਯੋਗ ਦੀ ਲੋੜ ਹੋਵੇ ਤਾਂ ਸੰਸਥਾ ਦੇ ਸਰਪ੍ਰਸਤ ਪਿੰਦੂ ਜੌਹ.ਲ ਯੂ ਕੇ ਅਤੇ ਬਾਹੜਾ ਪਰਿਵਾਰ ਇਹਨਾਂ ਦੀ ਸੇਵਾ ਲਈ ਹਰ ਵੇਲੇ ਹਾਜਿਰ ਹਨ ਅਤੇ ਹਰਦੀਪ ਸਿੰਘ ਤੱਗੜ ਨੇ ਆਏ ਮਹਿਮਾਨਾਂ ਦਾ ਸਮਾਗਮ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ। ਡੋ.ਲੀਆਂ ਤੋਰਨ ਸਮੇ ਦਾ ਮਹੌਲ ਗਮਗੀਨ ਭਰਿਆ ਸੀ ਤੇ ਸੰਸਥਾ ਵਲੋਂ ਆਪਣੀਆਂ ਧੀਆਂ ਜਿਨਾਂ ਪਿਆਰ ਦਿੰਦਿਆਂ ਪੂਰੇ ਰੀਤੀ ਰਿਵਾਜ ਨਾ.ਲ ਬਚੀਆਂ ਨੂੰ ਵਿਦਾਅ ਕੀਤਾ। ਸੰਸਥਾ ਵਲੋਂ ਵਿਆਂਦੜ ਜੋੜੀਆਂ ਨੂੰ ਘਰ ਵਿੱਚ ਵਰਤੋ ਵਾ.ਲਾ ਸਮਾਨ ਦਿਤਾ ਗਿਆ।




ਗੁਰੂ ਘਰ ਦਾ ਲੰਗਰ ਅਟੁੱਟ ਵਰਤਾਇਆ ਗਿਆ। ਇਸ ਮੌਕੇ ਤਿਰਲੋਚਨ ਸਿੰਘ ਜੌਹ.ਲ, ਸਤਨਾਮ ਸਿੰਘ ਬਾਜਵਾ, ਨਛੱਤਰ ਕੌਰ ਜੌਹ.ਲ, ਜੈਲੀ ਬੱਛੋਆ.ਲ, ਦੀਦਾਰ ਸਿੰਘ ਭੰਢਾਲ, ਸੁਖਵੀਰ ਸਿੰਘ ਸੰਧਰ, ਮਲਕੀਤ ਸਿੰਘ ਰਘਬੋਤਰਾ, ਮੇਅਰ ਅਰੁਣ ਖੋਸਲਾ, ਰਾਮ ਦਾਸ ਸਿੰਘ ਚਾਹਲ ਯੂ ਕੇ, ਅਮਨਿੰਦਰ ਸਿੰਘ ਤੱਗੜ, ਜੱਸੀ ਮਣਕੂ, ਨਿਰਮਲ ਗੁੜਾ, ਅਨੂਪ ਕੌਸ਼ਲ ਰਿੰਕੂ, ਸੁਖਾ ਬਾਹੋਆ.ਲ, ਹਰਨੇਕ ਸਿੰਘ ਗਰੇਵਾ.ਲ, ਰਾਮ ਸਰੂਪ ਸਰੋਏ, ਬੱਬੀ ਜੌਹ.ਲ, ਪਿੰਦਾ ਜੌਹ.ਲ, ਗੁਰਪ੍ਰੀਤ ਸਿੰਘ ਜੌਹ.ਲ, ਜੋਗਾ ਸਿੰਘ ਅੱਪਰਾ, ਜੁਝਾਰ ਸਿੰਘ ਲੁਹਾਰਾਂ, ਗੁਰਮੇਲ ਸਿੰਘ ਰੁੜਕਾ ਖੁਰਦ, ਬੱਬੂ ਲੰਬੜ, ਬਿੰਦਰ ਪੰਚ, ਵਿਕਾਸ ਥਾਪਰ ਅਤੇ ਹੋਰ ਵੀ ਮੌਜੂਦ ਸਨ।

# ਬਸਪਾ ਉਮੀਦਵਾਰ ਡਾ.ਮੱਖਣ ਸਿੰਘ ਦੇ ਚੋਣ ਦਫ਼ਤਰ ਦਾ ਉਦਘਾਟਨ





**ਮਹਿਲ ਕਲਾਂ–** ਚੋਣ ਕਮਿਸ਼ਨ ਵੱਲੋਂ ਚੋਣਾਂ ਦਾ ਐਲਾਨ ਹੋਣ ਉਪਰੰਤ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਡਾ. ਮੱਖਣ ਸਿੰਘ ਸ਼ੇਰਪੁਰ ਦੇ ਮਹਿਲ ਕਲਾਂ ਵਿਖੇ ਚੋਣ ਦਫ਼ਤਰ ਅੱਜ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਨੇ ਕੀਤਾ।

ਇਸ ਸਮੇਂ ਬਸਪਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਖੇੜੀ ਨੇ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਸਰਮਾਏਦਾਰਾਂ ਅਤੇ ਕਿਰਤੀ ਲੋਕਾਂ ਵਿੱਚ ਜੰਗ ਹੋਵੇਗੀ ਅਤੇ ਬਸਪਾ ਦੀ ਅਗਵਾਈ ਹੇਠ ਕਿਰਤੀ ਲੋਕਾਂ ਦੀ ਜਿੱਤ ਹੋਵੇਗੀ। ਉਨ੍ਹਾਂ ਕਿਹਾ ਕਿ ਹਲਕਾ ਮਹਿਲ ਕਲਾਂ ਅੰਦਰ ਬਸਪਾ ਦੇ ਪੱਖ ਵਿੱਚ ਹਨੇਰੀ ਝੁਲ ਰਹੀ ਹੈ ਅਤੇ ਲੋਕਾਂ ਨੇ ਇਸ ਵਾਰ ਹਾਥੀ ਦੀ ਸਵਾਰੀ ਕਰਨ ਦਾ ਮਨ ਬਣਾ ਲਿਆ ਹੈ।

ਬਸਪਾ ਦੇ ਨੌਜਵਾਨ ਆਗੂ ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਹਲਕਾ ਅੰਦਰ ਹਰ ਧਰਮ ਅਤੇ ਬਰਾਦਰੀ ਲੋਕ ਡਾ. ਮੱਖਣ ਸਿੰਘ ਦੀ ਚੋਣ ਮੁਹਿੰਮ ਦਾ ਹਿੱਸਾ ਬਣ ਰਹੇ ਹਨ ਅਤੇ ਬਸਪਾ ਸਾਰੇ ਵਰਗਾਂ ਦੇ ਹਿਤਾਂ ਲਈ ਪੂਰੀ ਤਰਾਂ ਵਚਨਬੱਧ ਹੈ।

ਇਸ ਮੌਕੇ ਵਿਸ਼ੇਸ਼ ਤੌਰ ਤੇ ਮੰਡਲ ਕੋਆਰਡੀਨੇਟਰ ਜਰਨੈਲ ਸਿੰਘ ਭੋਤਨਾ, ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਖੇੜੀ, ਹਲਕਾ ਪ੍ਰਧਾਨ ਮੁਕੰਦ ਸਿੰਘ ਬਧੇਸਾ, ਜਰਨਲ ਸਕੱਤਰ ਕਰਤਾਰ ਸਿੰਘ ਅਲੀਪੁਰ, ਸਕੱਤਰ ਦਰਬਾਰਾ ਸਿੰਘ ਬਧੇਸਾ, ਪਰਮਜੀਤ ਬਾਦਸ਼ਾਹ, ਡੋਗਰ ਸਿੰਘ ਵਜੀਦਕੇ ਕਲਾਂ, ਪ੍ਰੇਮ ਸਿੰਘ ਸੱਦੋਵਾਲ, ਕੁਲਦੀਪ ਸਿੰਘ ਛੀਨੀਵਾਲ, ਪ੍ਰਮਿੰਦਰ ਕੌਰ ਸੰਗਰੂਰ, ਸੁਖਦੇਵ ਸਿੰਘ ਭੋਗਾ, ਦਫ਼ਤਰ ਸਕੱਤਰ ਪਰਸਾ ਸਿੰਘ ਛੀਨੀਵਾਲ, ਦਰਬਾਰਾ ਸਿੰਘ ਬਧੇਸਾ, ਚਮਕੌਰ ਸਿੰਘ ਟਿੱਬਾ, ਚਰਨਜੀਤ ਖਿਆਲੀ, ਪਵਿੱਤਰ ਸਿੰਘ, ਦਰਸਨ ਸਿੰਘ ਬਾਜਵਾ, ਜਗਦੇਵ ਸਿੰਘ ਗੁਰਮਾਂ,ਨੰਬਰਦਾਰ ਅਵਤਾਰ ਸਿੰਘ ਨਿਹਾਲੂ-ਵਾਲ, ਅਮਰੀਕ ਬੀਹਲਾ ਹਾਕਮ ਸਿੰਘ ਮੂੰਮ,ਨਛੱਤਰ ਸਿੰਘ ਹੇੜੀਕੇ, ਜਗਤਾਰ ਸਿੰਘ ਦੀਦਾਰਗੜ, ਯੂਥ ਆਗੂ ਕਮਲਜੀਤ ਸਿੰਘ ਬੀਹਲਾ, ਕੁਲਦੀਪ ਕੌਰ ਗਾਗੇਵਾਲ, ਹਰਬੰਸ ਸਿੰਘ ਛੀਨੀਵਾਲ, ਗੁਰਮੇਲ ਸਿੰਘ ਮੂੰਮ, ਦਰਬਾਰਾ ਸਿੰਘ ਮਹਿਲ ਕਲਾਂ ਮਨਦੀਪ ਸਿੰਘ ਵਧਾਤੇ, ਦਲਜੀਤ ਸਿੰਘ ਵਧਾਤੇ, ਅਮਨਦੀਪ ਸਿੰਘ ਬੱਬੂ, ਗੋਰਾ ਸਿੰਘ, ਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਲਛਮਣ ਸਿੰਘ ਵਧਾਤੇ, ਦਰਸਨ ਸਿੰਘ, ਭੋਲਾ ਸਿੰਘ, ਗਿਆਨ ਸਿੰਘ, ਗੁਰਮੇਲ ਸਿੰਘ, ਆਦਿ ਆਗ ਹਾਜ਼ਰ ਸਨ।

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ

ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।



JOHN SINGH BANGA
Realtor, Lic # 01397975
916-271-5404
banga.realtor@gmail.com

TEAM JD
ELITE REALTY SERVICES

DALVIR 'DIL' NIJJAR
Realtor, Lic # 01418648
916-628-2210
dil.realtor@gmail.com







Office: 916-681-5112
7412 Elsie Avenue, Sacramento CA 94828

### ਪੰਜਾਬ ਵਿਧਾਨ ਸਭਾ ਚੋਣਾਂ ਫਰਵਰੀ 2017

# ਕੀ ਇਸ ਵਾਰ ਵਿਧਾਨ ਸਭਾ ਦੇ ਜੇਤੂਆਂ ਦਾ ਫੈਸਲਾ ਵੋਟਰ ਨਹੀਂ, ਕਿਸਮਤ ਕਰੇਗੀ?



ਪ੍ਰੇਮੀ ਲਾਲੋ ਮਜਾਰਾ
91-95011-43755

ਲੱਗਦਾ ਕੁਝ ਇਸ ਤਰ੍ਹਾਂ ਹੀ ਹੈ ਕਿ ਇਸ ਵਾਰ ਪੰਜਾਬ ਵਿਧਾਨ ਸਭਾ ਦੇ ਭਵਿੱਖ ਦਾ ਫੈਸਲਾ, ਸਮਝਦਾਰ ਵੋਟਰ ਨਹੀਂ, ਕਿਸਮਤ ਹੀ ਫੈਸਲਾ ਕਰੇਗੀ। ਲੋਕ ਸਰਵਿਆਂ 'ਤੇ ਯਕੀਨ ਕਰਨਾ ਛੱਡ ਦਿੱਤਾ ਹੈ। ਸਰਵੇ ਚਾਹੇ ਅਖਬਾਰਾਂ ਦੇ ਹੋਣ ਜਾਂ ਚੈਨਲਾਂ ਦੇ। ਇਹ ਸਭ ਪੇਡ ਹਨ। ਇਹ ਵੋਟਰਾਂ ਨੂੰ ਗੁੰਮਰਾਹ ਕਰਨ ਦਾ ਗੋਰਖਧੰਦਾ ਵੋਟਾਂ ਪੈਣ ਤੱਕ ਜਿਉਂ ਦਾ ਤਿਉਂ ਚੱਲਦਾ ਰਹੇਗਾ। ਚੋਣ ਕਮਿਸ਼ਨ ਕੁਝ ਵੀ ਨਹੀਂ ਕਰ ਸਕੇਗਾ। ਕਿਉਂਕਿ ਤਕੜੇ ਦਾ ਸੱਤੀ ਵੀਹੀਂ ਸੌ ਹੁੰਦਾ ਹੈ। ਹਰ ਪਾਰਟੀ ਵਿਚ ਬਗਾਵਤ ਦਾ ਦੌਰ ਜਾਰੀ ਹੈ। ਕਾਂਗਰਸ ਦੇ ਕਈ ਆਜ਼ਾਦ ਉਮੀਦਵਾਰ ਲੱਗਭੱਗ ਹਰ ਹਲਕੇ ਤੋਂ ਅਕਾਲੀਆਂ ਦੀ ਸ਼ਹਿ 'ਤੇ ਖੜ੍ਹੇ ਹਨ ਤੇ ਕਈ ਆਜ਼ਾਦ ਉਮੀਦਵਾਰ ਲੱਗਭੱਗ ਹਰ ਹਲਕੇ ਤੋਂ ਅਕਾਲੀਆਂ ਦੀ ਸ਼ਹਿ 'ਤੇ ਖੜ੍ਹੇ ਹਨ ਤੇ ਕਈ ਆਜ਼ਾਦ ਅਕਾਲੀ ਉਮੀਦਵਾਰ ਕਾਂਗਰਸ ਦੀ ਸ਼ਹਿ ਤੇ ਮਹਾਂਭਾਰਤ ਲੜ ਰਹੇ ਹਨ। ਕਈ ਥਾਵਾਂ 'ਤੇ ਕਈ ਬਾਗੀ ਕਾਂਗਰਸੀ, ਬਾਗੀ ਅਕਾਲੀਆਂ ਨੂੰ ਫੋਨ ਕਰ-ਕਰ ਕੇ ਕਹਿ ਰਹੇ ਹਨ ਕਿ ਮੈਂ ਆਪਣੀ ਪਾਰਟੀ ਦੇ ਖਿਲਾਫ ਖੜ੍ਹਾ ਹਾਂ ਤੇ ਤੂੰ ਵੀ ਖੜ੍ਹ। ਕਈ ਥਾਵਾਂ 'ਤੇ ਜਿੱਤਣ ਦੀ ਸਥਿਤੀ ਵਿਚ ਕੋਈ ਹੋਰ ਹੈ, ਪਰ ਜਦ ਚੋਣ ਨਤੀਜੇ ਆਉਣਗੇ ਤਾਂ ਜਿੱਤ ਕਿਸੇ ਹੋਰ ਨੇ ਜਾਣਾ ਹੈ। ਕਈ ਤਾਂ ਖੁਦ ਜਿੱਤਣ ਲਈ ਨਹੀਂ, ਕਿਸੇ ਨਾ ਕਿਸੇ ਨੂੰ ਹਰਾਉਣ ਲਈ ਖੜ੍ਹੇ ਹਨ। ਕਈ ਥਾਵਾਂ 'ਤੇ ਵੱਖੋ-ਵੱਖ ਪਾਰਟੀਆਂ ਦੇ ਬਾਗੀ ਉਮੀਦਵਾਰਾਂ ਨੇ ਆਪਸ ਵਿਚ ਹੀ ਤਾਲਮੇਲ ਬਣਾਇਆ ਹੋਇਆ ਹੈ। ਉਹ ਵੋਟਾਂ ਤੋਂ ਪਹਿਲਾਂ ਚੰਦ ਪਲਾਂ 'ਚ ਕੀ ਕੰਜਰ ਕੜ੍ਹੀ ਘੋਲ ਦੇਣ, ਇਹ ਕਿਸੇ ਨੂੰ ਕੁਝ ਵੀ ਪਤਾ ਨਹੀਂ। ਇਕ ਵੋਟਰ ਉਹ ਆ, ਜਿਹੜਾ ਹੁਣ ਤੋਂ ਹੀ ਕਿਸੇ ਨਾ ਕਿਸੇ ਪਾਰਟੀ ਨੂੰ ਵੋਟ ਦੇਣ ਦਾ ਮਨ ਬਣਾਈ ਬੈਠਾ ਹੈ। ਇਕ ਉਹ ਵੋਟਰ ਆ ਜਿਹੜਾ ਲਾਲਚ ਵੱਸ ਇਹ ਉਡੀਕ ਕਰ ਰਿਹਾ ਹੈ ਕਿ ਜਿਹੜਾ ਸਾਨੂੰ ਕੁਝ ਖਿਲਾਊ-ਪਿਲਾਊ ਅਸੀਂ ਤਾਂ ਉਹਨੂੰ ਹੀ ਵੋਟ ਦੇਵਾਂਗੇ। ਕਿਉਂਕਿ ਵੋਟਰਾਂ ਨੂੰ ਪਤਾ ਹੈ ਕਿ ਇਹ ਸਿਆਸੀ ਵਿਉਪਾਰੀ ਜਦ ਜਿੱਤ ਜਾਂਦੇ ਹਨ ਤਾਂ ਪੂੰਨੂ ਵਾਂਗ ਵਾਪਸ ਮੁਹਾਰਾਂ ਨਹੀਂ ਮੋੜਦੇ। ਇਕ ਹੋਰ ਤਰ੍ਹਾਂ ਵੀ ਵੋਟਰ ਹੈ, ਉਹ ਇਹ ਸੋਚਦਾ ਹੈ ਕਿ ਜਿਹੜਾ ਫਲਾਣੇ-ਫਲਾਣੇ ਨੂੰ ਹਰਾਉਣ ਦੇ ਸਮਰੱਥ ਹੋਵੇਗਾ, ਉਹਨੂੰ ਵੋਟ ਪਾਵਾਂਗੇ। ਕਈ ਉਮੀਦਵਾਰ ਘਟੀਆ ਭਾਸ਼ਾ ਵੀ ਬੋਲਣਗੇ ਤੇ ਉਹ ਜਿੱਤਦੇ-? ਕੁਝ ਵੋਟਾਂ ਦੇ ਅੰਤ ਨਾਲ ਹਾਰ ਜਾਣਗੇ। ਜਿਹਨਾਂ ਗਰੀਬ ਲੋਕਾਂ ਨੂੰ ਅਸੀਂ ਲੋਕਤੰਤਰ ਦੇ ਮਜ਼ਬੂਤ ਥੰਮ ਆਖਦੇ ਹਾਂ, ਉਹ ਵਿਚਾਰੇ ਲਾਈਨਾਂ 'ਚ ਖੜ੍ਹੇ ਹਨ। ਉਹ ਕਿਸਦੀ ਸਿਆਸੀ ਵਿਰਾਸਤ ਉਜਾੜਨਗੇ, ਇਹ ਵੀ ਸੋਚਣ ਵਾਲੀ ਗੱਲ ਹੈ। ਪੰਜਾਬ ਦੇ ਚੰਦ ਹਲਕੇ ਹਨ, ਜਿਵੇਂ ਲੰਬੀ ਤੋਂ ਪ੍ਰਕਾਸ਼ ਸਿੰਘ ਬਾਦਲ, ਜਲਾਲਬਾਦ ਤੋਂ ਸੁਖਬੀਰ ਬਾਦਲ, ਮਜੀਠਾ ਤੋਂ ਬਿਕਰਮ ਮਜੀਠੀਆ, ਪਟਿਆਲੇ ਤੋਂ ਕੈਪਟਨ, ਅੰਮ੍ਰਿਤਰ ਤੋਂ ਨਵਜੋਤ ਸਿੱਧੂ, ਲਹਿਰਾਗਾਗਾ ਤੋਂ ਬੀਬੀ ਭੱਠਲ ਜਿਹਨਾਂ ਦੀ ਜਿੱਤ ਪੱਕੀ ਕਹੀ ਜਾ ਸਕਦੀ ਹੈ। ਬਾਕੀ ਪੰਜਾਬ 'ਚ ਕੀਹਦੇ ਘਰ ਖੁਸ਼ੀ ਮੰਨੇਗੀ ਤੇ ਕਿਹਦੇ ਘਰ ਵੈਣ, ਇਹ ਵੋਟਰ ਨਹੀਂ, ਕਿਸਮਤ ਹੀ ਜਾਣਦੀ ਹੈ।

**ਕੀ ਮਮਤਾ ਬੈਨਰਜੀ, ਕੇਜਰੀਵਾਲ ਦੇ ਖਿਲਾਫ ਬੋਲੇਗੀ**

ਇਕ ਮਮਤਾ ਬੈਨਰਜੀ (ਪੱਛਮੀ ਬੰਗਾਲ ਦੀ ਮੁੱਖ ਮੰਤਰੀ) ਹੀ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੇ ਹੱਕ 'ਚ ਸਿਆਸੀ ਹਾਅ ਦਾ ਨਾਅਰਾ ਮਾਰਦੀ ਹੁੰਦੀ ਸੀ। ਪਰ ਲੱਗਦਾ ਦੋਵਾਂ ਵਿਚ ਹੀ ਹੁਣ ਸਿਆਸੀ ਜੰਗ ਲੱਗਣ ਵਾਲੀ ਹੈ। ਜੰਗ ਦਾ ਮੈਦਾਨ ਹੋਵੇਗਾ ਪੰਜਾਬ।

ਪੰਜਾਬ ਵਿਚ ਤ੍ਰਿਣਾਮੂਲ ਕਾਂਗਰਸ; ਆਮ ਆਦਮੀ ਪਾਰਟੀ ਨਾਲ ਹਰ ਕੀਮਤ ਤੇ ਸਮਝੌਤਾ ਕਰਨਾ ਚਾਹੁੰਦੀ ਸੀ, ਪਰ ਕੇਜਰੀਵਾਲ ਨੇ ਸਮਝੌਤਾ ਨਾ ਕਰਨ ਦਾ ਕਰਾਰਾ ਜਵਾਬ ਦੇ ਕੇ, ਮਮਤਾ ਨੂੰ ਦੱਸ ਦਿੱਤਾ ਹੈ ਕਿ ਪਿਆਰ ਤੇ ਜੰਗ ਦੇ ਮੈਦਾਨ ਵਿਚ ਸਭ ਕੁਝ ਜਾਇਜ਼ ਹੁੰਦਾ ਹੈ। ਅੱਗੋਂ ਮਮਤਾ ਵੀ ਕਿਹੜਾ ਘੱਟ ਹੈ, ਉਹ ਜਦ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸਿੱਧਾ ਟਾਰਗੇਟ ਕਰ ਸਕਦੀ ਹੈ ਤਾਂ ਉਹਦੇ ਲਈ ਹਮ-ਅਹੁਦਾ ਕੇਜਰੀਵਾਲ ਕਿਸ ਬਾਗ ਦੀ ਮੂਲੀ ਹੈ। ਸੋ ਇਸੇ ਜਵਾਬੀ ਕਾਰਵਾਈ ਦੀ ਲੜੀ ਤਹਿਤ ਮਮਤਾ ਨੇ ਆਪਣੇ ਉਮੀਦਵਾਰ ਉਤਰਨੇ ਸ਼ੁਰੂ ਕਰ ਦਿੱਤੇ ਹਨ।

**ਡਿਨਰ ਤੇ ਫਰੈਸ਼ ਦੋਵੇਂ ਹੀ ਲਿਆ**

ਅਕਾਲੀ ਸਰਕਾਰ ਦਾ ਇਕ ਸਾਬਕਾ ਸੰਸਦੀ ਸਕੱਤਰ ਤੇ ਮੌਜੂਦਾ ਵਿਧਾਇਕ ਜਦ ਪਿਛਲੇ ਦਿਨੀਂ ਰਾਤ ਨੂੰ ਚੰਡੀਗੜ੍ਹ ਆਪਣੀ ਰਿਹਾਇਸ਼ ਤੇ ਗਿਆ ਤਾਂ ਵੇਟਰ ਨੇ ਪੁੱਛਿਆ ਕਿ ਸਰ ਜੀ, ਪਹਿਲਾਂ ਫਰੈਸ਼ ਹੋਣਾ ਕਿ ਡਿਨਰ ਲੈ ਕੇ ਆਵਾਂ। ਤਾਂ 5ਵੀਂ ਪਾਸ ਵਿਧਾਇਕ ਦਾ ਜਵਾਬ ਸੀ ਕਿ ਦੋਵੇਂ ਹੀ ਲਿਆ। ਐਦਾਂ ਦੀ ਘਟਨਾ ਪੰਜਾਬ ਵਿਧਾਨ ਸਭਾ ਦੇ ਅੰਦਰ ਵੀ ਹੋ ਚੁੱਕੀ ਹੈ। ਜਦ ਕਾਂਗਰਸੀ ਸਰਕਾਰ ਦੇ ਵੇਲੇ ਇਕ ਕਾਂਗਰਸ ਦੇ ਕੈਬਨਿਟ ਮੰਤਰੀ ਨੇ ਵਿਰੋਧਤਾ ਕਰਦੇ ਹੋਏ ਕਿਹਾ ਸੀ, ਕਿ ਮੈਂ ਚਮੜੇ ਤੇ ਟੈਕਸ ਕਿਸੇ ਵੀ ਹਾਲਤ ਵਿਚ ਨਹੀਂ ਲੱਗਣ ਦਿਆਂਗਾ, ਲੈਦਰ ਤੇ ਬੇਸ਼ੱਕ ਲਾ ਦਿਓ। ਤੇ ਹੁਣ ਇਸੇ ਮਰਹੂਮ ਮੰਤਰੀ ਦਾ ਬੇਟਾ ਅੱਜਕਲ੍ਹ ਆਪਣੀ ਹੀ ਕਾਂਗਰਸ ਪਾਰਟੀ ਦੇ ਖਿਲਾਫ ਮਹਾਂਭਾਰਤ ਛੇੜੀ ਬੈਠਾ ਹੈ। ਮਤਲਬ ਕਿ ਬਾਗੀ ਹੋ ਕੇ ਚੋਣ ਲੜ ਰਿਹਾ ਹੈ।

**ਐਡੀ ਕੀ ਮਜਬੂਰੀ ਸੀ ਜਰਨੈਲ ਸਿੰਘ ਨੂੰ ਲੰਬੀ ਤੋਂ ਉਮੀਦਵਾਰ ਬਣਾਉਣ ਦੀ**

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ ਲੰਬੀ ਤੋਂ ਦਿੱਲੀ ਦੇ ਰਾਜੌਰੀ ਗਾਰਡਨ ਤੋਂ ਵਿਧਾਇਕ (ਜੋ ਕਿ ਹੁਣ ਅਸਤੀਫਾ ਦੇ ਗਿਆ ਹੈ) ਸ. ਜਰਨੈਲ ਸਿੰਘ ਨੂੰ ਉਮੀਦਵਾਰ ਉਤਾਰਨ ਦਾ ਫੈਸਲਾ ਕਿਸੇ ਵੀ ਸਿਆਸੀ ਮਾਹਿਰ ਦੇ ਗਲੇ 'ਚ ਨਹੀਂ ਉਤਰ ਰਿਹਾ, ਕਿਉਂਕਿ ਜਰਨੈਲ ਸਿੰਘ ਦਾ ਸਿਆਸੀ ਕੱਦ ਐਨਾ ਉਚਾ ਨਹੀਂ ਹੈ ਕਿ ਉਹ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਥੋੜ੍ਹੀ ਜਿਹੀ ਵੀ ਟੱਕਰ ਦੇ ਸਕੇ।

ਜਰਨੈਲ ਸਿੰਘ ਦੀ ਪਹਿਚਾਣ ਸਿਰਫ ਐਨੀ ਕੁ ਹੈ ਕਿ ਉਸਨੇ ਤੱਤਕਾਲੀਨ ਵਿੱਤ ਮੰਤਰੀ ਪੀ. ਚਿੰਦਬਰਮ ਦੇ ਜੁੱਤੀ ਮਾਰੀ ਸੀ। ਜੇ ਹੁਣ ਜਰਨੈਲ ਸਿੰਘ ਤੇ ਕਿਸੇ ਸ਼ਰਾਰਤੀ ਨੇ ਇਸ ਤਰ੍ਹਾਂ ਦਾ ਇਤਿਹਾਸ ਦੁਹਰਾ ਦਿੱਤਾ ਤੇ ਫਿਰ ਆਪ ਵਾਲੇ ਕੀ ਕਹਿਣਗੇ। ਜੇ ਸ. ਬਾਦਲ ਦੇ ਖਿਲਾਫ ਕਿਸੇ ਦੀ ਬਲੀ ਹੀ ਚਾੜ੍ਹਨੀ ਸੀ ਤਾਂ ਦਿੱਲੀ ਤੋਂ ਪ੍ਰਾਜੈਕਟ ਕਰਨ ਦੀ ਕੀ ਲੋੜ ਸੀ, ਪੰਜਾਬ 'ਚ ਕਿਹੜਾ ਜਰਨੈਲਾਂ ਦੀ ਕਮੀ ਹੈ। ਹਾਂ, ਜੇ ਮੁੱਖ ਮੰਤਰੀ ਨੂੰ ਟੱਕਰ ਹੀ ਦੇਣੀ ਸੀ, ਸੰਜੇ ਸਿੰਘ, ਦੁਰਗੇਸ਼ ਪਾਠਕ, ਆਸ਼ੂਤੋਸ਼ ਤੇ ਖੁਦ ਕੇਜਰੀਵਾਲ ਤਕੜੇ ਉਮੀਦਵਾਰ ਹੋ ਸਕਦੇ ਹਨ। ਇਸਦਾ ਮਤਲਬ ਇਹ ਤਾਂ ਨਹੀਂ ਕਿ ਜੇ ਕਿਸੇ ਦਾ ਨਾਂ ਹੀ ਜਰਨੈਲ ਹੈ ਤੇ ਉਹ ਵਾਕਿਆ ਹੀ ਲੰਬੀ ਦਾ ਜਰਨੈਲ ਹੋ ਨਿੱਬੜੇਗਾ।

**ਕਹਿਣੀ ਤੇ ਕਰਨੀ 'ਚ ਅੰਤਰ**

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਹੁੰਦਿਆਂ ਹੀ ਸਭ ਪਾਰਟੀਆਂ ਦੀ ਗੱਲੀਂ-ਬਾਤੀਂ ਇਹ ਕੋਸ਼ਿਸ਼ ਹੋਵੇਗੀ ਕਿ ਨਾ ਖੁਦ ਨਸ਼ਾ ਵੰਡਣਾ ਹੈ, ਤੇ ਨਾ ਹੀ ਕਿਸੇ ਪਾਰਟੀ ਨੂੰ ਨਸ਼ਾ ਵੰਡਣ ਦੇਣਾ ਹੈ।

ਹਾਲਾਤ ਇਸ ਤੋਂ ਉਲਟ ਹੀ ਹਨ। ਕਿਉਂਕਿ ਹਰ ਪਾਰਟੀ ਨੂੰ ਪਤਾ ਹੈ ਕਿ ਜੇ ਪੰਜਾਬੀਆਂ ਤੋਂ ਵੋਟਾਂ ਲੈਣੀਆਂ ਹਨ ਤਾਂ 13ਵਾਂ ਰਤਨ ਛਕਾਉਣਾ ਹੀ ਪੈਣਾ ਹੈ। ਨਹੀਂ ਤਾਂ ਜੇ ਕਿਸੇ ਨੂੰ ਭਰਮ ਹੈ ਤਾਂ ਉਹ ਫਰਰਵੀ ਦੇ ਪਹਿਲੇ ਹਫਤੇ ਆਪ ਹੀ ਪਿੰਡ-ਪਿੰਡ ਜਾ ਕੇ ਵੇਖ ਲਵੇ ਕਿ ਕੀ-ਕੀ ਭਾਣਾ ਵਰਤਦਾ ਹੈ। ਜੇ ਚੋਣ ਕਮਿਸ਼ਨ ਐਨਾ ਹੀ ਸੁਹਿਰਦ ਹੈ ਤਾਂ ਹੁਣ ਤੋਂ ਹੀ ਪੰਜਾਬ ਦੇ ਸਾਰੇ ਠੇਕੇ ਮੁਕੰਮਲ ਬੰਦ ਕਰਵਾ ਦੇਵੇ ਤੇ ਪੰਜਾਬ ਦੇ ਨਾਲ ਲੱਗਦੇ ਹਰ ਰਾਜ ਦੇ ਬਾਰਡਰ ਤੇ ਚੌਕਸੀ ਵਧਾ ਦੇਵੇ। ਹੁਣ ਤਾਂ ਨਾਲੇ ਹੈ ਹੀ ਸਭ ਕੁਝ ਚੋਣ ਕਮਿਸ਼ਨ ਦੇ ਅੰਡਰ। ਜੇ ਪੰਜਾਬੀ ਇਕ ਮਹੀਨਾ ਸ਼ਰਾਬ ਨੂੰ ਮੂੰਹ ਨਾ ਵੀ ਲਾਉਣਗੇ ਤਾਂ ਕਿਹੜਾ ਮਰ ਚੱਲੇ ਆ। ਕੁਰਬਾਨੀ ਤਾਂ ਦੇਣੀ ਹੀ ਪਊ।

## ਇਕ ਚਿਹਰਾ ਇਹ ਵੀ

# ਹਰਭਜਨ ਸਿੰਘ 'ਲਾਖਾ' ਦੀ ਵਿਰਾਸਤ ਦਾ ਰਾਖਾ- ਪਰਮਜੀਤ 'ਲਾਖਾ'

ਮਹਾਨ ਵਿਅਕਤੀਆਂ ਦੀ ਇਤਿਹਾਸਕ ਵਿਰਾਸਤ ਸਬਰ, ਸੰਤੋਖ, ਹੋਣਹਾਰ ਤੇ ਸਮਝਦਾਰ ਪੀੜ੍ਹੀ ਹੀ ਸੰਭਾਲ ਸਕਦੀ ਹੈ। ਉਪਰੋਕਤ ਸ਼ਬਦ ਹੂਬਹੂ ਕੈਨੇਡਾ ਦੇ ਵੈਨਕੂਵਰ ਸ਼ਹਿਰ 'ਚ ਵੱਸਦੇ ਪਰਮਜੀਤ ਲਾਖਾ 'ਤੇ ਸੌ ਫੀਸਦੀ ਸਹੀ ਢੁੱਕਦੇ ਹਨ, ਜੋ ਆਪਣੇ ਸਵ. ਬਾਪ ਸ. ਹਰਭਜਨ ਸਿੰਘ ਲਾਖਾ, ਜੋ ਕਿ ਫਿਲੌਰ ਤੋਂ 1989 ਤੇ 1996 'ਚ ਸੰਸਦ ਮੈਂਬਰ ਰਹਿ ਚੁੱਕੇ ਹਨ ਤੇ ਜਿਸਨੂੰ ਬਹੁਜਨ ਸਮਾਜ ਬਾਬਾ ਬੋਹੜ ਦੇ ਨਾਂ ਨਾਲ ਬੁਲਾਉਂਦਾ ਸੀ, ਦੀ ਸਮਾਜਿਕ ਤੇ ਸਿਆਸੀ ਵਿਰਾਸਤ ਨੂੰ ਸੰਭਾਲਣ ਲਈ ਹਰ ਤਰ੍ਹਾਂ ਹੀ ਯਤਨਸ਼ੀਲ ਹੈ। ਪਰਮਜੀਤ ਲਾਖਾ ਆਪਣੇ ਭਰਾ ਕੰਵਲਜੀਤ ਲਾਖਾ ਤੋਂ ਛੋਟਾ ਹੈ ਤੇ ਰਛਪਾਲ ਲਾਖਾ ਤੋਂ ਵੱਡਾ ਹੈ। ਤਿੰਨੇ ਲਾਖਾ ਬ੍ਰਦਰਜ਼ ਮਿਲ ਕੇ ਮਾਤਾ ਸ੍ਰੀਮਤੀ ਚਰਨ ਕੌਰ ਦੇ ਆਸ਼ੀਰਵਾਦ ਸਦਕਾ ਇਲੈਕਟੀਕਲ ਰੈਫਰੀਜਰੇਸ਼ਨ ਲਿਮਟਿਡ ਦੇ ਤਹਿਤ ਪਾਵਰ ਕੂਲ ਨਾਂ ਦਾ ਬਿਜਨਸ ਕਰ ਰਹੇ ਹਨ ਤੇ ਅੰਗਰੇਜਾਂ ਵਿਚ ਰਹਿ ਕੇ, ਵਿਦੇਸ਼ੀ ਧਰਤੀ ਤੇ ਟੀਸੀ ਦੇ ਬੇਰ ਵਾਂਗ ਸਫਲਤਾ ਦੇ ਝੰਡੇ ਗੱਡ ਰਹੇ ਹਨ। ਪਰਮਜੀਤ ਲਾਖਾ ਐਸ. ਐਨ. ਕਾਲਿਜ ਬੰਗਾ ਤੋਂ ਗ੍ਰੈਜੂਏਟ ਹੈ। 1996 ਵਿਚ 'ਮੇਹਰ ਚੰਦ ਕਾਲਜ ਤੋਂ ਪਰਮਜੀਤ ਮਕੈਨੀਕਲ ਡਿਲੋਮਾ ਹੋਲਡਰ ਹੈ। 1998 ਵਿਚ ਸਾਰਾ ਲਾਖਾ ਪਰਿਵਾਰ ਕੈਨੇਡਾ ਚਲਾ ਗਿਆ। ਪਰਮਜੀਤ ਲਾਖਾ ਜੋ ਆਪਣੇ ਬਾਪ ਸ. ਹਰਭਜਨ ਸਿੰਘ ਲਾਖਾ ਦੀ ਸਮਾਜ ਨੂੰ ਜੋ ਬੇਸ਼ਕੀਮਤੀ ਦੇਣ ਦੀ ਮਿਠਾਸ ਭਰੀ ਸੁਨਹਿਰੀ ਗੁੜ੍ਹਤੀ ਗੋਰਿਆਂ ਦੀ ਧਰਤੀ ਤੇ ਨਾਲ ਲੈ ਕੇ ਗਿਆ ਸੀ, ਉਸਦੀ ਸਾਂਭ ਸੰਭਾਲ ਲਈ ਉਹ ਵੈਨਕੂਵਰ ਦੀ ਧਰਤੀ ਤੇ ਬਾਵਾ ਸਾਹਿਬ ਤੇ ਸਾਹਿਬ ਸ੍ਰੀ ਕਾਂਸੀ ਰਾਮ ਜੀ ਨੂੰ ਸਮਰਪਿਤ ਮਿਸ਼ਨਰੀ ਪ੍ਰੋਗਰਾਮ ਕਰਵਾਉਂਦਾ ਹੀ ਰਹਿੰਦਾ ਹੈ। ਇਸਦੇ ਫਲਸਰੂਪ ਜਿਹੜਾ ਵੀ ਮਿਸ਼ਨਰੀ



ਕਲਾਕਾਰ ਤੇ ਜਾਂ ਸ਼ਾਇਰ ਉਥੇ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਦੀ ਮਹਿਮਾ ਗਾਉਣ ਜਾਂਦਾ ਹੈ, ਉਹਦਾ ਮਾਣ ਸਨਮਾਨ ਕਰਤਾ ਪਰਮਜੀਤ ਲਾਖਾ ਆਪਣਾ ਪਵਿੱਤਰ ਫਰਜ਼ ਸਮਝਦਾ ਹੈ। ਪਰਮਜੀਤ ਲਾਖਾ ਦੇ ਉਚੇਚੇ ਯਤਨਾਂ ਸਦਕਾ 'ਬਾਬਾ ਬੋਹੜ ਦੀ ਯਾਦ ਨੂੰ ਸਮਰਪਿਤ' ਬੇਗਮਪੁਰਾ ਯੂਨੀਵਰਸਿਟੀ ਪਠਾਨਕੋਟ ਵੱਲੋਂ ਇਕ ਚੇਅਰ ਸਥਾਪਿਤ ਕੀਤੀ ਜਾ ਰਹੀ ਹੈ, ਜਿਸ ਦੇ ਸਦਕਾ ਨਵੀਂ ਪੀੜ੍ਹੀ ਨੂੰ ਮਕੈਨੀਕਲ ਤੇ ਤਕਨੀਕੀ ਤੌਰ 'ਤੇ ਸਿਖਲਾਈ ਦਿੱਤੀ ਜਾਇਆ ਕਰੇਗੀ। ਪਿੰਡ ਕਰਨਾਣਾ ਜੋ ਹਰਭਜਨ ਲਾਖਾ ਜੀ ਦੀ ਜਨਮ ਭੂਮੀ ਹੈ, ਵਿਚ ਲਾਖਾ ਪਰਿਵਾਰ ਸਦਕਾ ਡਾ. ਅੰਬੇਡਕਰ ਸਪੋਰਟਸ ਕਲੱਬ ਦੀ ਸਥਾਪਨਾ ਕੀਤੀ ਗਈ ਹੈ, ਦੇ ਤਹਿਤ ਹਰ ਸਾਲ ਉਭਰਦੇ ਖਿਡਾਰੀਆਂ ਨੂੰ ਮਾਲੀ ਮਦਦ ਦਿੱਤੀ ਜਾਇਆ ਕਰੇਗੀ। ਬਹੁਜਨ ਸਮਾਜ ਨੂੰ ਜੋ ਦੇਣ ਲਾਖਾ ਜੀ ਦੀ ਹੈ, ਉਸਦੇ ਕਰਕੇ ਹਰ ਸਿਆਸੀ ਪਾਰਟੀ ਲਾਖਾ ਪਰਿਵਾਰ ਦਾ ਸਤਿਕਾਰ ਕਰਨਾ ਆਪਣਾ ਧਰਮ ਸਮਝਦੀ ਹੈ। ਹਰਭਜਨ ਲਾਖਾ ਤੋਂ ਹਰਭਜਨ ਸਿੰਘ ਖਾਲਸਾ ਕਿਉਂ ਬਣਿਆ? ਦੇ ਸਬੰਧ ਵਿਚ ਪਰਮਜੀਤ ਲਾਖਾ ਦੱਸਦਾ ਹੈ ਕਿ ਜਿਵੇਂ ਬਾਵਾ ਸਾਹਿਬ ਦੀ ਤਮੰਨਾ ਸੀ ਕਿ ਮੈਂ ਹਿੰਦੂ ਪੈਦਾ ਜ਼ਰੂਰ ਹੋਇਆ ਹਾਂ ਪਰ ਹਿੰਦੂ ਮਰਾਂਗਾਂ ਨਹੀਂ ਤੇ ਇਸੇ ਤਰ੍ਹਾਂ ਬਹੁਜਨ ਸਮਾਜ ਦੇ ਬਾਬਾ ਬੋਹੜ ਦੀ ਦਿਲੀ ਇੱਛਾ ਸੀ ਕਿ ਮੈਂ ਹਿੰਦੂ ਪੈਦਾ ਜ਼ਰੂਰ ਹੋਇਆ ਹਾਂ, ਪਰ ਮਰਾਂਗਾ ਨਹੀਂ। ਇਸੇ ਕਹਿਣੀ ਤੇ ਕਰਨੀ ਤੇ ਸ਼ੁੱਧ ਖਰਾ ਉਤਰਨ ਲਈ ਸਿੱਖ ਧਰਮ ਅਪਣਾ ਲਿਆ। ਸੋ, ਉਪਰੋਕਤ ਸਭ ਗੱਲਾਂ ਨੂੰ ਧਿਆਨ 'ਚ ਰੱਖਦਿਆਂ ਪਰਮਜੀਤ ਲਾਖਾ ਦੀ ਇੱਛਾ ਹੈ ਕਿ ਸਾਡੇ ਪਿਤਾ ਸ੍ਰੀ ਹਰਭਜਨ ਸਿੰਘ ਖਾਲਸਾ ਨੇ ਦੁਨੀਆਂ ਭਰ ਵਿਚ ਜੋ ਆਪਣੀ ਪਹਿਚਾਣ ਬਣਾਈ ਹੈ, ਉਸ ਪਹਿਚਾਣ ਨੂੰ ਅਸੀਂ ਰਹਿੰਦੀ ਦੁਨੀਆਂ ਤੱਕ ਬਣਾਈ ਰੱਖੀਏ।

# ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਯੂ.ਕੇ. ਵਲੋਂ ਘੁੜਕਾ ਵਿਖੇ 521 ਬੱਚੀਆਂ ਦੀ ਪਾਈ ਲੋਹੜੀ

**ਗੁਰਾਇਆ (ਨਿਰਮਲ ਗੁੜਾ)-** ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਯੂ. ਕੇ. ਵਲੋਂ ਪਿੰਦੂ ਜੌਹ.ਲ ਅਤੇ ਬਾਹੜਾ ਪਰਿਵਾਰ ਦੇ ਯਤਨਾਂ ਸਦਕਾ ਚੇਅਰਮੈਨ ਸਰਪੰਚ ਹਰਦੀਪ ਸਿੰਘ ਤੱਗੜ ਅਤੇ ਤਿਰਲੋਚਨ ਸਿੰਘ ਜੌਹ.ਲ ਦੀ ਅਗਵਾਈ ਵਿੱਚ ਪਿੰਡ ਘੁੜਕਾ ਦੇ ਜੌਹ.ਲ ਫਾਰਮ ਵਿਖੇ 521 ਨਵ ਜੰਮੀਆਂ ਬੱਚੀਆਂ ਦੀ ਲੋਹੜੀ ਪਾਈ ਗਈ। ਇਸ ਸਮਾਗਮ ਵਿੱਚ ਸੰਤ ਮੁਹਿੰਦਰ ਪਾਲ ਜੀ ਡੇਰਾ ਪੰਡਵਾ, ਸੰਤ ਗੁਰਚਰਨ ਸਿੰਘ ਜੀ ਨਿਰਮਲ ਕੁਟੀਆ ਡੇਰਾ ਪੰਡਵਾ ਜੀ ਨੇ ਉਚੇਚੇ ਤੌਰ ਤੇ ਪਹੁੰਚਕੇ ਬੱਚੀਆਂ ਨੂੰ ਅਸ਼ੀਰਵਾਦ ਦਿਤਾ ਅਤੇ ਕਿਹਾ ਕਿ ਪ੍ਰਮਾਤਮਾ ਦੀ ਕਿਰਪਾ ਸਦਕਾ ਇਹ ਸੰਸਥਾ ਮਾਨਵਤਾ ਭਲਾਈ ਕਾਰਜਾ ਦੇ ਕਰਕੇ ਇਲਾਕੇ ਭਰ ਦੀ ਸਿਰਮੌਰ ਸੰਸਥਾ ਬਣ ਚੁੱਕੀ ਹੈ। ਇਸ ਮੌਕੇ ਪ੍ਰਸਿੱਧ ਕਲਾਕਾਰ ਮਨਮੋਹਨ ਵਾਰਿਸ, ਨਛੱਤਰ ਗਿੱਲ, ਕਮਲ ਕਟਾਣੀਆਂ, ਗਾਇਕ ਜੋੜੀ ਸਰਫੂ ਸਦੀਕ ਅਤੇ ਬੀਬੀ ਰਮਵੀਰ ਕੌਰ ਨੇ ਆਪਣੇ ਸੱਭਿਆਚਾਰਕ ਗੀਤਾਂ ਰਾਹੀਂ ਭਾਰੀ ਇਕੱਠ ਨੂੰ ਝੂੰਮਣ ਲਾ ਦਿਤਾ ਤੇ ਸਾਰਾ ਭੰਡਾਲ ਖੁਸ਼ੀ ਨਾ.ਲ ਭੰਗੜਾ ਪਾਉਣ ਲੱਗ ਪਿਆ।



ਇਸ ਮੌਕੇ ਇੰਗਲੈਂਡ ਤੋਂ ਜਸਵਿੰਦਰ ਕੌਰ, ਸੋਨੀਆਂ ਅਤੇ ਉੱਘੇ ਸਮਾਜ ਸੇਵਕ ਸ਼੍ਰੀ ਅਵਿਨਾਸ਼ ਚੰਦਰ ਕਲੇਰ, ਡਿਜੀ ਕੇਬਲ ਦਾ ਡਾਇਰੈਕਟਰ ਹਰਮਿੰਦਰ ਸਿੰਘ ਬਸਰਾ, ਫਗਵਾੜਾ ਮੇਅਰ ਅਰੁਣ ਖੋਸਲਾ, ਅਨੂਪ ਕੌਸਲ ਰਿੰਕੂ, ਅਮਨਿੰਦਰ ਸਿੰਘ ਤੱਗੜ, ਵਿਕਾਸ ਥਾਪਰ, ਹੈਪੀ ਪੱਲਣ, ਦਮਨਵੀਰ ਸਿੰਘ ਫਿਲੌਰ, ਮੈਡਮ ਭਾਵਨਾ ਖਹਿਰਾ, ਹਰਜਿੰਦਰ ਸਿੰਘ ਲੱਲੀਆਂ, ਗੋਪੀ ਜੌਹ.ਲ, ਸੁੱਖਾ ਬਾਹੋਆ.ਲ, ਨਿਰਮਲ ਗੁੜਾ, ਅਸ਼ਵਨੀ ਕੁਮਾਰ ਬੋਪਾ ਰਾਏ, ਜੋਗਾ ਸਿੰਘ ਅੱਪਰਾ, ਜੁਝਾਰ ਸੱਗੂ, ਵਿਕਾਸ ਥਾਪਰ, ਹੈਪੀ ਹੈਲਨ, ਗੁਰਮੇਲ ਸਿੰਘ ਰੁੜਕਾ ਅਤੇ ਇਲਾਕੇ ਭਰ ਦੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਪਹੁੰਚਕੇ ਬੱਚੀਆਂ ਨੂੰ ਆਪਣੇ ਹੱਥੀ ਲੋੜੀ ਦੇ ਗਿਫਟ ਤਕਸੀਮ ਕੀਤੇ। ਇਸ ਮੌਕੇ ਆਈਆਂ ਪ੍ਰਮੁੱਖ ਸਖਸ਼ੀਅਤਾਂ ਨੂੰ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ। ਬਾਬਾ ਜੀ ਦਾ ਲੰਗਰ ਸੰਗਤਾਂ ਵਿੱਚ ਅਟੁੱਟ ਵਰਤਾਇਆ ਗਿਆ।

# ਬਾਦਲਾਂ ਦੇ ਹਵਾਈ ਝੂਟਿਆਂ ਦਾ ਸਰਕਾਰੀ ਖ਼ਜ਼ਾਨੇ ਉਤੇ 157 ਕਰੋੜ ਰੁਪਏ ਦਾ ਭਾਰ ਪਿਆ

**ਚੰਡੀਗੜ੍ਹ-** ਕਾਂਗਰਸ ਵੱਲੋਂ ਆਪਣੇ ਚੋਣ ਮੈਨੀਫੈਸਟੋ ਵਿੱਚ ਇਸ ਦੇ ਮੁੱਖ ਮੰਤਰੀ ਵੱਲੋਂ ਸਰਕਾਰੀ ਹੈਲੀਕਾਪਟਰ ਦਾ ਇਸਤੇਮਾਲ ਨਾ ਕਰਨ ਦਾ ਵਾਅਦਾ ਕੀਤੇ ਜਾਣ ਨਾਲ ਸਰਕਾਰੀ ਹੈਲੀਕਾਪਟਰ ਦੀ ਗ਼ਲਤ ਵਰਤੋਂ ਦਾ ਮਾਮਲਾ ਇਕ ਵਾਰੀ ਫਿਰ ਸਾਹਮਣੇ ਆ ਗਿਆ ਹੈ। ਸਰਕਾਰੀ ਰਿਕਾਰਡ ਤੋਂ ਖ਼ੁਲਾਸਾ ਹੋਇਆ ਹੈ ਕਿ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਦੇ 10 ਸਾਲਾ ਕਾਰਜਕਾਲ ਦੌਰਾਨ ਮੁੱਖ ਮੰਤਰੀ ਅਤੇ ਇਸ ਦੇ ਸਿਖਰਲੇ ਸਹਾਇਕਾਂ ਨੂੰ ਵਾਸਤੇ ਹੈਲੀਕਾਪਟਰ ਦੀ ਵਰਤੋਂ ਨਾਲ ਸਰਕਾਰੀ ਖ਼ਜ਼ਾਨੇ ਉਤੇ 157 ਕਰੋੜ ਰੁਪਏ ਦਾ ਭਾਰ ਪਿਆ ਹੈ। ਇਸ ਰਕਮ ਵਿੱਚ ਸਰਕਾਰ ਵੱਲੋਂ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਵਰ੍ਹੇ ਬੈੱਲ-427 ਹਵਾਈ ਜਹਾਜ਼ ਦੀ ਖ਼ਰੀਦ ਵੀ ਸ਼ਾਮਲ ਹੈ। ਪੰਜਾਬ ਦੇ ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਕੋਲ ਉਪਲਬਧ ਰਿਕਾਰਡ ਮੁਤਾਬਕ ਜਨਵਰੀ 2007 ਤੋਂ ਅਗਸਤ 2016 ਦੌਰਾਨ ਸਰਕਾਰ ਨੇ ਨਿੱਜੀ ਕੰਪਨੀਆਂ ਨੂੰ ਵੱਖ-ਵੱਖ ਮੌਕਿਆਂ ਉਤੇ ਹੈਲੀਕਾਪਟਰ ਭਾੜੇ 'ਤੇ ਲੈਣ ਲਈ 112 ਕਰੋੜ ਰੁਪਏ ਅਦਾ ਕੀਤੇ। ਇਸ ਦੌਰਾਨ 2012 ਵਿੱਚ ਸਰਕਾਰ ਨੇ ਕਰੀਬ 38 ਕਰੋੜ ਰੁਪਏ 'ਚ ਬੈੱਲ-429 ਜਹਾਜ਼ ਖ਼ਰੀਦਿਆ। ਦੱਸਣਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਖ਼ਾਸਕਰ ਛੋਟੇ ਫ਼ਾਸਲਿਆਂ ਲਈ ਵੀ ਸਰਕਾਰੀ ਹਵਾਈ ਜਹਾਜ਼ ਦਾ ਇਸਤੇਮਾਲ ਕੀਤੇ ਜਾਣ ਦਾ ਮਾਮਲਾ ਕਾਂਗਰਸ ਅਤੇ 'ਆਪ' ਵੱਲੋਂ ਲਗਾਤਾਰ ਉਠਾਇਆ ਜਾਂਦਾ ਰਿਹਾ ਹੈ। ਸਰਕਾਰੀ ਹੈਲੀਕਾਪਟਰਾਂ ਨੇ ਮਈ 2013 ਤੋਂ ਅਗਸਤ 2016 ਦੌਰਾਨ 2.14 ਕਰੋੜ ਰੁਪਏ ਦਾਂ ਬਾਲਣ ਸਾੜਿਆ ਅਤੇ 5.08 ਕਰੋੜ ਰੁਪਏ ਸਾਂਭ-ਸੰਭਾਲ ਉਤੇ ਖ਼ਰਚੇ ਗਏ। ਇਨ੍ਹਾਂ ਲਈ 2013-14 ਦੌਰਾਨ ਬੀਮਾ ਪ੍ਰੀਮੀਅਮ ਵਜੋਂ 24.15 ਲੱਖ ਰੁਪਏ, 2014-15 ਦੌਰਾਨ 19.96 ਲੱਖ ਅਤੇ 2015-16 ਦੌਰਾਨ 17.46 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ।

# ਕੀ ਪ੍ਰਵਾਸੀ ਪੰਜਾਬੀਆਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਰਿਹਾ?

**ਦੇਸ਼ ਦੇ ਕੁਝ ਸੂਬਿਆਂ ਖਾਸ ਕਰ ਗੁਜਰਾਤ ਅਤੇ ਕਰਨਾਟਕ ਵਿਚ ਪ੍ਰਵਾਸੀ ਭਾਰਤੀਆਂ ਨੂੰ ਆਪਣੇ ਕਾਰੋਬਾਰ ਚਲਾਉਣ ਲਈ ਸਹੂਲਤਾਂ ਹਨ, ਦੱਖਣੀ ਭਾਰਤ 'ਚ ਉਨ੍ਹਾਂ ਨੂੰ ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹ ਕੇ, ਉਥੇ ਵਿਦਿਆਰਥੀਆਂ ਨੂੰ ਵਿਸ਼ਵ-ਪੱਧਰੀ ਸਿੱਖਿਆ ਲਈ ਉਤਸ਼ਾਹਤ ਕਰਨ ਲਈ ਬਾਹਰਲੇ ਮੁਲਕਾਂ 'ਚ ਰਹਿੰਦੇ ਪ੍ਰਸਿੱਧ ਅਕੈਡਮਿਕ ਖੇਤਰ ਦੇ ਪ੍ਰੋਫੈਸਰਾਂ, ਪ੍ਰੋਫੈਸ਼ਨਲਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ। ਪਰ ਪੰਜਾਬ 'ਚ ਇਹ ਸਹੂਲਤ ਕਿਉਂ ਨਹੀਂ? ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਜਾਂ ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ 'ਚ ਕਿੰਨੇ ਪ੍ਰਵਾਸੀ ਭਾਰਤੀ ਪ੍ਰੋਫੈਸ਼ਨਲਾਂ ਨੂੰ ਗੈਸਟ ਪ੍ਰੋਫੈਸਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ? ਹੈਨ ਕੋਈ ਵੇਰਵੇ ਪੰਜਾਬ ਸਰਕਾਰ ਕੋਲ ਕਿ ਲਗਭਗ ਤੇਰਾਂ ਵਰ੍ਹੇ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀ ਸੰਮੇਲਨ ਉੱਤੇ ਕਰੋੜਾਂ ਰੁਪਏ ਖਰਚ ਕਰਨ ਦੇ ਕਿੰਨੇ ਕਾਰੋਬਾਰੀਆਂ ਵੱਲੋਂ ਪੰਜਾਬ 'ਚ ਆਪਣੇ ਕਾਰੋਬਾਰ ਖੋਹਲੇ। ਕਿੰਨੇ ਪ੍ਰੋਫੈਸ਼ਨਲਾਂ ਅਤੇ ਪ੍ਰਸਿੱਧੀ ਪੰਜਾਬੀ ਪ੍ਰਵਾਸੀਆਂ ਨੂੰ ਸਨਮਾਨ ਦਿੱਤੇ ਗਏ?**



ਗੁਰਮੀਤ ਸਿੰਘ ਪਲਾਹੀ
91-98158-02070

ਇਸ ਵਰ੍ਹੇ 14ਵੀਂ ਪ੍ਰਵਾਸੀ ਭਾਰਤੀ ਦਿਵਸ ਕਨਵੈਨਸ਼ਨ 7 ਤੋਂ 9 ਜਨਵਰੀ 2017 ਨੂੰ ਬੈਂਗਾਲੁਰੂ, ਕਰਨਾਟਕ ਵਿਚ ਭਾਰਤ ਸਰਕਾਰ ਦੀ ਵਿਦੇਸ਼ੀ ਮਾਮਲਿਆਂ ਅਫੇਅਰਜ਼ ਮੰਤਰਾਲੇ ਵੱਲੋਂ ਕਰਨਾਟਕ ਸਰਕਾਰ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਇਸ ਕਨਵੈਸ਼ਨ ਵਿਚ ਪ੍ਰਵਾਸੀ ਭਾਰਤੀਆਂ ਵੱਲੋਂ ਆਪਣੇ ਦੇਸ਼ ਲਈ ਨਿਵੇਸ਼ ਅਤੇ ਵਿੱਤੀ ਸਹਿਯੋਗ ਦੇ ਮਾਮਲਿਆਂ ਨੂੰ ਮੁੜ ਵਿਚਾਰਿਆ ਜਾਵੇਗਾ। ਇਸ ਵੇਲੇ ਭਾਰਤੀ ਮੂਲ ਦੇ ਅਤੇ ਗ਼ੈਰ ਪ੍ਰਵਾਸੀ 30 ਮਿਲੀਅਨ ਭਾਰਤੀ ਵਿਦੇਸ਼ਾਂ ਵਿਚ ਰਹਿੰਦੇ ਹਨ। ਇਨ੍ਹਾਂ ਪ੍ਰਵਾਸੀਆਂ ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਹੈ।

ਸਾਲ 2016 ਨੂੰ ਛੱਡ ਕੇ 2003 ਤੋਂ ਪ੍ਰਵਾਸੀ ਭਾਰਤੀ ਦਿਵਸ ਹਰ ਵਰ੍ਹੇ ਮਨਾਇਆ ਜਾਂਦਾ ਹੈ, ਜਿਹੜਾ ਸੱਤ ਵੇਰ ਦੇਸ਼ ਦੀ ਰਾਜਧਾਨੀ ਦਿੱਲੀ ਵਿਚ, ਇਕ ਵੇਰ ਆਂਧਰਾ ਪ੍ਰਦੇਸ਼ ਵਿਚ, ਇਕ ਵੇਰ ਚੇਨਈ, ਇਕ ਵੇਰ ਜੈਪੁਰ (ਰਾਜਸਥਾਨ), ਇਕ ਵੇਰ ਕੋਚੀ (ਕੇਰਲਾ), 2015 ਵਿਚ ਗਾਂਧੀ ਨਗਰ (ਗੁਜਰਾਤ) ਵਿਚ ਮਨਾਇਆ ਗਿਆ। ਇਸ ਵੇਰ ਬੇਂਗੂਲੁਰੂ (ਕਰਨਾਟਕ) ਵਿਚ ਮਨਾਇਆ ਜਾ ਰਿਹਾ ਹੈ, ਪਰ ਵਿਦੇਸ਼ਾਂ ਵਿਚ ਪੰਜਾਬ ਦੇ ਪੰਜਾਬੀਆਂ ਦੀ ਬਹੁਤਾਤ ਹੋਣ ਦੇ ਬਾਵਜੂਦ ਵੀ ਚੰਡੀਗੜ੍ਹ ਵਿਚ ਇਹ ਸਮਾਗਮ ਕਦੇ ਵੀ ਆਯੋਜਿਤ ਨਹੀਂ ਕੀਤਾ ਗਿਆ।

ਪ੍ਰਸਿੱਧੀ ਪ੍ਰਾਪਤ ਪ੍ਰਵਾਸੀ ਭਾਰਤੀਆਂ ਦੀ ਮੰਗ ਉੱਤੇ ਭਾਰਤ ਸਰਕਾਰ ਵੱਲੋਂ ਇਹ ਦਿਵਸ 2003 ਵਿਚ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੱਲੋਂ ਇਹ ਦਿਵਸ ਮਨਾਉਣਾ ਸ਼ੁਰੂ ਕੀਤਾ ਗਿਆ ਅਤੇ ਹਰ ਸਾਲ ਇਹ ਦਿਵਸ ਮਨਾਉਣ ਲਈ 9 ਜਨਵਰੀ ਦਾ ਦਿਨ ਇਸ ਲਈ ਚੁਣਿਆ ਗਿਆ, ਕਿਉਂਕਿ ਇਸੇ ਦਿਨ ਭਾਵ 9 ਜਨਵਰੀ 1915 ਨੂੰ ਮਹਾਤਮਾ ਗਾਂਧੀ ਦੱਖਣੀ ਅਫਰੀਕਾ ਤੋਂ ਵਾਪਿਸ ਦੇਸ਼ ਪਰਤੇ ਸਨ ਅਤੇ ਉਨ੍ਹਾਂ ਦੇਸ਼ ਦੀ ਅਜ਼ਾਦੀ ਲਈ ਪੂਰੀ ਸਰਗਰਮੀ ਨਾਲ ਮੁਹਿੰਮ ਛੇੜੀ ਸੀ। ਸਾਲ 2003 ਤੋਂ ਲੈ ਕੇ 2015 ਤੱਕ ਮਨਾਏ ਗਏ ਸਲਾਨਾ ਪ੍ਰਵਾਸੀ ਭਾਰਤੀ ਸਮਾਗਮਾਂ ਵਿਚ ਪ੍ਰਵਾਸੀ ਭਾਰਤੀਆਂ ਨਾਲ ਸਬੰਧਤ ਵੱਖੋ-ਵੱਖਰੇ ਵਿਸ਼ਿਆਂ ਨਾਲ ਸਬੰਧਤ ਮਸਲੇ ਵਿਚਾਰੇ ਗਏ, ਜਿਨ੍ਹਾਂ ਦਾ ਮੁੱਖ ਉਦੇਸ਼ ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦੇ ਹੱਲ, ਉਹਨਾਂ ਵੱਲੋਂ ਦੇਸ਼ ਵਿਚ ਆਪਣਾ ਸਰਮਾਇਆ ਲਗਾਉਣਾ, ਵੱਖੋ-ਵੱਖਰੇ ਖੇਤਰਾਂ ਵਿਚ ਪ੍ਰਸਿੱਧੀ ਪ੍ਰਾਪਤ ਪ੍ਰਵਾਸੀ ਭਾਰਤੀਆਂ ਦੀਆਂ ਦੇਸ਼ ਲਈ ਸੇਵਾਵਾਂ ਲੈਣੀਆਂ ਸ਼ਾਮਲ ਸਨ। ਪਰ ਇਨ੍ਹਾਂ ਵਰ੍ਹਿਆਂ ਵਿਚ ਬਾਵਜੂਦ ਕਰੋੜਾਂ ਰੁਪਏ ਸਰਕਾਰੀ ਖਜ਼ਾਨੇ ਵਿਚੋਂ ਖਰਚ ਕਰਨ ਦੇ ਪ੍ਰਵਾਸੀ ਭਾਰਤੀਆਂ ਦਾ ਭਰੋਸਾ ਨਾ ਤਾਂ ਕੇਂਦਰ ਸਰਕਾਰ ਜਿੱਤ ਸਕੀ ਅਤੇ ਨਾ ਹੀ ਵੱਖੋ-ਵੱਖਰੀਆਂ ਗੁਜਰਾਤ, ਪੰਜਾਬ ਜਿਹੀਆਂ ਰਾਜ ਸਰਕਾਰਾਂ, ਜਿੱਥੋਂ ਵੱਡੀ ਗਿਣਤੀ ਵਿਚ ਪ੍ਰਵਾਸ ਕਰਕੇ ਲੋਕ ਵਿਦੇਸ਼ ਵਸੇ ਹੋਏ ਹਨ।

ਪ੍ਰਦੇਸ਼ ਵਸਦਿਆਂ ਭਾਰਤੀ ਪ੍ਰਵਾਸੀਆਂ ਨੇ ਆਪਣੇ ਸੰਗਠਨ ਬਣਾਏ ਹੋਏ ਹਨ। ਸਭਿਆਚਾਰਕ ਗਤੀਵਿਧੀਆਂ ਵੀ ਉਨ੍ਹਾਂ ਵੱਲੋਂ ਸਮੇਂ-ਸਮੇਂ ਚਲਾਈਆਂ ਜਾਂਦੀਆਂ ਹਨ। ਧਾਰਮਿਕ ਪੱਖੋਂ ਮੰਦਰ, ਗੁਰਦੁਆਰੇ, ਸਤਸੰਗ ਘਰ ਵੀ ਵੱਡਾ ਧਨ ਖਰਚ ਕਰਕੇ ਉਨ੍ਹਾਂ ਵੱਲੋਂ ਉਸਾਰੇ ਗਏ ਹਨ। ਇਨ੍ਹਾਂ ਸਭਿਆਚਾਰਕ, ਸਮਾਜਿਕ, ਧਾਰਮਿਕ ਸੰਗਠਨਾਂ ਵੱਲੋਂ ਹਰ ਵਰ੍ਹੇ ਵੱਡੇ-ਵੱਡੇ ਸਮਾਗਮ ਵੀ ਰਚਾਏ ਜਾਂਦੇ ਹਨ। ਜਿਨ੍ਹਾਂ ਵਿਚ ਪ੍ਰਸਿੱਧੀ ਪ੍ਰਾਪਤ ਪ੍ਰਵਾਸੀ ਭਾਰਤੀਆਂ ਦਾ ਇਨ੍ਹਾਂ ਸੰਗਠਨਾਂ, ਸੰਸਥਾਵਾਂ ਵੱਲੋਂ ਸਨਮਾਨ ਵੀ ਕੀਤਾ ਜਾਂਦਾ ਹੈ, ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਸਰਾਹਿਆ ਵੀ ਜਾਂਦਾ ਹੈ, ਕਿਉਂਕਿ ਉਹਨਾਂ ਵਿਚੋਂ ਬਹੁਤੇ ਸੰਸਾਰ ਵਿਚ ਪ੍ਰਸਿੱਧੀ ਪ੍ਰਾਪਤ ਲੋਕਾਂ 'ਚ ਆਪਣਾ ਨਾਮ ਸ਼ੁਮਾਰ ਕਰਨ 'ਚ ਸਫਲ ਹੋਏ ਹਨ। ਪ੍ਰਸਿੱਧ ਕਿਸਾਨ, ਪ੍ਰਸਿੱਧ ਡਾਕਟਰ, ਪ੍ਰਸਿੱਧ ਕਾਰੋਬਾਰੀ, ਪ੍ਰਸਿੱਧ ਅਧਿਆਪਕ, ਖੋਜੀ, ਇੰਜੀਨੀਅਰ,




ਆਪਣੇ-ਆਪਣੇ ਖੇਤਰਾਂ ਦੇ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਹਨ।

ਕਈ ਪ੍ਰਵਾਸੀ ਭਾਰਤੀ ਕੈਨੇਡਾ, ਬਰਤਾਨੀਆਂ, ਨਿਊਜ਼ੀਲੈਂਡ, ਅਮਰੀਕਾ, ਆਸਟ੍ਰੇਲੀਆ ਦੇ ਰਾਜਨੀਤਕ ਖੇਤਰਾਂ 'ਚ ਆਪਣਾ ਯੋਗਦਾਨ ਪਾ ਰਹੇ ਹਨ ਅਤੇ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਵਿਚ ਮੰਤਰੀ, ਪਾਰਲੀਮੈਂਟ ਮੈਂਬਰ, ਸ਼ਹਿਰਾਂ ਦੇ ਮੇਅਰ ਵਜੋਂ ਸੇਵਾ ਨਿਭਾਅ ਰਹੇ ਹਨ ਅਤੇ ਬਹੁਤੇ ਸਰਕਾਰੀ ਉੱਚ-ਹਲਕਿਆਂ 'ਚ ਚੰਗੇ ਜਾਣੇ ਪਹਿਚਾਣੇ ਜਾਂਦੇ ਹਨ। ਕੈਨੇਡਾ ਵਿਚ ਲਗਭਗ ਅੱਧੀ ਦਰਜਨ ਪੰਜਾਬੀ, ਕੈਬਨਿਟ ਮੰਤਰੀ ਵਜੋਂ ਉਥੋਂ ਦੀ ਸਰਕਾਰ ਵਿਚ ਬਿਰਾਜਮਾਨ ਹੋਏ ਬੈਠੇ ਹਨ। ਪਰ ਕੀ ਇਨ੍ਹਾਂ ਪ੍ਰਵਾਸੀਆਂ ਭਾਰਤੀਆਂ ਵੱਲੋਂ ਪਾਏ ਜਾ ਰਹੇ ਵਿਸ਼ਵ-ਪੱਧਰੀ ਯੋਗਦਾਨ ਅਤੇ ਪ੍ਰਾਪਤੀਆਂ ਨੂੰ ਆਪਣੇ ਦੇਸ਼ ਵਿਚ ਪਰਵਾਨਿਆ ਜਾਂਦਾ ਹੈ? ਦਰਜਨਾਂ ਹੀ ਪ੍ਰਵਾਸੀ ਪੰਜਾਬੀ, ਪ੍ਰਸਿੱਧ ਕਾਰੋਬਾਰੀ ਹਨ। ਸੌਗੀ, ਬਦਾਮਾਂ ਦੀ ਪੈਦਾਵਾਰ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਹਨ। ਕੀ ਕਦੇ ਪੰਜਾਬ ਦੀ ਸਰਕਾਰ ਨੇ ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ? ਕੀ ਭਾਰਤ ਦੀ ਸਰਕਾਰ ਨੇ ਉਨ੍ਹਾਂ ਨੂੰ ਕਦੇ ਨਿਵਾਜਿਆ ਜਾਂ ਨਿਵਾਜਣ ਬਾਰੇ ਸੋਚਿਆ? ਪੰਜਾਬ 'ਚ ਕਾਰੋਬਾਰ ਕਰਨ ਲਈ ਕੁਝ ਪ੍ਰਵਾਸੀ ਪੰਜਾਬੀਆਂ ਆਪਣੇ ਕਾਰੋਬਾਰ ਪੰਜਾਬ ਸਰਕਾਰ ਦੇ ਸੱਦੇ ਉੱਤੇ ਖੋਹਲਣ ਦਾ ਉਪਰਾਲਾ ਕੀਤਾ, ਪਰ ਕੁਝ ਵਰ੍ਹਿਆਂ 'ਚ ਹੀ ਉਹ ਇਥੇ ਹੁੰਦੇ ਇੰਸਪੈਕਟਰੀ ਰਾਜ ਦੀ ਲੁੱਟ-ਖਸੁੱਟ ਤੋਂ ਪ੍ਰੇਸ਼ਾਨ ਹੋ ਕਾਰੋਬਾਰ ਬੰਦ ਕਰ ਇਥੋਂ ਤੁਰ ਗਏ। ਭਾਵੇਂ ਕਿ ਹਾਲੀ ਵੀ ਪੰਜਾਬੀ ਪ੍ਰਵਾਸੀਆਂ ਵੱਲੋਂ ਪੰਜਾਬ ਦੇ ਵੱਖੋ-ਵੱਖਰੇ ਸ਼ਹਿਰਾਂ ਕਸਬਿਆਂ ਵਿਚ ਮਾਲਜ਼, ਮੈਰਿਜ ਪੈਲੇਸ, ਹੋਟਲ, ਪਬਲਿਕ ਸਕੂਲ ਕਾਰੋਬਾਰ ਲਈ ਅਤੇ ਕਈ ਥਾਵਾਂ ਉੱਤੇ ਚੈਰੀਟੇਬਲ ਹਸਪਤਾਲ, ਡਿਸਪੈਂਸਰੀਆਂ, ਗਰੀਬ-ਲੋੜਵੰਦਾਂ ਦੀ ਸਹਾਇਤਾ ਲਈ ਸਿੱਖਿਆ, ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਚੈਰੀਟੇਬਲ ਟਰੱਸਟ ਖੋਲ੍ਹੇ ਗਏ ਹਨ, ਜਿਨ੍ਹਾਂ ਰਾਹੀਂ ਬੁਢਾਪਾ ਪੈਨਸ਼ਨਰਾਂ, ਗਰੀਬ ਲੜਕੀਆਂ ਦੇ ਵਿਆਹ, ਟੂਰਨਾਮੈਂਟਾਂ ਦਾ ਆਯੋਜਨ, ਗਰੀਬਾਂ ਲਈ ਮੁਫ਼ਤ ਇਲਾਜ ਆਦਿ ਸਮਾਜ ਸੇਵਾ ਦੇ ਕੰਮ ਕੀਤੇ ਜਾ ਰਹੇ ਹਨ। ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਵਾਲੇ ਪ੍ਰਵਾਸੀ ਪੰਜਾਬੀ ਕੀ ਇੰਨੀ ਕੁ ਮਾਨਤਾ ਦੇ ਹੱਕਦਾਰ ਨਹੀਂ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਦਿੱਤੀਆਂ ਸੇਵਾਵਾਂ ਪ੍ਰਤੀ ਗਣਤੰਤਰ ਦਿਵਸ, ਅਜ਼ਾਦੀ ਦਿਹਾੜਾ ਸਮਾਗਮਾਂ ਸਮੇਂ ਕਰਵਾਏ ਜਾਂਦੇ ਰਾਜਪੱਧਰੀ ਜਾਂ ਜ਼ਿਲ੍ਹਾ ਪੱਧਰੀ ਸਮਾਗਮਾਂ 'ਚ ਸਨਮਾਨਤ ਕੀਤਾ ਜਾਵੇ। ਹਾਲ ਦੀ ਘੜੀ ਤਾਂ ਪੰਜਾਬ 'ਚ ਹਾਲਤ ਇਹ ਹੈ ਕਿ ਐਨ.ਆਰ.ਆਈ. ਸਭਾ ਦੀ ਚੋਣ ਨਹੀਂ ਕਰਵਾਈ ਜਾ ਰਹੀ। ਪ੍ਰਵਾਸੀ ਸੰਮੇਲਨ ਬੰਦ ਹਨ। ਐਨ.ਆਰ.ਆਈ. ਥਾਣਿਆਂ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ ਲੱਗ ਰਹੇ ਹਨ। ਪੰਜਾਬ ਦਾ ਪ੍ਰਵਾਸੀ ਵਿਭਾਗ ਚੁੱਪ ਹੈ।

ਦੇਸ਼ ਦੇ ਕੁਝ ਸੂਬਿਆਂ ਖਾਸ ਕਰ ਗੁਜਰਾਤ ਅਤੇ ਕਰਨਾਟਕ ਵਿਚ ਪ੍ਰਵਾਸੀ ਭਾਰਤੀਆਂ ਨੂੰ ਆਪਣੇ ਕਾਰੋਬਾਰ ਚਲਾਉਣ ਲਈ ਸਹੂਲਤਾਂ ਹਨ, ਦੱਖਣੀ ਭਾਰਤ 'ਚ ਉਨ੍ਹਾਂ ਨੂੰ ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹ ਕੇ, ਉਥੇ ਵਿਦਿਆਰਥੀਆਂ ਨੂੰ ਵਿਸ਼ਵ-ਪੱਧਰੀ ਸਿੱਖਿਆ ਲਈ ਉਤਸ਼ਾਹਤ ਕਰਨ ਲਈ ਬਾਹਰਲੇ ਮੁਲਕਾਂ 'ਚ ਰਹਿੰਦੇ ਪ੍ਰਸਿੱਧ ਅਕੈਡਮਿਕ ਖੇਤਰ ਦੇ ਪ੍ਰੋਫੈਸਰਾਂ, ਪ੍ਰੋਫੈਸ਼ਨਲਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ। ਪਰ ਪੰਜਾਬ 'ਚ ਇਹ ਸਹੂਲਤ ਕਿਉਂ ਨਹੀਂ?

ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਜਾਂ ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ 'ਚ ਕਿੰਨੇ ਪ੍ਰਵਾਸੀ ਭਾਰਤੀ ਪ੍ਰੋਫੈਸ਼ਨਲਾਂ ਨੂੰ ਗੈਸਟ ਪ੍ਰੋਫੈਸਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ? ਹੈਨ ਕੋਈ ਵੇਰਵੇ ਪੰਜਾਬ ਸਰਕਾਰ ਕੋਲ ਕਿ ਲਗਭਗ ਤੇਰਾਂ ਵਰ੍ਹੇ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀ ਸੰਮੇਲਨ ਉੱਤੇ ਕਰੋੜਾਂ ਰੁਪਏ ਖਰਚ ਕਰਨ ਦੇ ਕਿੰਨੇ ਕਾਰੋਬਾਰੀਆਂ ਵੱਲੋਂ ਪੰਜਾਬ 'ਚ ਆਪਣੇ ਕਾਰੋਬਾਰ ਖੋਹਲੇ।

ਕਿੰਨੇ ਪ੍ਰੋਫੈਸ਼ਨਲਾਂ ਅਤੇ ਪ੍ਰਸਿੱਧੀ ਪੰਜਾਬੀ ਪ੍ਰਵਾਸੀਆਂ ਨੂੰ ਸਨਮਾਨ ਦਿੱਤੇ ਗਏ? ਕਿਹੜੀਆਂ ਵਿਸ਼ੇਸ਼ ਸਹੂਲਤਾਂ ਪ੍ਰਵਾਸੀਆਂ ਨੂੰ ਦਿੱਤੀਆਂ, ਜਿਨ੍ਹਾਂ ਸਦਕਾਂ ਪ੍ਰਵਾਸੀ ਆਪ ਅਤੇ ਉਨ੍ਹਾਂ ਦੀ ਅਗਲੀ ਸੰਤਾਨ ਪੰਜਾਬ ਲਈ 'ਕੁਝ ਕਰਨ' ਲਈ ਉਤਸ਼ਾਹਤ ਹੋਈ ਹੋਵੇ। ਭਾਰਤ ਸਰਕਾਰ ਨੇ ਵੀ ਪੰਜਾਬ ਨਾਲ ਹੋਏ ਹੋਰ ਵਿਤਕਰਿਆਂ, ਜਿਨ੍ਹਾਂ 'ਚ ਚੰਡੀਗੜ੍ਹ ਪੰਜਾਬ ਨੂੰ ਨਾ ਦੇਣਾ, ਪੰਜਾਬੀ ਬੋਲਦੇ ਪੰਜਾਬ ਦੇ ਇਲਾਕੇ ਪੰਜਾਬੋਂ ਬਾਹਰ ਰੱਖਣਾ, ਪਾਣੀਆਂ ਦੇ ਮਾਮਲੇ 'ਚ ਵਿਤਕਰਿਆਂ ਦੇ ਨਾਲ-ਨਾਲ ਪੰਜਾਬੀ ਪ੍ਰਵਾਸੀਆਂ ਨੂੰ ਮਾਨ-ਸਨਮਾਨ ਦੇਣ 'ਚ ਵਿਤਕਰਾ ਹੀ ਕੀਤਾ ਹੈ। ਹਰ ਵਰ੍ਹੇ ਪ੍ਰਵਾਸੀ ਭਾਰਤੀਆਂ ਨੂੰ ਪ੍ਰਵਾਸੀ ਭਾਰਤੀ ਸੰਮੇਲਨ, ਕਾਨਵੈਨਸ਼ਨਾਂ ਕਰਕੇ ਵਿਸ਼ੇਸ਼ ਸਨਮਾਨ ਦਿੱਤੇ ਜਾਂਦੇ ਹਨ, ਪਰ ਪ੍ਰਵਾਸੀ ਪੰਜਾਬੀ ਇਨ੍ਹਾਂ ਲਿਸਟਾਂ ਵਿਚੋਂ ਲਗਭਗ ਮਨਫ਼ੀ ਹੀ ਕਿਉਂ ਹੁੰਦੇ ਹਨ? ਕੀ ਕੈਨੇਡਾ ਦੀ ਸਰਕਾਰ ਲਈ ਚੁਣੇ ਗਏ ਪੰਜਾਬੀ ਮੰਤਰੀਆਂ ਵਿਚੋਂ ਬਹੁਤੇ ਇਸ ਸਨਮਾਨ ਦੇ ਹੱਕਦਾਰ ਨਹੀਂ?

ਅਮਰੀਕਾ ਦੇ ਸੂਬਿਆਂ 'ਚ ਗਵਰਨਰ ਵਜੋਂ ਸੇਵਾ ਨਿਭਾਉਣ ਵਾਲੇ ਪੰਜਾਬੀ ਪ੍ਰਵਾਸੀਆਂ ਨੂੰ ਇਨ੍ਹਾਂ ਸਮਾਗਮਾਂ 'ਚ ਸੱਦ ਕੇ ਉਨ੍ਹਾਂ ਦੇ ਤਜ਼ਰਬੇ ਦਾ ਲਾਹਾ ਭਾਰਤੀ ਲੋਕਤੰਤਰ ਲਈ ਨਹੀਂ ਲਿਆ ਜਾਣਾ ਚਾਹੀਦਾ? ਕੀ ਪੰਜਾਬ ਦੀ ਸਰਕਾਰ ਆਪਣੇ ਸਰਕਾਰੀ ਮਹਿਕਮਿਆਂ, ਸਰਕਾਰੀ ਯੂਨੀਵਰਸਿਟੀਆਂ, ਬੋਰਡਾਂ, ਕਾਰਪੋਰੇਸ਼ਨਾਂ 'ਚ ਪ੍ਰਸਿੱਧ ਪੰਜਾਬੀ ਸ਼ਕਾਲਰਾਂ, ਲੇਖਕਾਂ, ਪ੍ਰੋਫੈਸ਼ਨਲਾਂ, ਵੱਖੋ-ਵੱਖਰੇ ਖੇਤਰਾਂ ਦੇ ਮਾਹਰਾਂ ਦੀਆਂ ਸੇਵਾਵਾਂ ਨਹੀਂ ਲੈ ਸਕਦੀ? ਪੰਜਾਬੀ ਪ੍ਰਵਾਸੀਆਂ ਪ੍ਰਤੀ ਕੇਂਦਰ ਅਤੇ ਸੂਬਾ ਸਰਕਾਰ ਦੀ ਬੇ-ਰੁਖੀ ਕਈ ਸਵਾਲ, ਸ਼ੰਕੇ ਖੜ੍ਹੇ ਕਰਦੀ ਹੈ।

ਪ੍ਰਵਾਸੀ ਪੰਜਾਬੀਆਂ ਦੇ ਦੇਸ਼ ਅਤੇ ਸੂਬੇ ਪ੍ਰਤੀ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਜੇਕਰ ਉਨ੍ਹਾਂ ਵੱਲੋਂ ਦੇਸ਼ ਅਤੇ ਸੂਬੇ ਦੇ ਪ੍ਰਸਾਸ਼ਨ, ਸੂਬੇ 'ਚ ਹੋ ਰਹੇ ਨਸ਼ਿਆਂ ਦੇ ਕਾਰੋਬਾਰ, ਆਮ ਲੋਕਾਂ ਨਾਲ ਹੋ ਰਹੀ ਧੱਕੇਸ਼ਾਹੀ ਅਤੇ ਪੰਜਾਬ ਨਾਲ ਹੋ ਰਹੇ ਵਿਤਕਰਿਆਂ ਪ੍ਰਤੀ ਸੁਆਲ ਉਠਾਏ ਜਾ ਰਹੇ ਹਨ ਤਾਂ ਉਹ ਸਰਕਾਰਾਂ ਨੂੰ ਚੁਭਦੇ ਕਿਉਂ ਹਨ? ਕੀ ਸਰਕਾਰਾਂ ਇਨ੍ਹਾਂ ਚੇਤੰਨ ਪੰਜਾਬੀਆਂ ਦੇ ਸੁਆਲਾਂ ਦੇ ਜਵਾਬ ਦੇਣ ਦੇ ਨਾਲ-ਨਾਲ ਉਨ੍ਹਾਂ ਦੀਆਂ ਸ਼ੰਕਾਵਾਂ ਦੀ ਨਵਿਰਤੀ ਨਹੀਂ ਕਰ ਸਕਦੀਆਂ? ਸਰਕਾਰਾਂ ਪ੍ਰਵਾਸੀ ਪੰਜਾਬੀਆਂ ਨੂੰ ਦੇਸ਼ 'ਚ ਰਹਿ ਰਹੇ ਪੰਜਾਬੀਆਂ ਤੋਂ ਵੱਖਰੇ ਕਰਕੇ ਕਿਉਂ ਵੇਖ ਰਹੀਆਂ ਹਨ, ਜੋ ਹਰ ਘੜੀ, ਹਰ ਪਲ ਆਪਣੇ ਦੇਸ਼ਵਾਸੀਆਂ ਨੂੰ ਉਵੇਂ ਦਾ ਰਹਿਣ-ਸਹਿਣ, ਸਿੱਖਿਆ, ਸਿਹਤ ਸਹੂਲਤਾਂ ਤੇ ਇਨਸਾਫ ਭਰੀ ਚੰਗੇਰੀ ਜ਼ਿੰਦਗੀ ਦਾ ਸੁਫਨਾ ਦੇ ਕੇ, ਉਨ੍ਹਾਂ ਸੁਫਨਿਆਂ ਨੂੰ ਸਾਕਾਰ ਕਰਨ ਲਈ ਪ੍ਰਯਤਨਸ਼ੀਲ ਹਨ, ਜਿਵੇਂ ਉਹ ਵਿਦੇਸ਼ਾਂ 'ਚ ਆਪ ਚੰਗੀ ਜ਼ਿੰਦਗੀ ਜੀਊਂਦੇ ਹਨ।

### ਸ੍ਰੀ ਗੁਰੂ ਗੋਬਿੰਦ ਸਿੰਘ ਜੀ-350 ਸਾਲਾ ਪ੍ਰਕਾਸ਼ ਉਤਸਵ

# ਗੁਰਦੁਆਰਾ ਸਿੱਖ ਸੰਗਤ ਟੌਰੰਗਾ ਵੱਲੋਂ ਸਜਾਇਆ ਗਿਆ ਚੌਥਾ ਵਿਸ਼ਾਲ ਨਗਰ ਕੀਰਤਨ

**ਆਕਲੈਂਡ- (ਹਰਜਿੰਦਰ ਸਿੰਘ ਬਸਿਆਲਾ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅੱਜ ਨਿਊਜ਼ੀਲੈਂਡ ਦੇ ਸ਼ਹਿਰ ਟੌਰੰਗਾ ਵਿਖੇ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਅਤੇ ਸਮੂਹ ਸੰਗਤ ਵੱਲੋਂ ਚੌਥਾ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਸ਼ੁਰੂਆਤ ਸਵੇਰੇ 11 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਕੇ ਆਗਿਆ ਲੈਣ ਉਪਰੰਤ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਇਕ ਬਹੁਤ ਹੀ ਸੁੰਦਰ ਸਜਾਏ ਹੋਏ ਇਕ ਵੱਡੇ ਟਰੱਕ ਦੇ ਵਿਚ ਸੁਭਾਇਮਾਨ ਕੀਤਾ ਗਿਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀਆਂ ਨੇ ਕੀਤੀ। ਨਗਰ ਕੀਰਤਨ ਦੀ ਆਰੰਭਤਾ ਵੇਲੇ ਛੋਟੇ ਬੱਚਿਆਂ ਨੇ ਗੁਬਾਰੇ ਛੱਡ ਕੇ ਇਸ ਦੀ ਸੂਚਨਾ ਪੂਰੇ ਸ਼ਹਿਰ ਨੂੰ ਦਿੱਤੀ। ਮੂਹਰੇ-ਮੂਹਰੇ ਬੀਬੀਆਂ ਅਤੇ ਹੋਰ ਸੰਗਤ ਝਾੜੂ ਅਤੇ ਪਾਣੀ ਦਾ ਛਿੜਕਾਅ ਕਰਕੇ ਪੂਰੇ ਰਸਤੇ ਨੂੰ ਸਾਫ ਕਰਦੇ ਰਹੇ। ਗਤਕਾ ਪਾਰਟੀਆਂ ਨੇ ਨਾਲੋ-ਨਾਲ ਸਿੱਖ ਮਾਰਸ਼ਲ ਆਰਟ ਦਾ ਪ੍ਰਦਰਸ਼ਨ ਕੀਤਾ।





ਹੇਸਟਿੰਗ ਤੋਂ ਵੀ ਗਤਕਾ ਪਾਰਟੀ ਪਹੁੰਚੀ। ਗੋਰਿਆਂ ਦਾ ਮਿਊਜ਼ੀਕਲ ਬੈਂਡ ਵੀ ਆਪਣੀਆਂ ਧੁਨੀਆਂ ਇਸ ਮੌਕੇ ਬਿਖੇਰ ਰਿਹਾ ਸੀ। ਨਗਰ ਕੀਰਤਨ ਦੌਰਾਨ ਬੱਚਿਆਂ, ਰਾਗੀ ਜਥਿਆਂ ਅਤੇ ਬੀਬੀਆਂ ਨੇ ਗੁਰਬਾਣੀ ਗਾਇਨ ਕੀਤੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਉਤੇ ਝਾਤ ਪਾਉਂਦੀਆਂ ਕਵਿਤਾਵਾਂ ਪੜ੍ਹੀਆਂ। ਬੱਚਿਆਂ ਨੇ ਕਵੀਸ਼ਰੀ ਗਾ ਕੇ ਪੂਰੇ ਮਾਹੌਲ ਨੂੰ ਜੋਸ਼ ਭਰਿਆ ਬਣਾ ਦਿੱਤਾ। ਪਹਿਲਾ ਵੱਡਾ ਪੜਾਅ ਬੁਆਇਜ਼ ਸਕੂਲ ਵਿਖੇ ਕੀਤਾ ਗਿਆ ਅਤੇ ਪਹੁੰਚੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਾਫਟ ਡਰਿੰਕਾਂ, ਚੀਜ਼ ਚਿੱਲੀ, ਛੋਲੇ, ਫਰੂਟ ਚਾਟ ਅਤੇ ਹਲਵੇ ਦਾ ਲੰਗਰ ਵੀ ਛਕਾਇਆ ਗਿਆ। ਰਸਤੇ ਦੇ ਵਿਚ ਵੀ ਤਰ੍ਹਾਂ-ਤਰ੍ਹਾਂ ਦੇ ਹੋਰ ਖਾਣ ਪੀਣ ਵਾਲੀਆਂ ਵਸਤਾਂ ਵੰਡੀਆਂ ਗਈਆਂ। ਸਥਾਨਕ ਗੋਰੇ ਲੋਕ ਜਿੱਥੇ ਇਸ ਨਗਰ ਕੀਰਤਨ ਦੇ ਵਿਚ ਸ਼ਾਮਿਲ ਹੋਏ ਉਥੇ ਘਰਾਂ ਦੇ ਬਾਹਰ ਖੜ ਕੇ ਵੀਡੀਓ ਅਤੇ ਫੋਟੋਆਂ ਖਿੱਚ ਕੇ ਖੁਸ਼ੀ ਜ਼ਾਹਿਰ ਕਰ ਰਹੇ ਸਨ। ਇਕ ਅੰਦਾਜ਼ੇ ਮੁਤਾਬਿਕ ਪੰਜ ਹਜ਼ਾਰ ਤੋਂ ਵੱਧ ਸੰਗਤ ਇਸ ਮੌਕੇ ਸ਼ਾਮਿਲ ਹੋਈ ਦੱਸੀ ਜਾਂਦੀ ਹੈ। ਲਗਪਗ ਤਿੰਨ ਕਿਲੋਮੀਟਰ ਲੰਬੇ ਸਫਰ ਵਾਲੇ ਇਸ ਨਗਰ ਕੀਰਤਨ ਦੇ ਵਿਚ ਜਿੱਥੇ ਇਲਾਕੇ ਭਰ ਦੀ ਸੰਗਤ ਸ਼ਾਮਿਲ ਹੋਈ ਉਥੇ ਦੇਸ਼ ਦੇ ਟਰਾਂਸਪੋਰਟ ਮੰਤਰੀ ਸ੍ਰੀ ਸਾਇਮਨ ਬ੍ਰਿਜਸ, ਸੰਸਦ ਮੈਂਬਰ ਸ. ਕੰਵਲਜੀਤ ਸਿੰਘ ਬਖਸ਼ੀ, ਡਾ. ਪਰਮਜੀਤ ਪਰਮਾਰ, ਟੌਰੰਗਾ ਦੇ ਡਿਪਟੀ ਮੇਅਰ ਕੈਲਵਿਨ ਕਲੌਟ ਤੋਂ ਇਲਾਵਾ ਇਲਾਕੇ ਦੇ ਬਹੁਤ ਸਾਰੇ ਹੋਰ ਪਤਵੰਤੇ ਲੋਕ ਸ਼ਾਮਿਲ ਹੋਏ। ਇੰਡੀਅਨ ਹਾਈ ਕਮਿਸ਼ਨ ਅਤੇ ਟੌਰੰਗਾ ਦੇ ਮੇਅਰ ਵੱਲੋਂ ਇਸ ਮੌਕੇ ਸ਼ੰਦੇਸ਼ ਵੀ ਪਹੁੰਚੇ।

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu



Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box Business Cards, International Driver Lic., Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)




ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com




## ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਨਾਲ ਸਬੰਧਤ ਕੈਲੇਫੋਰਨੀਆ ਦੀਆਂ ਕੁਝ ਇਤਿਹਾਸਕ ਤਸਵੀਰਾਂ



*Journalist Prem Kumar Chumber is presenting a Picture of Great Ghaddri Baba Babu Mangu Ram Mugowalia to Mr.Kewal Bolina (President of Shri Guru Ravi Dass Sabha Sacramento, California, USA), Mr. Hans Raj Kajla (Secretary), Mr. Tawinder Kazla (Vice Chairman) & Mr. Satish Kumar Ralh (Ex Stage Secretary) at Shri Guru Ravi Dass Temple, Rio Linda (California) on Sahib Shri Guru Ravi Dass's 629th Gururpurb day, March 12, 2006.*



*Journalist Prem Kumar Chumber is presenting a Picture of Great Ghaddri Baba Babu Mangu Ram Mugowalia to S Gurbachan Singh, the president of Shri Guru Ravi Dass Sabha Selma, California (USA) in the presence of sangat on April 02, 2006. Standing sangat: Rajinder Singh Gangar, Bhai Harjinder Singh Rassia, Sukwinder Suman, Dev Raj Singh (present President of Shri Guru Ravi Dass Sabha Selma) Mrs. Gurbachan Singh, Narender Chumber, Takshila Chumber & others.*



*Journalist Prem Kumar Chumber is presenting a Picture of Great Ghaddri Baba Babu Mangu Ram Mugowalia to Mr. Lahori Ram, Economic Development Commissioner, California in the presence of sangat at the Shri Guru Ravi Dass Temple, Pittsburg, California (USA) on Sunday (May , 2006) .Standing Sangat: K. D. Paul (Presidemt, IBO California), Daswinder Paul (President, Shri Guru Ravi Dass Sabha Pittsburg, California), Ajay Kataria (president, President Shri Guru Ravi Dass Sabha Pittsburg, California), Balvir Mall (Chairman, Shri Guru Ravi Dass Sabha Pittsburg, California), Sewak Dass, Satpaul Surila, Jagat Jaggi, Ram Ralh, Kundan Pall, Salinder Bhatia, George Bhatia, Giani Harblas Singh, Kamaljeet Surila, Jaila Jaggi, Giani Ball Singh and Jarnail Dugh & others.*



*Journalist Prem Kumar Chumber is presenting a Picture of Great Ghaddri Baba Babu Mangu Ram Mugowalia to Mr. Vinod Kumar Chumber (President of Shri Guru Ravi Dass Sabha, Bay Area, California, USA) in the presence of sangat on May 21, 2006. Standing Sangat: Amrik Chand Lakha (President of Dr. Ambedkar Educational Aid Society Fremont, California, USA), Sucha Ram Bharta, Balbir Singh Shinmar (General Secretary of Shri Guru Ravi Dass Sabha, Bay Area, California, USA) & others community members.*



*Journalist Prem Kumar Chumber presented a book Religious rebels in the Punjab (written by Prof. (Dr.) Mark Juergensmeyer) to Mr. Bansi Lal Bangar, the president of Shri Guru Ravi Dass Sabha (C.V.) Fresno, California (USA) on Sunday, Feb.11th, 2007, the 630th birth day celebration of Shri Guru Ravi Dass Ji. Standing Left to Right: Baldev Suman, Chairman Shri Guru Ravi Dass Sabha Bay Area, San Francisco California, Vinod Chumber, the president of Shri Guru Ravi Dass Sabha Bay Area, San Francisco California, Des Raj Bangar, Secretary of Shri Guru Ravi Dass Sabha (C.V.) Fresno, California , Sonu Ambedkar (K.K.Saroya) Vice President I.B.O. California, Kewal Bolina, the president of Shri Guru Ravi Dass Sabha Sacramento (California), Balbir Mall, Chairman Shri Guru Ravi Dass Sabha Pittsburg (California), Piara Singh Virdi, Assistant Secretary of Shri Guru Ravi Dass Sabha (C.V.) Fresno, California , Bhai Avtar Singh Maheru Head Garanthi of Shri Guru Ravi Dass Temple (C.V.) Fresno, California, Karam Singh Bangar, Chairman of Shri Guru Ravi Dass Sabha (C.V.) Fresno, California, Parmod Loi Gen. Secretary of Shri Guru Ravi Dass Sabha (C.V.) Fresno, California.*



*Prem Kumar Chumber is presenting a photo of Ghaddri Baba Babu Mangoo Ram Muggowalia to Shingara Singh Ralh (President Shri Guru Ravi Dass Temple, Yuba City) & standing: Left to right Mohan Gill, (Behind Davinder Ralh), Sukhveer Heer, Charan Singh, Gurbachan Chopra & Parshotam Sood.*



*After we hung the picture of Mugowalia: Charan Singh, Davinder Ralh, Mohan Gill, P.K. Chumber,Shingara Singh Ralh & Sukhveer Heer*




*Prem Kumar Chumber is presinting a book "Religious Rebels in the Punjab" (Written by Dr. Mark Juergensmeyer) to Parshotam Sood (Chairman Shri Guru Ravi Dass Temple, Yuba City) standing: L. to R. Gurbachan Chopra, Dayal Ram Nar, Mohan Gill, Davinder Ralh, Charan Singh & Sukhveer Heer.*

# Great Ghaddri Baba Babu Mangu Ram Mugowalia



# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੇਫੋਰਨੀਆ (ਸੈਕਰਾਮੈਂਟੋ) ਵੱਲੋਂ ਕਰਵਾਏ ਗਏ ਮਹਾਨ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੀ ਯਾਦ ਵਿਚ ਮੇਲੇ ਨੇ ਛੱਡੀ ਵਿਲੱਖਣ ਛਾਪ


























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੇਫੋਰਨੀਆ (ਸੈਕਰਾਮੈਂਟੋ) ਵੱਲੋਂ ਕਰਵਾਏ ਗਏ ਮਹਾਨ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੀ ਯਾਦ ਵਿਚ ਮੇਲੇ ਨੇ ਛੱਡੀ ਵਿਲੱਖਣ ਛਾਪ





















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days 11 AM to 10 PM

Contact Us:

Ph. 510-885-1212

Fax. 510-885-1532

# L.A. MERCHANDISE
## Whole Sale +Retail

ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

**500 N. Palora Ave. Yuba City, CA 95991**

530-671-0439, Fax 530-822-0439 Cell- 530-844-3250



# KB USED AUTO SALES



**8655 B Monterey Street Gilroy, CA 95020**

Kashmiri Bhatia, Dealer/Broker
408-848-2365

50% OFF WARRANTY
with Qualifying Car Purchase

IN HOUSE FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust


### ਰੁੱਤ ਵੋਟਾਂ ਦੀ ਆਈ

# ਪੰਜਾਬ ਵਿੱਚ ਹੋਈਆਂ 1951 ਤੋਂ ਲੈਕੇ ਹੁਣ ਤੱਕ ਵਿਧਾਨ ਸਭਾ ਚੋਣਾਂ ਦਾ ਲੇਖਾ ਜੋਖਾ



ਕੁਲਦੀਪ ਚੰਦ
9417563054

ਦੇਸ਼ ਆਜ਼ਾਦ ਹੋਣ ਤੋਂ ਬਾਅਦ ਪੰਜਾਬ ਵਿੱਚ ਪਹਿਲੀ ਵਾਰ 1951 ਵਿੱਚ ਚੋਣਾਂ ਹੋਈਆਂ। ਇਹਨਾਂ ਚੋਣਾਂ ਵਿੱਚ 126 ਸੀਟਾਂ ਤੇ ਚੋਣਾਂ ਲੜੀਆਂ ਗਈਆਂ। ਇਹ ਸਾਰੀਆਂ ਸੀਟਾਂ ਜਨਰਲ ਵਰਗ ਲਈ ਸਨ ਅਤੇ ਕੋਈ ਵੀ ਸੀਟ ਰਾਖਵੀਂ ਨਹੀਂ ਸੀ। ਇਹਨਾਂ ਚੋਣਾਂ ਵਿੱਚ 843 ਉਮੀਦਵਾਰ ਚੁਣਾਵੀ ਮੈਦਾਨ ਵਿੱਚ ਨਿਤਰੇ। ਕੁੱਲ ਵੋਟਰ 6522434 ਸਨ ਜਿਹਨਾਂ ਵਿੱਚੋਂ 4989077 ਵੋਟਰਾਂ ਨੇ ਆਪਣੀਆਂ ਵੋਟਾਂ ਪਾਈਆਂ ਭਾਵ ਮਤਦਾਨ 57.85 ਫੀਸਦੀ ਰਿਹਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 96 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 13, ਆਜ਼ਾਦ ਉਮੀਦਵਾਰਾਂ ਨੇ 9 ਅਤੇ ਬਾਕੀ 8 ਸੀਟਾਂ ਤੇ ਹੋਰ ਪਾਰਟੀਆਂ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਸੰਨ 1957 ਵਿੱਚ 154 ਸੀਟਾਂ ਤੇ ਚੋਣਾਂ ਲੜੀਆਂ ਗਈਆਂ। ਇਹਨਾਂ ਚੋਣਾਂ ਵਿੱਚ 660 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 9208926 ਸੀ ਜਿਸ ਵਿੱਚੋਂ 7603890 ਵੋਟਰਾਂ ਨੇ ਵੋਟਾਂ ਪਾਈਆਂ ਭਾਵ ਮਤਦਾਨ 57.72 ਫੀਸਦੀ ਰਿਹਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 120 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਜਦਕਿ 13 ਸੀਟਾਂ ਤੇ ਆਜ਼ਾਦ ਉਮੀਦਵਾਰ ਅਤੇ ਬਾਕੀ 21 ਸੀਟਾਂ ਤੇ ਹੋਰ ਦਲਾਂ ਦੇ ਉਮੀਦਵਾਰ ਜੇਤੂ ਰਹੇ। ਸੰਨ 1962 ਵਿੱਚ 154 ਸੀਟਾਂ ਤੇ ਚੋਣਾਂ ਲੜੀਆਂ ਗਈਆਂ। ਇਹਨਾਂ ਚੋਣਾਂ ਵਿੱਚ 756 ਉਮੀਦਵਾਰ ਚੁਣਾਵੀ ਮੈਦਾਨ ਵਿੱਚ ਨਿਤਰੇ। 154 ਸੀਟਾਂ ਵਿੱਚੋਂ 121 ਜਨਰਲ ਵਰਗ ਲਈ ਅਤੇ 33 ਸੀਟਾਂ ਐਸ ਸੀ ਵਰਗ ਲਈ ਰਾਖਵੀਆਂ ਰੱਖੀਆਂ ਗਈਆਂ। ਕੁੱਲ ਵੋਟਰਾਂ ਦੀ ਗਿਣਤੀ 10745652 ਸੀ ਜਿਸ ਵਿੱਚੋਂ 6816763 ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਭਾਵ ਮਤਦਾਨ 63.44 ਫੀਸਦੀ ਰਿਹਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 90 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 19 ਸੀਟਾਂ, ਆਜ਼ਾਦ ਉਮੀਦਵਾਰਾਂ ਨੇ 18 ਸੀਟਾਂ ਅਤੇ ਬਾਕੀ 27 ਸੀਟਾਂ ਤੇ ਹੋਰ ਦਲਾਂ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਸੰਨ 1967 ਵਿੱਚ 104 ਸੀਟਾਂ ਤੇ ਚੋਣਾਂ ਲੜੀਆਂ ਗਈਆਂ। ਇਹਨਾਂ 104 ਸੀਟਾਂ ਵਿੱਚੋਂ 81 ਜਨਰਲ ਅਤੇ 23 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 602 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 6311063 ਸੀ ਜਿਸ ਵਿੱਚੋਂ 4492366 ਭਾਵ 71.18 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ 48 ਸੀਟਾਂ, ਸ਼੍ਰੋਮਣੀ ਅਕਾਲੀ ਦਲ 24 ਸੀਟਾਂ, ਆਜ਼ਾਦ ਉਮੀਦਵਾਰ 9 ਸੀਟਾਂ ਅਤੇ ਬਾਕੀ 23 ਸੀਟਾਂ ਤੇ ਹੋਰ ਦਲਾਂ ਦੇ ਉਮੀਦਵਰ ਜੇਤੂ ਰਹੇ। ਸੰਨ 1969 ਵਿੱਚ 104 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 81 ਜਨਰਲ ਵਰਗ ਅਤੇ 23 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 471 ਉਮੀਦਵਾਰਾਂ ਨੇ ਚੋਣਾਂ ਲੜੀਆਂ। ਇਹਨਾਂ ਚੋਣਾਂ ਵਿੱਚ ਵੋਟਰਾਂ ਦੀ ਗਿਣਤੀ 6692111 ਸੀ ਜਿਸ ਵਿੱਚੋਂ 4836135 ਭਾਵ 72.27 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ 38 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੂੰ 43 ਸੀਟਾਂ, ਆਜ਼ਾਦ ਉਮੀਦਵਾਰਾਂ ਨੂੰ 4 ਸੀਟਾਂ ਅਤੇ ਹੋਰ ਦਲਾਂ ਨੂੰ 19 ਸੀਟਾਂ ਪ੍ਰਾਪਤ ਹੋਈਆਂ। ਸੰਨ 1972 ਵਿੱਚ 104 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 81 ਜਨਰਲ ਵਰਗ ਅਤੇ 23 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 468 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 7244663 ਸੀ ਜਿਸ ਵਿੱਚੋਂ 4972374 ਭਾਵ 68.63 ਫੀਸਦੀ ਵੋਟਰਾਂ ਨੇ ਵੋਟਾਂ ਪਾਈਆਂ। ਇਹਨਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 66 ਸੀਟਾਂ, ਸੀ ਪੀ ਆਈ ਨੇ 10 ਸੀਟਾਂ ਅਤੇ ਸ਼੍ਰੋਮਣੀ ਅਕਾਲੀ ਦਲ ਨੇ 24 ਸੀਟਾਂ ਅਤੇ ਹੋਰ ਦਲਾਂ ਨੇ 4 ਸੀਟਾਂ ਪ੍ਰਾਪਤ ਕੀਤੀਆਂ। ਸੰਨ 1977 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 682 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 8764980 ਸੀ ਜਿਸ ਵਿੱਚੋਂ 5729424 ਭਾਵ 65.37 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 7 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 58, ਸੀ ਪੀ ਆਈ ਨੇ 7, ਸੀ ਪੀ ਐਮ ਨੇ 8 ਜਨਤਾ



ਪਾਰਟੀ ਨੇ 25 ਅਤੇ ਹੋਰ ਦਲਾਂ ਨੇ 2 ਸੀਟਾਂ ਪ੍ਰਾਪਤ ਕੀਤੀਆਂ। ਸੰਨ 1980 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 722 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 9857288 ਸੀ ਜਿਸ ਵਿੱਚੋਂ 6341549 ਭਾਵ 64.33 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 63 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 37, ਸੀ ਪੀ ਆਈ ਨੇ 9, ਅਤੇ ਹੋਰ ਦਲਾਂ ਨੇ 8 ਸੀਟਾਂ ਪ੍ਰਾਪਤ ਕੀਤੀਆਂ।

ਸੰਨ 1985 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 857 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 10728825 ਸੀ ਜਿਸ ਵਿੱਚੋਂ 7245281 ਭਾਵ 67.53 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 32 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 73, ਅਤੇ ਹੋਰ ਦਲਾਂ ਨੇ 12 ਸੀਟਾਂ ਪ੍ਰਾਪਤ ਕੀਤੀਆਂ। ਸੰਨ 1992 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 579 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 13171851 ਸੀ ਜਿਸ ਵਿੱਚੋਂ 3137915 ਭਾਵ 23.82 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 87 ਸੀਟਾਂ ਅਤੇ ਹੋਰ ਦਲਾਂ ਨੇ 30 ਸੀਟਾਂ ਪ੍ਰਾਪਤ ਕੀਤੀਆਂ।

ਸੰਨ 1997 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 693 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 15225395 ਸੀ ਜਿਸ ਵਿੱਚੋਂ 10463868 ਭਾਵ 68.73 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 14 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 75, ਭਾਜਪਾ ਨੇ 18 ਅਤੇ ਹੋਰ ਦਲਾਂ ਨੇ 10 ਸੀਟਾਂ ਪ੍ਰਾਪਤ ਕੀਤੀਆਂ। ਸੰਨ 2002 ਵਿੱਚ 117 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 88 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 923 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 15816169 ਸੀ ਜਿਸ ਵਿੱਚੋਂ 10303081 ਭਾਵ 65.14 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 62 ਸੀਟਾਂ, ਸ਼੍ਰੋਮਣੀ ਅਕਾਲੀ ਦਲ ਨੇ 41, ਭਾਜਪਾ ਨੇ 3 ਅਤੇ ਹੋਰ ਦਲਾਂ ਨੇ 11 ਸੀਟਾਂ ਪ੍ਰਾਪਤ ਕੀਤੀਆਂ।

ਸੰਨ 2007 ਵਿੱਚ 116 ਸੀਟਾਂ ਤੇ ਚੋਣਾਂ ਲੜੀਆਂ ਗਈਆਂ ਜਿਸ ਵਿੱਚੋਂ 87 ਜਨਰਲ ਵਰਗ ਅਤੇ 29 ਐਸ ਸੀ ਵਰਗ ਲਈ ਸਨ। ਇਹਨਾਂ ਚੋਣਾਂ ਵਿੱਚ 1043 ਉਮੀਦਵਾਰਾਂ ਨੇ ਚੋਣਾਂ ਲੜੀਆਂ। ਕੁੱਲ ਵੋਟਰਾਂ ਦੀ ਗਿਣਤੀ 16775702 ਸੀ ਜਿਸ ਵਿੱਚੋਂ 12657285 ਭਾਵ 75.45 ਫੀਸਦੀ ਵੋਟਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਹਨਾਂ ਵੋਟਾਂ ਵਿੱਚ ਕਾਂਗਰਸ ਨੇ 44, ਸ਼੍ਰੋਮਣੀ ਅਕਾਲੀ ਦਲ ਨੇ 48 ਅਤੇ ਭਾਜਪਾ ਨੇ 19 ਸੀਟਾਂ ਅਤੇ ਹੋਰ ਦਲਾਂ ਨੇ 5 ਸੀਟਾਂ ਪ੍ਰਾਪਤ ਕੀਤੀਆਂ। 30 ਜਨਵਰੀ 2012 ਨੂੰ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ 17682363 ਵੋਟਰਾਂ ਵਿੱਚੋਂ 13892749 ਵੋਟਰਾਂ ਨੇ 117 ਵਿਧਾਨ ਸਭਾ ਹਲਕਿਆਂ ਵਿੱਚ ਵੋਟ ਪਾਈ। ਇਨ੍ਹਾਂ ਚੋਣਾਂ ਵਿੱਚ ਕੁੱਲ 1078 ਉਮੀਦਵਾਰਾਂ ਨੇ ਅਪਣੀ ਕਿਸਮਤ ਅਜ਼ਮਾਈ ਜਿਸ ਵਿੱਚ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦੱਲ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ, ਪੀ ਪੀ ਪੀ, ਅਕਾਲੀ ਦੱਲ ਮਾਨ ਆਦਿ ਪਾਰਟੀਆਂ ਦੇ ਆਗੂ ਸ਼ਾਮਿਲ ਸਨ। ਇਨ੍ਹਾਂ ਚੋਣਾਂ ਵਿੱਚ ਕਾਂਗਰਸ ਨੇ 46, ਸ਼੍ਰੋਮਣੀ ਅਕਾਲੀ ਦਲ ਨੇ 56, ਭਾਜਪਾ ਨੇ 12 ਸੀਟਾਂ ਅਤੇ ਹੋਰ ਦਲਾਂ ਅਤੇ ਉਮੀਦਵਾਰਾਂ ਨੇ 3 ਸੀਟਾਂ ਪ੍ਰਾਪਤ ਕੀਤੀਆਂ।

ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ 40.11 ਫਿਸਦੀ, ਸ਼੍ਰੋਮਣੀ ਅਕਾਲੀ ਦੱਲ ਨੂੰ 34.75, ਭਾਰਤੀ ਜਨਤਾ ਪਾਰਟੀ ਨੂੰ 7.13 ਫਿਸਦੀ, ਬਹੁਜਨ ਸਮਾਜ ਪਾਰਟੀ ਨੂੰ 4.30 ਫਿਸਦੀ, ਪੀ ਪੀ ਪੀ ਨੂੰ 5.17 ਫਿਸਦੀ, ਅਕਾਲੀ ਦੱਲ ਮਾਨ ਨੂੰ 0.28 ਫਿਸਦੀ, ਸੀ ਪੀ ਆਈ 0.82 ਫਿਸਦੀ, ਸੀ ਪੀ ਆਈ ਐਮ ਨੂੰ 0.16 ਫਿਸਦੀ ਵੋਟਾਂ ਮਿਲੀਆਂ। ਇਨ੍ਹਾਂ ਚੋਣਾਂ ਵਿੱਚ ਮਿਲੇ ਬਹੁਮਤ ਤੋਂ ਬਾਦ ਸ਼੍ਰੋਮਣੀ ਅਕਾਲੀ ਦੱਲ ਅਤੇ ਭਾਰਤੀ ਜਨਤਾ ਪਾਰਟੀ ਨੇ ਮੁੜ ਪੰਜਾਬ ਵਿੱਚ ਸਰਕਾਰ ਬਣਾਈ ਜੋਕਿ ਹੁਣ ਤੱਕ ਚੱਲ ਰਹੀ ਹੈ।

04 ਫਰਵਰੀ 2017 ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਹੁਣ ਤੱਕ ਕੁੱਲ 19749964 ਵੋਟਰ ਰਜਿਸਟਰਡ ਹਨ ਜੋਕਿ ਵੱਖ ਵੱਖ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦੱਲ, ਭਾਰਤੀ ਜਨਤਾ ਪਾਰਟੀ, ਕਾਂਗਰਸ ਪਾਰਟੀ, ਆਮ ਆਦਮੀ ਪਾਰਟੀ, ਅਪਣਾ ਪੰਜਾਬ ਪਾਰਟੀ, ਬਹੁਜਨ ਸਮਾਜ ਪਾਰਟੀ, ਸੀ ਪੀ ਆਈ, ਸੀ ਪੀ ਐਮ, ਸਵਰਾਜ ਪਾਰਟੀ, ਪੰਜਾਬ ਫਰੰਟ, ਟੀ ਐਮ ਸੀ ਆਦਿ ਸਮੇਤ ਕਈ ਰਾਜਨੀਤਿਕ ਪਾਰਟੀਆਂ ਭਾਗ ਲੈ ਰਹੀਆਂ ਹਨ। ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕ ਕਿਸ ਪਾਰਟੀ ਨੂੰ ਸਮੱਰਥਨ ਦਿੰਦੇ ਹਨ ਇਹ ਤਾਂ 11 ਮਾਰਚ ਨੂੰ ਚੋਣ ਨਤੀਜਿਆਂ ਤੋਂ ਹੀ ਪਤਾ ਚੱਲੇਗਾ ਪ੍ਰੰਤੂ ਵੱਖ ਵੱਖ ਪਾਰਟੀਆਂ ਵਿੱਚ ਉਠਦੇ ਬਗਾਬਤੀ ਸੁਰ ਇਨ੍ਹਾਂ ਪਾਰਟੀਆਂ ਦੇ ਪਮੁੱਖ ਆਗੂਆਂ ਦੀ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ ਅਤੇ ਵੱਡੀਆਂ ਮੁਸ਼ਕਿਲਾਂ ਖੜੀਆਂ ਕਰ ਸਕਦੇ ਹਨ।

# "ਚਿੰਤਾ ਭਰੇ ਮੱਧ ਵਰਗ ਪੰਜਾਬੀ ਮੁੰਡੇ"



ਸਾਹਿਤਕਾਰ ਅਮਨਪ੍ਰੀਤ ਸਿੰਘ
ਵਟਸ ਅਪ 09465554088

ਕਈ ਪੰਜਾਬੀਆਂ ਵਿੱਚ ਇੱਕ ਖਾਸ ਹੀ ਰਿਵਾਜ, ਯਾ ਇੰਝ ਕਹਿ ਲਵੋ ਕਿ ਇੱਕ ਖਾਸ ਹੀ ਪਰਮਪਰਾ ਜਿਹੀ ਚਲ ਪਈ ਹੈ। ਪਰਮਪਰਾ ਕੁੱਝ ਇੰਝ ਹੈ ਜਦੋਂ ਮੱਧ-ਵਰਗ ਪੰਜਾਬੀ ਪਰਿਵਾਰ ਵਿੱਚ ਮੁੰਡਾ ਜਵਾਨ ਹੋ ਜਾਂਦਾ ਹੈ, ਅਤੇ ਕੋਈ ਪੰਦਰ੍ਹਾਂ-ਵੀਹ ਹਜ਼ਾਰ ਵਾਲੀ ਨੌਕਰੀ ਲਗ ਜਾਂਦਾ ਹੈ ਤਾਂ ਉਦੋਂ ਉਸਦੇ ਮਾਤਾ ਪਿਤਾ ਕਹਿੰਦੇ ਹਨ "ਹੁਣ ਤੂ ਜਵਾਨ ਹੋ ਗਿਆ ਹੈਂ, ਹੁਣ ਤੂੰ ਨੌਕਰੀ ਵੀ ਲਗ ਗਿਆ ਹੈਂ, ਹੁਣ ਤੂੰ ਆਪੇ ਕਮਾ ਅਤੇ ਖਾ, ਅਤੇ ਆਪੇ ਆਪਣਾ ਵਿਆਹ ਵੀ ਕਰਵਾ ਪੈਸੇ ਜੋੜਕੇ।" ਇਹ ਡਾਇਲਾਗ ਅਕਸਰ ਹਰ ਮਧ-ਵਰਗ ਪੰਜਾਬੀ ਪਰਿਵਾਰ ਵਿੱਚ ਬੋਲਿਆ ਜਾਂਦਾ ਹੈ। ਦੇਖਣ ਵਿੱਚ ਵੀ ਇਹ ਡਾਇਲਾਗ ਬਹੁਤ ਜਾਇਜ਼ ਲਗਦਾ ਹੈ। ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਮਾਂ-ਪਿਓ ਸਾਰੀ ਉਮਰ ਆਪਣਾ ਢਿੱਡ-ਪੇਟ ਬੰਨ੍ਹਕੇ ਆਪਣੇ ਬੱਚਿਆਂ ਨੂੰ ਪਾਲਦੇ ਹਨ, ਉਹਨਾਂ ਨੂੰ ਪੜ੍ਹਾਉਂਦੇ ਲਿਖਾਉਂਦੇ ਹਨ। ਅਤੇ ਜਦ ਬੱਚੇ ਉਡਾਰ ਹੋ ਜਾਂਦੇ ਹਨ ਤਾਂ ਫਿਰ ਮਾਤਾ-ਪਿਤਾ ਸਾਰੀ ਜ਼ਿੰਮੇਵਾਰੀ ਉਹਨਾਂ ਉੱਤੇ ਸੁੱਟ ਦਿੰਦੇ ਹਨ ਅਤੇ ਆਪ ਫਾਰਗ ਹੋ ਜਾਂਦੇ ਹਨ। ਪਰ ਇਸ ਗਲ ਦੇ ਦੂਜੇ ਪਹਿਲੂ ਤੋਂ ਦੇਖਣ ਦੀ ਕੋਸ਼ਸ਼ ਬਹੁਤ ਹੀ ਘੱਟ ਲੋਕ ਕਰਦੇ ਹਨ। ਦੂਜੇ ਪੱਖ ਦੇ ਕਹਿਣ ਤੋਂ ਭਾਵ ਹੈ ਬੱਚਿਆਂ ਦੇ ਪੱਖ ਤੋਂ, ਜੋ ਜਵਾਨ ਹੋਏ ਹੁੰਦੇ ਹਨ। ਹੁਣ ਜ਼ਰਾ ਧਿਆਨ ਨਾਲ ਪੜ੍ਹਨਾ। ਜਦੋਂ ਬੱਚਾ ਜਵਾਨ ਹੁੰਦਾ ਹੈ, ਜਦ ਉਹ ਕੋਈ ਪੰਦਰ੍ਹਾਂ-ਵੀਹ ਹਜ਼ਾਰ ਦੀ ਨੌਕਰੀ ਕਰਨ ਲਗ ਜਾਂਦਾ ਹੈ, ਉਦੋਂ ਤੱਕ ਤਾਂ ਉਸਦੀ ਉਮਰ ਵੈਸੇ ਹੀ ਸੱਤਾਈ ਅਠਾਈ ਸਾਲ ਹੋ ਜਾਂਦੀ ਹੈ, ਇਹ ਵੀ ਫਿਰ ਹੀ ਸੰਭਵ ਹੈ, ਜਦ ਉਸਦੀ ਕਿਸਮਤ ਚੰਗੀ ਹੋਵੇ।

ਅੱਜਕੱਲ੍ਹ ਅਕਸਰ ਇਹ ਦੇਖਣ ਵਿੱਚ ਆ ਰਿਹਾ ਹੈ ਕਿ ਮੁੰਡੇ ਦੀ ਉਮਰ ਤੀਹ ਸਾਲ ਵੀ ਪਾਰ ਕਰ ਜਾਂਦੀ ਹੈ, ਅਤੇ ਮੁੰਡੇ ਨੂੰ ਕੋਈ ਚੰਗੀ ਨੌਕਰੀ ਵੀ ਨਹੀਂ ਮਿਲਦੀ। ਚਲੋ ਮੰਨ ਲਵੋ ਮੁੰਡੇ ਦੀ ਕਿਸਮਤ ਚੰਗੀ ਸੀ, ਅਤੇ ਉਸਨੂੰ ਛੱਬੀ ਕੁ ਸਾਲਾਂ ਦੀ ਉਮਰ ਵਿੱਚ ਹੀ ਉਸਨੂੰ ਚੰਗੀ ਨੌਕਰੀ 25000 ਰੁਪਏ ਪ੍ਰਤੀ ਮਹੀਨਾ ਮਿਲ ਗਈ। ਨੌਕਰੀ ਮਿਲਦਿਆਂ ਸਾਰ ਹੀ ਉਸਦੇ ਘਰ ਦਿਆਂ ਨੇ ਕਹਿ ਦਿੱਤਾ ਕਿ ਹੁਣ ਉਹ ਆਪ ਖੁਦ ਪੈਸੇ ਜੋੜੇ ਅਤੇ ਆਪਣਾ ਵਿਆਹ ਖੁਦ ਕਰਵਾਵੇ। ਹੁਣ ਮੁੰਡਾ ਵਿਚਾਰਾ ਘੱਟੋ ਘੱਟ ਦੋ ਕੁ ਸਾਲ ਤਾਂ ਨੌਕਰੀ ਕਰੇਗਾ, ਘਰ ਦਾ ਖਰਚਾ ਵੀ ਚਲਾਵੇਗਾ ਅਤੇ ਕੁੱਝ ਪੈਸੇ ਆਪਣੇ ਵਿਆਹ ਲਈ ਵੀ ਜੋੜੇਗਾ। ਮੰਨ ਲਵੋ ਉਸਨੇ ਕੋਈ ਦੱਸ ਕੁ ਹਜ਼ਾਰ ਵਿੱਚ ਆਪਣਾ ਘਰ ਚਲਾਇਆ ਅਤੇ ਬਾਕੀ ਬੱਚਿਆ ਪੰਦਰ੍ਹਾਂ ਹਜ਼ਾਰ ਰੁਪਏ ਪ੍ਰਤੀ ਮਹੀਨਾ ਉਹ ਜੋੜੀ ਗਿਆ। ਫਿਰ ਉਹ ਦੋ ਸਾਲ ਇੰਝ ਹੀ ਕਰਦਾ ਗਿਆ। ਇਸ ਦਾ ਮਤਲਬ ਇਹ ਹੋਇਆ ਕਿ ਉਸਨੇ 28 ਸਾਲਾਂ ਦੀ ਉਮਰ ਤੱਕ ਤਿੰਨ ਲੱਖ ਸੱਠ ਹਜ਼ਾਰ ਰੁਪਏ ਜੋੜ ਲਏ। ਹੁਣ ਉਸਦੇ ਮਾਂ-ਪਿਓ ਨੇ ਉਸ ਲਈ ਕੁੜੀ ਵੀ ਲੱਭ ਲਈ। ਮੁੰਡੇ ਨੇ ਕਿਹਾ "ਪਿਤਾ ਜੀ, ਮੇਰਾ ਵਿਆਹ ਸਾਦਾ ਹੀ ਕਰ ਦਿਓ। ਇਸ ਨਾਲ ਮੇਰੇ ਪੈਸੇ ਬੱਚ ਜਾਣਗੇ, ਅਤੇ ਜੋੜੇ ਹੋਏ ਪੈਸੇ ਭਵਿੱਖ ਵਿੱਚ ਕੰਮ ਆਉਣਗੇ।" ਪਿਤਾ ਜੀ ਨੇ ਕਿਹਾ ਉਇਹ ਤੂੰ ਕੀ ਕਹਿ ਰਿਹਾਂ! ਤੇਰਾ ਅਸੀਂ ਸਾਦਾ ਵਿਆਹ ਕਰ ਦੇਈਏ! ਤੂੰ ਸਾਡਾ ਨੱਕ ਵਢਾਉਣਾ! ਲੋਕੀ ਕੀ ਕਹਿਣਗੇ ਕਿ ਸਾਡੇ ਪੱਲੈ ਕੱਖ ਵੀ ਨਹੀਂ! ਇਹ ਬਿਲਕੁਲ ਨਹੀਂ ਹੋ ਸਕਦਾ। ਵਿਆਹ ਤਾਂ ਢੋਲ ਢਮੱਕੇ ਨਾਲ ਹੀ ਹੋਵੇਗਾ।"

ਮੁੰਡਾ ਵਿਚਾਰਾ ਮਜਬੂਰ ਹੋ ਗਿਆ। ਉਸਨੇ ਦੋ ਲੱਖ ਰੁਪਏ ਕਰਜਾ ਲਿਆ ਅਤੇ ਆਪਣੇ ਸਾਰੇ ਜੋੜੇ ਪੈਸੇ ਵਿਆਹ 'ਤੇ ਲਾ ਦਿੱਤੇ। ਵਿਆਹ ਉਸਨੂੰ ਢੋਲ ਢਮੱਕੇ ਨਾਲ ਹੀ ਕਰਨਾ ਪਿਆ। ਇੱਕ ਤਾਂ ਉਸਨੂੰ ਆਪਣੇ ਘਰ ਦਿਆਂ ਵੱਲੋਂ ਦਬਾਅ ਸੀ ਅਤੇ ਦੂਜੇ ਪਾਸੇ ਕੁੜੀ ਵਾਲੇ ਵੀ ਵੱਜ ਗੱਜ ਕੇ ਵਿਆਹ ਕਰਨਾ ਚਾਹੁੰਦੇ ਸਨ। ਚਲੋ ਜੀ, ਹੁਣ ਜਿਵੇਂ ਤਿਵੇਂ ਕਰਕੇ ਵਿਆਹ ਹੋ ਗਿਆ। ਵਿਆਹ ਹੋਣ ਤੋਂ ਬਾਅਦ ਹਜੇ ਹਫਤਾ ਵੀ ਨਹੀਂ ਬੀਤਿਆ ਸੀ, ਕੁੜੀ ਨੇ ਮੁੰਡੇ ਨਾਲ ਝਗੜਾ ਕਰਨਾ ਵੀ ਸ਼ੁਰੂ ਕਰ ਦਿੱਤਾ। ਕੁੜੀ ਕਹਿੰਦੀ ਉਹੁਣ ਮੈਨੂੰ ਕਿਤੇ ਘੁਮਾਉਣਾ ਫਿਰਾਉਣਾ ਵੀ ਹੈ ਯਾ ਨਹੀਂ, ਕਿ ਸਾਰਾ ਦਿਨ ਇਹੋ ਹੀ ਘਟੀਆ ਜ਼ਿੰਦਗੀ ਮੈਨੂੰ ਦੇਣੀ ਹੈ।" ਮੁੰਡੇ ਦਾ ਇਹ ਸੁਣਕੇ ਦਿਲ ਜਵਾਂ ਹੀ ਟੁੱਟ ਗਿਆ। ਹੁਣ ਉਹ ਕਿਹੜੇ ਪਾਸੇ ਜਾਵੇ। ਇੱਕ ਪਾਸੇ ਘਰ ਵਾਲੀ ਦੀਆਂ ਗਾਲ੍ਹਾਂ ਅਤੇ ਵਿਆਹ ਤੋਂ ਬਾਅਦ ਦੁਗਣੇ ਹੋਏ ਖਰਚੇ ਅਤੇ ਦੂਜੇ ਪਾਸੇ ਬੈਂਕ ਦਾ ਲੋਨ। ਬੱਸ ਸਾਰੀ ਉਮਰ ਇਹਨਾਂ ਝਗੜਿਆਂ ਝਮੇਲਿਆਂ ਵਿੱਚ ਹੀ ਬੀਤਦੀ ਹੈ ਜ਼ਿੰਦਗੀ, ਇੱਕ ਮੱਧ ਵਰਗ ਪੰਜਾਬੀ ਮੁੰਡੇ ਦੀ। ਇਹ ਕਹਾਣੀ ਲੱਗਭੱਗ ਹਰ ਇੱਕ ਮੱਧ ਵਰਗ ਪੰਜਾਬੀ ਮੁੰਡੇ ਦੀ ਬਣ ਗਈ ਹੈ।

ਸਿਰਫ ਇੰਨ੍ਹਾਂ ਹੀ ਨਹੀਂ, ਵਿਆਹ ਤੋਂ ਬਾਅਦ ਵੀ ਮੁੰਡੇ ਦੇ ਮਾਤਾ ਪਿਤਾ ਮੁੰਡੇ ਨੂੰ ਕਹਿੰਦੇ ਹਨ ਕਿ ਉਹ ਆਪਣੀ ਤਨਖਾਹ ਉਹਨਾਂ ਦੀ ਤਲੀ 'ਤੇ ਧਰੇ। ਦੂਜੇ ਪਾਸੇ ਉਸਦੀ ਪਤਨੀ ਉਸਨੂੰ ਕਹਿੰਦੀ ਹੈ ਕਿ ਵਿਆਹ ਤੋਂ ਬਾਅਦ ਉਸਨੇ ਉਸਦੇ ਲਈ ਕੀਤਾ ਹੀ ਕੀ ਹੈ। ਮੱਧ ਵਰਗ ਪੰਜਾਬੀ ਮੁੰਡਾ ਵਿਚਾਰਾ ਇਹਨਾਂ ਗਲਾਂ ਵਿੱਚ ਹੀ ਫੱਸਿਆ ਰਹਿ ਜਾਂਦਾ ਹੈ। ਇੰਝ ਨਹੀਂ ਹੁੰਦਾ ਕਿ ਹਰ ਵਾਰ ਹੀ ਮੁੰਡੇ ਦਾ ਮਾਤਾ ਪਿਤਾ ਯਾ ਕੁੜੀ ਦੇ ਮਾਤਾ ਪਿਤਾ ਇਹ ਹਾਲਾਤ ਠੀਕ ਨਹੀਂ ਕਰ ਸਕਦੇ। ਉਹਨਾਂ ਦੋਹਾਂ ਦੇ ਮਾਤਾ ਪਿਤਾ ਕੋਲ ਪੈਸੇ ਵੀ ਹੁੰਦੇ ਹਨ, ਪਰ ਨਾਂ ਤਾਂ ਮੁੰਡੇ ਦੇ ਮਾਤਾ ਪਿਤਾ ਆਪਣੇ ਪੈਸੇ ਕੱਢਦੇ ਹਨ ਅਤੇ ਨਾਂ ਹੀ ਕੁੜੀ ਦੇ ਮਾਤਾ ਪਿਤਾ। ਅੱਜਕੱਲ੍ਹ ਦੇ ਜ਼ਮਾਨੇ ਵਿੱਚ ਤਾਂ ਵੈਸੇ ਹੀ ਕੁੜੀਆਂ ਦੇ ਮਾਂ-ਪਿਓ ਦੀਆਂ ਮੰਗਾਂ ਮੁੰਡੇ ਦੇ ਪਰਿਵਾਰ ਨਾਲੋਂ ਵਧੇਰੇ ਜ਼ਿਆਦਾ ਹੁੰਦੀਆਂ ਹਨ। ਅੱਜਕੱਲ੍ਹ ਇਹ ਗਲ ਦੇਖਣ ਵਿੱਚ ਬਹੁਤ ਹੀ ਆਮ ਹੋ ਗਈ ਹੈ ਕਿ ਜੇਕਰ ਕੁੜੀ ਕੋਈ ਨੌਕਰੀ ਕਰਦੀ ਹੋਵੇ ਤਾਂ ਉਸਦੀ ਤਨਖਾਹ ਉਸਦੇ ਵਿਆਹ ਤੋਂ ਬਾਅਦ ਵੀ ਕੁੜੀ ਦੇ ਮਾਤਾ ਪਿਤਾ ਹੀ ਰੱਖਦੇ ਹਨ। ਕਾਨੂੰਨ ਹੀ ਕੁੜੀਆਂ ਦੇ ਹੱਕ ਵਿੱਚ ਹੀ ਹਨ। ਇੰਝ ਵੀ ਬਹੁਤ ਵਾਰ ਹੋ ਚੁੱਕਾ ਹੈ ਕਿ ਕੁੜੀਆਂ ਕਾਨੂੰਨਾਂ ਦੀ ਦੁਰਵਰਤੋਂ ਕਰਕੇ ਮੁੰਡਿਆਂ ਤੋਂ ਪੈਸੇ ਉਗਰਾਹੁੰਦੀਆਂ ਹਨ। ਅੱਜਕੱਲ੍ਹ ਮੁੰਡੇ ਤਾਂ ਵਿਚਾਰੇ ਬਣਕੇ ਹੀ ਰਹਿ ਜਾਂਦੇ ਹਨ। ਜਦੋਂ ਮੁੰਡਿਆਂ ਨੂੰ ਨੌਕਰੀ ਮਿਲ ਜਾਂਦੀ ਹੈ ਤਾਂ ਉਹਨਾਂ ਦੇ ਮਾਤਾ ਪਿਤਾ ਇੱਕਦਮ ਹੀ ਉਸਦਾ ਸਾਥ ਛੱਡ ਦਿੰਦੇ ਹਨ।

ਇਹ ਗਲ ਮੈਂ ਹਰ ਪਰਿਵਾਰ ਲਈ ਨਹੀਂ ਕਹਿ ਰਿਹਾ, ਪਰ ਕਾਫੀ ਪਰਿਵਾਰ ਅਜਿਹੇ ਹਨ। ਹੁਣ ਮੁੰਡਾ ਦੋ ਕੁ ਸਾਲਾਂ ਵਿੱਚ ਕੀ ਉਹ ਪੈਸੇ ਜੋੜੇ ਅਤੇ ਕੀ ਉਹ ਆਪਣਾ ਵਿਆਹ ਕਰਵਾਏ ਅਤੇ ਕੀ ਉਹ ਆਪਣੀ ਪਤਨੀ 'ਤੇ ਖਰਚ ਕਰੇ। ਮਾਤਾ ਪਿਤਾ ਜੀ ਉਹਨਾਂ ਦੀ ਮੱਦਦ ਨਹੀਂ ਕਰਦੇ ਅਤੇ ਉਹਨਾਂ ਦੀ ਸਾਰੀ ਜ਼ਿੰਦਗੀ ਹੀ ਚਿੰਤਾਵਾਂ ਨਾਲ ਭਰੀ ਰਹਿੰਦੀ ਹੈ। ਇਹ ਲੇਖ ਪੜ੍ਹਨ ਵਿੱਚ ਤਾਂ ਥੋੜ੍ਹਾ ਕੜਵਾ ਜਿਹਾ ਲਗਦਾ ਹੈ, ਪਰ ਇਸ ਕੜਵੀ ਸੱਚਾਈ ਦਾ ਸਾਹਮਣੇ ਆਉਣਾ ਜ਼ਰੂਰੀ ਹੈ। ਨੌਜਵਾਨਾਂ ਦੀ ਵੀ ਥੋੜ੍ਹੀ ਸੁਣਵਾਈ ਹੋਣੀ ਚਾਹੀਦੀ ਹੈ, ਜਿੱਥੇ-ਜਿੱਥੇ ਉਹ ਸਹੀ ਹਨ। ਵਿਆਹ ਤੋਂ ਬਾਅਦ ਮੁੰਡੇ ਅਤੇ ਕੁੜੀ ਦੋਹਾਂ ਦੇ ਮਾਤਾ-ਪਿਤਾ ਨੂੰ ਉਹਨਾਂ ਦੀ ਜ਼ਿੰਦਗੀ ਸੁਖਾਲੀ ਬਨਾਉਣ ਲਈ ਉਹਨਾਂ ਦੀ ਮੱਦਦ ਕਰਨੀ ਚਾਹੀਦੀ ਹੈ, ਜੋ ਉਹ ਕਰ ਸਕਦੇ ਹਨ।

# ਲੋਕਤੰਤਰੀ ਸ਼ਾਸ਼ਨ ਅਤੇ ਵੋਟ ਪ੍ਰਣਾਲੀ



ਮੇਜਰ ਸਿੰਘ ਨਾਭਾ

ਦੇਸ਼ ਵਾਸੀਆਂ ਨੇ ਭਾਰੀ ਕੁਰਬਾਨੀਆਂ ਦੇ ਕੇ ਅੰਗਰੇਜ਼ਾਂ ਦੀ ਲੰਮੀ ਗੁਲਾਮੀ ਦੀਆਂ ਬੇੜੀਆਂ ਨੂੰ ਤੋੜ ਸੁੱਟਿਆ ਅਤੇ 15 ਅਗਸਤ, 1947 ਨੂੰ ਭਾਰਤ ਨੇ ਆਜ਼ਾਦ ਹੋ ਕੇ ਆਜ਼ਾਦੀ ਦੀ ਹਵਾ ਨੂੰ ਮਾਨਣਾ ਸ਼ੁਰੂ ਕੀਤਾ। ਸਰਕਾਰ ਚਲਾਉਣ ਲਈ ਕਿਸੇ ਵੀਦੇਸ਼ ਲਈ ਕਾਇਦੇ-ਕਾਨੂੰਨਾਂ ਦਾ ਹੋਣਾ ਲਾਜ਼ਮੀ ਹੁੰਦਾ ਹੈ। ਇਸ ਲਈ ਭਾਰਤੀ ਨੇਤਾਵਾਂ ਨੇ ਦੇਸ਼ ਦਾ ਆਪਣਾ ਸੰਵਿਧਾਨ ਬਨਾਉਣ ਲਈ ਇਕ ਸੰਵਿਧਾਨ ਸਭਾ ਦੀ ਸਥਾਪਨਾ ਡਾ. ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠ ਕਰ ਦਿੱਤੀ।

ਅੱਗੋਂ ਉਹਨਾਂ ਇਕ ਨੌ ਮੈਂਬਰੀ 'ਖਰੜਾ ਕਮੇਟੀ' ਡਾ. ਭੀਮ ਰਾਓ ਅੰਬੇਦਕਰ ਦੀ ਪ੍ਰਧਾਨਗੀ ਹੇਠ ਬਣਾਈ। ਡਾ. ਅੰਬੇਦਕਰ ਦੇ ਸਹਿਯੋਗੀ ਮੈਂਬਰਾਂ ਦੀ ਰਾਇ ਨਾਲ ਲਗਭਗ ਤਿੰਨ ਸਾਲਾਂ ਦੇ ਲੰਬੇ ਅਰਸੇ 'ਚ ਹੋਰ ਵਿਕਸਤ ਅਤੇ ਵਿਕਾਸ਼ਸ਼ੀਲ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕਰਨ ਤੋਂ ਬਾਅਦ ਭਾਰਤੀ ਸੰਵਿਧਾਨ ਨੂੰ ਲਿਖਤੀ ਰੂਪ ਦਿੱਤਾ ਗਿਆ। ਜੋ 26 ਜਨਵਰੀ, 1950 ਨੂੰ ਭਾਰਤ 'ਚ ਲਾਗੂ ਕਰ ਦਿੱਤਾ ਗਿਆ। ਇਸ ਦਾ ਮੁੱਖ ਉਦੇਸ਼ ਭਾਰਤ ਨੂੰ ਲੋਕੰਤਤਰੀ ਸ਼ਾਸ਼ਨ ਦੇਣਾ ਹੈ।

ਪਰ ਆਜ਼ਾਦੀ ਬਾਅਦ ਦੇ ਪਹਿਲੇ ਦਹਾਕਿਆਂ ਦੌਰਾਨ ਹੋਈਆਂ ਚੋਣਾਂ ਨਾਲੋਂ ਅੱਜ ਦੀਆਂ ਚੋਣਾਂ ਦਾ ਬਹੁਤ ਅੰਤਰ ਹੈ। ਝੂਠ ਬੋਲਣਾ, ਅਸੱਭਿਅਕ ਇਸ਼ਤਿਹਾਰਬਾਜ਼ੀ, ਅਸੱਭਿਅਕ ਭਾਸ਼ਣ-ਨਾਹਰੇ, ਵੋਟਾਂ ਦੀ ਖਰੀਦੋ-ਫਰੋਖਤ, ਧਨਾਢ ਵਿਰੋਧੀ ਪਾਰਟੀਆਂ 'ਚ ਵਰਕਰਾਂ ਦੀ ਖਿੱਚੋਤਾਣ, ਬੂਥਾਂ 'ਤੇ ਕਬਜ਼ੇ, ਮਾਰਕੁੱਟ, ਵਰਕਰਾਂ ਦੇ ਕਤਲ, ਦਲ ਬਦਲੂਆਂ ਦਾ ਬੋਲਬਾਲਾ ਆਦਿ ਸਾਰੀਆਂ ਚੋਣਾਂ 'ਚ ਆਮ ਵੇਖਣ ਨੂੰ ਮਿਲਦਾ ਹੈ। ਪੇਂਡੂ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ ਜੋ ਖਬਰਾਂ ਸਾਹਮਣੇ ਆਈਆਂ ਉਹ ਪਹਿਲਾਂ ਬਿਹਾਰ ਵਰਗੇ ਰਾਜਾਂ 'ਚ ਸੁਣਦੇ ਸੀ, ਪਰ ਪੰਜਾਬ ਦੇ ਲੋਕਾਂ ਲਈ ਇਹ ਲੋਕਤੰਤਰ ਪ੍ਰਣਾਲੀ ਆਉਣ ਵਾਲੇ ਸਮੇਂ 'ਚ ਕਿਹੋ ਜਿਹਾ ਮਾਹੌਲ ਲਿਆਏਗੀ, ਇਹ ਕੋਈ ਕਹਿਣ ਦੀ ਲੋੜੀ ਨਹੀਂ।

ਪੰਜਾਬੀ ਭਾਈਚਾਰੇ 'ਚ ਕੁੜੱਤਣ ਭਰਨ ਦਾ ਕੰਮ ਤਾਂ ਹੇਠਲੇ ਪੱਧਰ ਤੇ ਸ਼ੁਰੂ ਹੋ ਹੀ ਗਿਆ ਹੈ। ਪੰਜਾਬੀਆਂ ਨੂੰ ਰਾਜਨੀਤਿਕ ਨੇਤਾਵਾਂ ਦੀਆਂ ਚਾਲਾਂ ਨੂੰ ਜ਼ਰੂਰ ਸਮਝਣਾ ਚਾਹੀਦਾ ਹੈ। ਪਹਿਲਾਂ ਤਾਂ ਇਕ ਨੇਤਾ ਨੂੰ ਪਾਰਟੀ 'ਚ ਸਭ ਕੁਝ ਠੀਕ ਨਜ਼ਰ ਆਉਂਦਾ ਹੈ ਪਰ ਜਦੋਂ ਉਸ ਨੂੰ ਕੋਈ ਅਹੁਦਾ ਜਾਂ ਟਿਕਟ ਨਹੀਂ ਮਿਲਦੀ ਤਾਂ ਸਾਰਾ ਕੁਝ ਗਲਤ ਵਿਖਾਈ ਦੇਂਦਾ ਹੈ ਤੇ ਦੂਸਰੀ ਪਾਰਟੀ ਠੀਕ ਲੱਗਣ ਲੱਗਦੀ ਹੈ। ਦੂਸਰੀ ਪਾਰਟੀ ਵੀ ਉਸ ਨੇਤਾ ਦੀ ਪਾਰਟੀ ਵੱਲੋਂ ਲਾਏ ਗਏ ਸਾਰੇ ਦੂਸ਼ਣਾਂ ਨੂੰ ਧੋ ਸੰਵਾਰ ਕੇ ਉਸੇ ਦੀਆਂ ਸਿਫਤ ਦੇ ਪੁਲ ਬੰਨ੍ਹਣ ਲੱਗ ਜਾਂਦੀ ਹੈ। ਸਹਿਣਸ਼ੀਲਤਾ, ਵਫਾਦਾਰੀ, ਸਬਰ ਸੰਤੋਖ ਦੀ ਭਾਵਨਾ ਜਦੋਂ ਇਹਨਾਂ ਲੋਕਾਂ ਅੰਦਰ ਆਪਣਿਆਂ ਲਈ ਹੀ ਨਹੀਂ ਤਾਂ ਫਿਰ ਲੋਕਾਂ ਲਈ ਇਹਨਾਂ ਦੀਆਂ ਭਾਵਨਾਂਵਾਂ ਦਾ ਆਪਣਾ ਹੀ ਅੰਦਾਜ਼ਾ ਲਾ ਸਕਦੇ ਹੋ।

ਬਹੁਤੇ ਚੋਣ ਹਲਕਿਆਂ ਅੰਦਰ ਉਮੀਦਵਾਰਾਂ 50 ਪ੍ਰਤੀਸ਼ਤ ਤੋਂ ਘੱਟ ਵੋਟ ਪ੍ਰਾਪਤ ਕਰਕੇ ਵਿਧਾਨ ਸਭਾ ਜਾਂ ਲੋਕ ਸਭਾ ਦਾ ਮੈਂਬਰ ਬਣ ਜਾਂਦੇ ਹਨ। ਕਈ ਥਾਵਾਂ 'ਤੇ ਤਿਕੋਨੇ, ਚਾਰਕੋਨੇ ਮੁਕਾਬਲਿਆਂ 'ਚ ਤਾਂ ਬਿਲਕੁਲ ਹੀ ਅਜੀਬ ਸਥਿਤੀ ਹੁੰਦੀ ਹੈ। ਕਈ ਵਾਰੀ 20 ਪ੍ਰਤੀਸ਼ਤ ਵੋਟ ਪ੍ਰਾਪਤ ਕਰਨ ਵਾਲਾ ਉਮੀਦਵਾਰ ਵੀ ਚੁਣਿਆਂ ਜਾਂਦਾ ਹੈ ਕਿਉਂਕਿ ਵੋਟਾਂ ਆਪਸ 'ਚ ਵੰਡੀਆਂ ਜਾਂਦੀਆਂ ਹਨ।

ਇਥੇ ਇਹ ਵੀ ਸਪੱਸ਼ਟ ਕਰਨਾ ਬਣਦਾ ਹੈ ਕਿ ਸਾਡੇ ਦੇਸ਼ ਦੀ ਬਹੁਤੀ ਜਨਤਾ ਅਨਪੜ੍ਹ ਹੈ ਭਾਵੇਂ ਕਾਗਜ਼ਾਂ 'ਚ ਵੰਡੀਆਂ ਜਾਂਦੀਆਂ ਹਨ। ਇਥੇ ਇਹ ਵੀ ਸਪੱਸ਼ਟ ਕਰਨਾ ਬਣਦਾ ਹੈ ਕਿ ਸਾਡੇ ਦੇਸ਼ ਦੀ ਬਹੁਤੀ ਜਨਤਾ ਅਨਪੜ੍ਹ ਹੈ ਭਾਵੇਂ ਕਾਗਜ਼ਾਂ 'ਚ ਸਥਿਤੀ ਭੋਰਾ ਉੱਚੀ ਵੀ ਹੋ ਸਕਦੀ ਹੈ। ਅਨਪੜ੍ਹ ਜਨਤਾ ਉਮੀਦਵਾਰਾਂ ਦੀ ਚੋਣ ਕਰਦੇ ਸਮੇਂ ਸੌਖਿਆ ਗੁੰਮਰਾਹ ਹੋ ਜਾਂਦੀ ਹੈ। ਪੜ੍ਹਿਆ ਲਿਖਿਆ ਵਰਗ ਵੋਟਾਂ 'ਚ ਡਿਊਟੀਆਂ ਕਾਰਨ ਜਾਂ ਵੈਸੇ ਹੀ ਆਪਣੀ ਵੋਟਾਂ ਦਾ ਇਸਤੇਮਾਲ ਕੁਝ ਘੱਟ ਹੀ ਕਰਦਾ ਹੈ। ਇਹ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੀ ਵੋਟ ਪੋਲਿੰਗ ਪ੍ਰਤੀਸ਼ਤ ਤੋਂ ਸਪੱਸ਼ਟ ਦੇਖਿਆ ਜਾ ਸਕਦਾ ਹੈ।

ਚੋਣ ਕਮਿਸ਼ਨ ਵੱਲੋਂ ਹਰ ਵਾਰ ਦੀਆਂ ਚੋਣਾਂ 'ਚ ਨਵੇਂ-ਨਵੇਂ ਸੁਧਾਰਾਂ ਨੂੰ ਲੈ ਕੇ ਚੋਣ ਜ਼ਾਬਤਾ ਸਖਤੀ ਨਾਲ ਲਾਗੂ ਕੀਤਾ ਜਾਂਦਾ ਹੈ। ਪਹਿਲੀਆਂ ਚੋਣਾਂ ਦੌਰਾਨ ਮੁਲਾਜਮਾਂ ਦੀਆਂ ਡਿਊਟੀਆਂ ਸਥਾਨਤ ਪੱਧਰ ਤੇ ਹੀ ਲਾ ਦਿੱਤੀਆਂ ਸਨ। ਸਕੂਲੀ ਅਧਿਆਪਕਾਂ ਨੂੰ ਤਾਂ ਉਹਨਾਂ ਦੇ ਸਕੂਲਾਂ 'ਚ ਹੀ ਲਾ ਦਿੱਤਾ ਜਾਂਦਾ ਸੀ। ਪਰ ਹੁਣ ਪਤਾ ਨਹੀਂ ਮੁਲਾਜਮਾਂ ਨੂੰ ਐਨੀ ਮਾੜੀ ਨਜ਼ਰ ਨਾਲ ਕਿਉਂ ਤੱਕਿਆ ਜਾਂਦਾ ਹੈ ਕਿ ਉਹਨਾਂ ਦੀਆਂ ਡਿਊਟੀਆਂ ਜ਼ਿਲ੍ਹਿਆਂ ਤੋਂ ਬਾਹਰ ਲਾਈਆਂ ਜਾਂਦੀਆਂ ਹਨ। ਕੀ ਸੱਚਮੁਚ ਇਹ ਮੁਲਾਜ਼ਮਾਂ 'ਚ ਸਰਕਾਰ ਨੂੰ ਈਮਾਨਦਾਰੀ ਨਾਲ ਡਿਊਟੀ 'ਤੇ ਵਿਸ਼ਵਾਸ਼ ਨਹੀ? ਇਸ ਵਿਸ਼ੇ ਤੇ ਚਰਚਾ ਸੱਚਮੁੱਚ ਲੋਕਤੰਤਰੀ ਪ੍ਰਣਾਲੀ 'ਚ ਅਹਿਮ ਹੈ। ਧਨਾਢ ਰਾਜਨੀਤਿਕ ਪਾਰਟੀਆਂ ਦੇ ਲੋਕ ਇਹਨਾਂ ਸਾਰੇ ਚੋਣ ਸੁਧਾਰਾਂ ਦਾ ਬਦਲ ਆਪਣੇ ਪੱਧਰ ਤੇ ਜ਼ਰੂਰ ਲੱਭ ਲੈਂਦੇ ਹਨ। ਅਜੇ ਤੱਕ ਫੋਟੋ ਪਹਿਚਾਣ ਪੱਤਰ ਦਾ ਕੰਮ ਵੀ ਸਰਕਾਰ ਵੱਲੋਂ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਿਆ ਜੋ ਕਿ ਜਾਅਲੀ ਵੋਟਾਂ ਦੇ ਭੁਗਤਾਨ ਨੂੰ ਰੋਕਣ ਲਈ ਜ਼ਰੂਰੀ ਹੈ।

ਸਾਡੀ ਲੋਕਤੰਤਰੀ ਸ਼ਾਸ਼ਨ ਪ੍ਰਣਾਲੀ ਨੂੰ ਸਹੀ ਲੀਹਾਂ 'ਤੇ ਲਿਆਉਣ ਲਈ ਅਜੇ ਕਾਫੀ ਕੁਝ ਕਰਨਾ ਬਾਕੀ ਹੈ ਕਿਉਂਕਿ ਹਰੇਕ ਨਵੀਆਂ ਚੋਣਾਂ 'ਚ ਕੁਝ ਨਾ ਕੁਝ ਖਾਮੀਆਂ ਦੀ ਗੱਲ ਜ਼ਰੂਰ ਸਾਹਮਣੇ ਆ ਜਾਂਦੀ ਹੈ।

# ਸਾਡੇ ਸਭਿਆਚਾਰ ਵਿਚ ਗੁੜ੍ਹ ਦੀ ਥਾਂ



**ਪੰਜਾਬ** ਦੇ ਸਭਿਆਚਾਰਕ ਵਿਰਸੇ ਅੰਦਰ ਝਾਤ ਮਾਰੀਏ ਤਾਂ ਬਹੁਤੀਆਂ ਰੀਤੀ ਰਿਵਾਜਾਂ ਅੰਦਰ ਗੁੜ ਦੀ ਰੋੜੀ ਦੀ ਮਹਾਨਤਾ ਅਹਿਮ ਹੈ। ਬੱਚੇ ਦੇ ਜਨਮ ਵੇਲੇ ਸਭ ਤੋਂ ਪਹਿਲਾਂ ਗੁੜ ਦੀ ਰੋੜੀ 'ਗੁੜ੍ਹਤੀ' ਦੇ ਰੂਪ ਵਿਚ ਚਖਾਈ ਜਾਂਦੀ ਹੈ। 'ਗੁੜ੍ਹਤੀ' ਸ਼ਬਦ ਗੁੜ ਤੋਂ ਹੀ ਉਤਪਤ ਹੋਇਆ ਹੈ। ਪਰ ਅੱਜਕੱਲ੍ਹ ਮੈਡੀਕਲ ਸਟੋਰਾਂ 'ਚੋਂ 'ਗੁੜ੍ਹਤੀ' ਤਿਆਰ ਕੀਤੀ ਮਿਲ ਜਾਂਦੀ ਹੈ। ਲੜਕੇ ਦੇ ਜਨਮ ਤੇ ਬੜੇ ਚਾਵਾਂ ਨਾਲ ਗੁੜ ਵੰਡਿਆ ਜਾਂਦਾ ਹੈ। ਮੁੰਡੇ-ਕੁੜੀ ਦੀ ਕੁੜਮਾਈ ਵੇਲੇ ਦੋਹਾਂ ਧਿਰਾਂ ਵੱਲੋਂ ਗੁੜ ਦੀ ਰੋੜੀ ਨਾਲ ਸ਼ਗਨ ਕੀਤਾ ਜਾਂਦਾ ਹੈ। ਗੁੜ ਦੀ ਰੋੜੀ ਸ਼ਗਨ ਦੇ ਨਾਲ ਭੇਜਣ ਦਾ ਆਮ ਰਿਵਾਜ਼ ਹੈ। ਵਿਆਹ ਦੀ ਚਿੱਠੀ ਭੇਜਣ ਸਮੇਂ ਖੰਮਣੀ ਦੇ ਨਾਲ ਗੁੜ ਦੀ ਰੋੜੀ ਜਾਂ ਭੇਲੀ, ਕੇਸਰ ਆਦਿ ਲਾ ਕੇ ਭੇਜਿਆ ਜਾਂਦਾ ਹੈ। ਨਾਨਕਿਆਂ ਨੂੰ ਵਿਆਹ ਦੇ ਮੌਕੇ ਸਪੈਸ਼ਲ ਗੁੜ ਦੀ ਭੇਲੀ ਭੇਜੀ ਜਾਂਦੀ ਹੈ।

ਨਵਾਂ ਜੰਮਿਆ ਬੱਚਾ ਜਾਂ ਨਵ ਵਿਆਹੀ ਕੁੜੀ ਆਪਣੇ ਪੇਕੀਂ ਜਾਂ ਜਦੋਂ ਕਿਸੇ ਦੇ ਘਰ ਜਾਂਦੀ/ਜਾਂਦਾ ਹੈ ਤਾਂ ਸ਼ਰੀਕੇ ਕਬੀਲੇ, ਆਂਢ-ਗੁਆਂਢ ਵਾਲੇ ਗੁੜ ਦੀ ਰੋੜੀ ਸ਼ਗਨ ਵਜੋਂ ਦਿੰਦੇ ਹਨ। ਗੱਲ ਮੁਕਾਓ ਸਾਡੇ ਸਮਾਜ ਅੰਦਰ ਗੁੜ ਦੀ ਅਹਿਮ ਮਹੱਤਤਾ ਹੈ। ਪੰਜਾਬੀ ਲੋਕ ਗੀਤਾਂ ਵਿਚ ਗੁੜ ਨੂੰ ਵਿਸ਼ੇਸ਼ ਥਾਂ ਦਿੱਤਾ ਗਿਆ ਹੈ। ਪੰਜਾਬੀ ਦੇ ਪ੍ਰਸਿੱਧ ਕਵੀ ਵਾਰਿਸ ਸ਼ਾਹ ਨੇ ਗੁੜ ਬਾਰੇ ਗੂੰਝੀ ਗੱਲ ਕੀਤੀ ਹੈ।

ਵਾਰਸ ਸ਼ਾਹ ਲੁਕਾਈਏ ਜੱਗ ਕੋਲੋਂ
ਭਾਵੇਂ ਆਪਣਾ ਹੀ ਗੁੜ ਖਾਈਏ ਜੀ।'

ਜਦੋਂ ਵੀ ਕਿਸੇ ਖਾਸ ਕੰਮ ਬਾਹਰ ਜਾਣਾ ਹੋਵੇ ਤਾਂ ਗੁੜ ਦੀ ਰੋੜੀ ਖਾ ਕੇ ਜਾਣਾ ਚੰਗਾ ਸਮਝਿਆ ਜਾਂਦਾ ਹੈ। ਪੰਜਾਬ ਦੇ ਸਭਿਆਚਾਰਕ ਮੇਲਿਆਂ ਵਿਚੋਂ ਜਰਗ ਦੇ ਮੇਲੇ ਨੂੰ ਗੁੜ ਦੇ ਗੁਲਗਲੇ ਬਣਾਏ ਜਾਂਦੇ ਹਨ, ਜਿਨ੍ਹਾਂ ਨੂੰ ਖਾ ਕੇ ਅਜੀਬ ਕਿਸਮ ਦਾ ਆਨੰਦ ਆਉਂਦਾ ਹੈ। ਲੋਹੜੀ ਦੇ ਤਿਉਹਾਰ ਵਾਲੇ ਦਿਨ ਪਿੰਡਾਂ ਵਿਚ ਮੁੰਡੇ ਕੁੜੀਆਂ ਘਰ ਘਰ ਜਾ ਕੇ ਗੁੜ ਮੰਗਦੇ ਹਨ ਜਿਨ੍ਹਾਂ ਦੇ ਮੁੰਡਾ ਜੰਮਿਆ ਹੁੰਦਾ ਹੈ ਉਹਨਾਂ ਦੇ ਘਰ ਅੱਗੇ ਵਾਣੀ ਘਰ ਵਾਲਿਆਂ ਨੂੰ ਕਹਿੰਦੇ ਹੈ:

ਗੀਗੇ ਮੌਲੀਏ ਨੀ, ਤਿਲ ਚਾਉਲੀਏ ਨੀ,
ਗੀਗਾ ਜੰਮਿਆ ਸੀ ਰਾਤ,
ਗੁੜ ਵੰਡਿਆ ਪ੍ਰਾਂਤ।

ਜੇ ਘਰ ਵਾਲੇ ਬਾਹਰ ਨਾ ਆਉਣ ਤਾਂ ਇਹ ਆਖਿਆ ਜਾਂਦਾ ਹੈ:

ਸਾਡੇ ਪੈਰਾਂ ਹੇਠ ਰੋੜ,
ਸਾਨੂੰ ਛੇਤੀ ਛੇਤੀ ਤੋਰ।
ਸਾਡੇ ਪੈਰਾਂ ਹੇਠ ਸਲਾਈਆਂ,
ਅਸੀਂ ਕਿਹੜੇ ਵੇਲੇ ਦੀਆਂ ਆਈਆਂ।
ਬੰਨੋ ਠੁਮਕ ਠੁਮਕ ਆ, ਥਾਲੀ ਭਰ ਕੇ ਲਿਆ।
ਸਾਨੂੰ ਪਾ ਗੁੜ ਦੀ ਰੋੜੀ, ਤੇਰੀ ਜੀਵੇ ਵੀਰਾਂ ਦੀ ਜੋੜੀ।

ਪੰਜਾਬੀ ਲੋਕ ਗੀਤਾਂ ਵਿਚ ਗੁੜ ਬਾਰੇ ਬਹੁਤ ਜ਼ਿਕਰ ਕੀਤਾ ਗਿਆ ਹੈ। ਜਿਵੇਂ 'ਗੁੜ ਨਾਲੋਂ ਇਸ਼ਕ ਮਿੱਠਾ.....'

ਇਸੇ ਤਰ੍ਹਾਂ ਪੰਜਾਬੀ ਵਿਚ ਬਹੁਤ ਅਖਾਣ ਅਤੇ ਮੁਹਾਵਰੇ ਵੀ ਗੁੜ ਬਾਰੇ ਹਨ। ਜੇਕਰ ਕੋਈ ਬੰਦਾ ਅੰਦਰੋ ਅੰਦਰੀ ਹੀ ਕੋਈ ਕੰਮ ਕਰ ਲਵੇ ਤਾਂ ਅਸੀਂ ਉਸ ਨੂੰ ਕਹਿੰਦੇ ਹਾਂ ਫਲਾਣੇ ਨੇ ਤਾਂ ਬੁੱਕਲ ਵਿਚ ਹੀ ਗੁੜ ਭੰਨ ਲਿਆ। ਕਈ ਬੰਦੇ ਹੋਰਨਾਂ ਦੇ ਕੰਮਾਂ ਵਿਚ ਦਖਲ ਅੰਦਾਜ਼ੀ ਕਰਦੇ ਰਹਿੰਦੇ ਹਨ ਕਈ ਵਾਰੀ ਦੋ ਧਿਰਾਂ ਜਦੋਂ ਦੋਹੀਂ ਪਾਸੀਂ ਲੜਾਕੇ ਸੁਭਾਅ ਦੇ ਬੰਦੇ ਹੋਣ ਤਾਂ ਮਸਲਾ ਹੱਲ ਨਾ ਹੁੰਦਾ ਨਜ਼ਰ ਆਵੇ ਤੇ ਆਪਸੀ ਵੈਰ ਵਧਦਾ ਦਿਸੇ ਤਾਂ ਉਥੇ ਅਸੀਂ ਕਹਿੰਦੇ ਹਾਂ ਕਿ 'ਬਾਂਦਰਾਂ ਵਿਚਾਲੇ ਗੁੜ ਦੀ ਭੇਲੀ ਸੁੱਟਣੀ'। ਜੇਕਰ ਕੋਈ ਔਖਾ ਕੰਮ ਸੌਖੀ ਤਰ੍ਹਾਂ ਹੋ ਜਾਵੇ ਤਾਂ ਅਸੀਂ ਕਹਿੰਦੇ ਹਾਂ 'ਜੇ ਗੁੜ ਦਿੱਤਿਆਂ ਮਰ ਜਾਵੇ ਤਾਂ ਮਹੁਰਾ ਦੇਣ ਦੀ ਕੀ ਲੋੜ ਏ'।

ਗੰਨੇ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਸਿਕੰਦਰ ਮਹਾਨ ਦੇ ਸਿਪਾਹੀ ਜਿਹਲਮ ਦੇ ਕੰਢਿਆਂ ਉਤੇ ਆਏ ਤਾਂ ਉਨ੍ਹਾਂ ਨੇ ਬਾਂਸ ਵਰਗੇ ਪੌਦੇ ਦੇਖੇ ਜਿਨ੍ਹਾਂ ਦੀਆਂ ਪੋਰੀਆਂ ਚੱਖਣ ਤੇ ਪਤਾ ਲੱਗਾ ਕਿ ਇਹਨਾ ਵਿਚ ਸਰਬਤ ਭਰਿਆ ਹੋਇਆ ਹੈ ਹੌਲੀ ਹੌਲੀ ਕਿਸੇ ਬੰਦੇ ਨੇ ਇਸ ਸਰਬਤ (ਰਸ) ਨੂੰ ਗਰਮ ਕਰਕੇ ਗੁੜ ਬਣਾ ਲਿਆ ਜੋ ਸੁਆਦ ਅਤੇ ਕਾਫੀ ਚਿਰ ਸਾਂਭ ਕੇ ਰੱਖਣ ਦੇ ਯੋਗ ਬਣ ਗਿਆ। ਸਹਿਦ ਤੋਂ ਬਾਅਦ ਮਿੱਠੀ ਚੀਜ਼ ਗੁੜ ਦੇ ਰੂਪ ਵਿਚ ਹੀ ਸਾਡੇ ਸਾਹਮਣੇ ਆਈ।

ਗੁੜ ਦੀਆਂ ਪਿੰਡਾਂ ਵਿਚ ਭੜੋਲੀਆਂ ਭਰ ਲਈਆਂ ਜਾਂਦੀਆਂ ਹਨ, ਸਾਰਾ ਸਾਲ ਗੁੜ ਦੀ ਵਰਤੋਂ ਹੀ ਕੀਤੀ ਜਾਂਦੀ ਹੈ। ਗੁੜ ਪਕਾਉਂਦੇ ਸਮੇਂ ਕਈ ਲੋਕ ਸੌਂਫ, ਗਿਰੀ ਖੋਪਾ, ਬਦਾਮਾਂ ਦੀ ਗਿਰੀ ਆਦਿ ਪਾ ਕੇ ਟਿੱਕੀ ਜਮਾ ਲੈਂਦੇ ਹਨ। ਜੋ ਬਹੁਤ ਸੁਆਦੀ ਬਣਦੀ ਹੈ। ਖਾਣ ਤੋਂ ਜੀਅ ਨਹੀਂ ਰਹਿੰਦਾ। ਤੱਤਾ ਤੱਤਾ ਗੁੜ 'ਚੱਕ' ਉਪਰ ਬਹਿ ਕੇ ਖਾਣ ਦਾ ਸੁਆਦ ਤਾਂ ਅਨੋਖਾ ਹੀ ਹੁੰਦਾ ਹੈ। ਚੱਕ ਦੇ ਦੁਆਲੇ ਉਚ ਨੀਚ ਦੇ ਭੇਦ ਬਿਨਾਂ ਸਾਰੇ ਹੀ ਬੈਠ ਕੇ ਤੱਤੇ ਗੁੜ ਦਾ ਆਨੰਦ ਲੈਂਦੇ ਹਨ।

ਗੁੜ ਪਾਚਨ ਸ਼ਕਤੀ ਨੂੰ ਵਧਾਉਂਦਾ ਹੈ ਇਸ ਲਈ ਤਾਂ ਪਿੰਡਾਂ ਵਿਚ ਰੋਟੀ ਖਾਣ ਤੋਂ ਬਾਅਦ ਗੁੜ ਦੀ ਰੋੜੀ ਜ਼ਰੂਰ ਖਾਧੀ ਜਾਂਦੀ ਹੈ। ਖੇਤਾਂ ਵਿਚ ਕੰਮ ਕਰਦੇ ਕਿਸਾਨਾਂ ਲਈ ਧੂੜ, ਮਿੱਟੀ ਤੋਂ ਗੁੜ ਖਾਧਾ ਲਾਹੇਵੰਦ ਹੈ। ਪਿੰਡਾਂ ਵਿਚ ਕਹਿਆ ਜਾਂਦਾ ਹੈ:

'ਲੱਸੀ ਮਿਲੇ ਪੀਣ ਨੂੰ ਗੁੜ ਮਿਲੇ ਖਾਣ ਨੂੰ
ਫੇਰ ਵੇਖ ਮਿੱਤਰਾ ਮੇਰੀ ਜਾਨ ਨੂੰ'

ਪਿੰਡਾਂ ਵਿਚ ਲੋਕ ਆਮ ਘਰ ਦੀ ਦਾਰੂ ਤਿਆਰ ਕਰਕੇ ਪੀਂਦੇ ਹਨ ਜਿਹੜੀ ਗੁੜ ਤੋਂ ਤਿਆਰ ਕੀਤੀ ਜਾਂਦੀ ਹੈ। ਇਸ ਦਾ ਸੁਆਦ ਵੀ ਅਨੋਖਾ ਹੀ ਹੁੰਦਾ ਹੈ। ਇਸ ਦੀ ਡਿਗਰੀ ਦਾ ਤਾਂ ਪੀ ਕੇ ਹੀ ਪਤਾ ਚੱਲਦਾ। ਕਈ ਵਾਰੀ ਜ਼ਿਆਦਾ ਪੀਤੀ ਪਾਰ ਵੀ ਬੁਲਾ ਦਿੰਦੀ ਹੈ। ਪਰ ਜੇ ਸਹੀ ਮਿਕਦਾਰ 'ਚ ਲਈ ਜਾਵੇ ਤਾਂ ਦਵਾਈ ਦਾ ਕੰਮ ਵੀ ਕਰਦੀ ਹੈ। ਪਰ ਇਹ ਗੈਰ ਕਾਨੂੰਨੀ ਦਾਰੂ ਕੱਢਣਾ ਸਾਡੇ ਪਿੰਡਾਂ ਵਿਚ ਰੋਕਿਆ ਨਹੀਂ ਜਾ ਸਕਦਾ ਕਿਉਂਕਿ ਲੋਕੀਂ ਪੀੜ੍ਹੀ ਦਰ ਪੀੜ੍ਹੀ ਇਸ ਦੇ ਆਦੀ ਹੋ ਚੁੱਕੇ ਹਨ।

ਗੁੜ ਦੇਸੀ ਬਿਮਾਰੀਆਂ ਦਾ ਵੀ ਇਲਾਜ ਕਰਦਾ ਹੈ। ਇਸ ਨੂੰ 'ਕੱਚਾ ਮਿੱਠਾ' ਪਿੰਡਾਂ ਵਿਚ ਕਹਿਆ ਜਾਂਦਾ ਹੈ। ਇਸ ਦੀ ਵਰਤੋਂ ਨਾਲ ਸ਼ੂਗਰ ਰੋਗ ਤੋਂ ਬਚਿਆ ਜਾ ਸਕਦਾ ਹੈ। ਕਈ ਵਾਰੀ ਪੈਰ ਜਾਂ ਹੋਰ ਥਾਂ ਕੰਡਾ ਲੱਗਣ ਜਾਂ ਕੋਈ ਫਿਨਸੀ ਆਦਿ ਨਿਕਲ ਆਵੇ ਤਾਂ ਅੱਕ ਦੇ ਪੱਤੇ ਤੇ ਗੁੜ ਰੱਖ ਕੇ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਪੱਕ ਕੇ ਠੀਕ ਹੋ ਜਾਂਦਾ ਹੈ। ਤੇ ਕੰਡਾ ਬਾਹਰ ਨਿਕਲ ਜਾਂਦਾ ਹੈ। ਪਰ ਅੱਜ ਗੁੜ ਦੀ ਵਰਤੋਂ ਘਟਦੀ ਜਾ ਰਹੀ ਹੈ।

ਚੀਨੀ ਦੀ ਵਰਤੋਂ ਵਧ ਰਹੀ ਹੈ। ਤਾਹੀਓਂ ਤਾਂ ਹਰੇਕ ਤੀਸਰੇ ਬੰਦੇ ਨੂੰ ਸ਼ੂਗਰ ਦੀ ਬਿਮਾਰੀ ਲੱਗੀ ਹੋਈ ਹੈ। ਸੋ ਗੁੜ ਵਿਚਲੇ ਗੁਣਾਂ ਨੂੰ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ।

**– ਮੇਜਰ ਸਿੰਘ ਨਾਭਾ**

# ਤੇਤੀਸ ਕਰੋੜ ਦੇਵੀ ਦੇਵਤਾਓਂ ਕਾ ਧਿਆਨ ਧਰ ਬੋਲੋ ਜੀ ਜੈ ਸ੍ਰੀਰਾਮ



ਦਰਸ਼ਨ ਸਿੰਘ ਬਾਜਵਾ
98783-83053

26 ਜਨਵਰੀ 2017 ਨੂੰ ਸਾਡੇ ਦੇਸ਼ ਨੂੰ ਗਣਤੰਤਰ ਬਣੇ ਨੂੰ 67 ਸਾਲ ਹੋ ਜਾਣਗੇ। ਕਿਸੇ ਵੀ ਸੰਵਿਧਾਨ ਨੂੰ ਪੂਰਨ ਤੌਰ 'ਤੇ ਲਾਗੂ ਕੀਤੇ ਜਾਣ ਲਈ ਇੰਨਾ ਸਮਾਂ ਬਹੁਤ ਜ਼ਿਆਦਾ ਹੁੰਦਾ ਹੈ। ਪਰ ਦੇਸ਼ ਦੇ ਸਿਆਣੇ ਕਹੇ ਜਾਣ ਵਾਲੇ ਵਰਗ ਨੂੰ ਇਹ ਫਿੱਟ ਨਹੀਂ ਬੈਠਿਆ ਇਸ ਲਈ ਇਸ ਅਖੌਤੀ ਸਿਆਣੇ ਵਰਗ ਦੀ ਹਮਾਇਤ ਪ੍ਰਾਪਤ ਕਰਨ ਲਈ ਦੇਸ਼ ਦੇ ਹੁਕਮਰਾਨਾਂ ਦੁਆਰਾ ਇਸ ਨੂੰ ਲਾਗੂ ਹੋਣ ਤੋਂ ਰੋਕਿਆ ਜਾਂਦਾ ਰਿਹਾ ਹੈ। ਜਦੋਂ ਦੇਸ਼ ਦਾ ਸੰਵਿਧਾਨ ਤਿਆਰ ਹੋ ਰਿਹਾ ਸੀ ਉਸ ਸਮੇਂ ਵੀ ਅੜਿੱਕੇ ਖੜ੍ਹੇ ਕੀਤੇ ਜਾਂਦੇ ਰਹੇ। ਫਿਰ ਵੀ ਜੋ ਸੰਵਿਧਾਨ ਬਣ ਕੇ ਤਿਆਰ ਹੋਇਆ ਉਸਨੂੰ ਵਧੀਆ ਕਿਹਾ ਜਾ ਸਕਦਾ ਸੀ। ਸਾਡੇ ਦੇਸ਼ ਦੇ ਸੰਵਿਧਾਨ ਰਚਣਹਾਰਿਆਂ ਨੇ ਸੰਵਿਧਾਨ ਲਿਖਣ ਲੱਗਿਆਂ ਦੇਸ਼ ਦੇ ਢਾਂਚੇ ਨੂੰ ਸਮਾਜਵਾਦੀ ਅਤੇ ਸੈਕੂਲਰ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਭਾਰਤ ਇੱਕ ਧਰਮ ਨਿਰਪੱਖ ਰਾਜ ਮੰਨਿਆ ਜਾ ਸਕਦਾ ਹੈ। ਭਾਵ ਕਿ ਦੇਸ਼ ਦੇ ਹੁਕਮਰਾਨਾਂ ਦਾ ਕੋਈ ਵੀ ਧਰਮ ਨਹੀਂ ਹੋਵੇਗਾ।

ਭਾਵੇਂ ਕਿ ਭਾਰਤ ਦੀ ਬਹੁਗਿਣਤੀ ਕਿਸੇ ਨਾ ਕਿਸੇ ਧਰਮ ਵਿੱਚ ਵਿਸ਼ਵਾਸ਼ ਰੱਖਦੀ ਹੈ ਇਸ ਲਈ ਹਰ ਵਿਅਕਤੀ ਧਾਰਮਿਕ ਹੀ ਹੋਵੇਗਾ ਪਰ ਸੰਵਿਧਾਨ ਕਿਸੇ ਨੂੰ ਕੋਈ ਵੀ ਧਰਮ ਮੰਨਣ ਜਾਂ ਛੱਡਣ ਦੀ ਇਜਾਜ਼ਤ ਦਿੰਦਾ ਹੈ। ਇਸ ਲਈ ਸੈਕੂਲਰ ਦੀ ਪ੍ਰਭਾਸ਼ਾ ਇਹੀ ਹੋ ਸਕਦੀ ਹੈ ਕਿ ਹੁਕਮਰਾਨ ਕਿਸੇ ਵੀ ਵਿਸ਼ੇਸ਼ ਧਰਮ ਪ੍ਰਤੀ ਵਫਾਦਾਰੀ ਨਿਭਾਉਣ ਦੀ ਬਜਾਏ ਦੇਸ਼ ਦੇ ਸੰਵਿਧਾਨ ਪ੍ਰਤੀ ਹੀ ਵਫ਼ਾਦਾਰ ਰਹਿਣਗੇ। ਜਦੋਂ ਤੋਂ ਭਾਰਤੀ ਸੰਵਿਧਾਨ ਲਾਗੂ ਹੋ ਗਿਆ ਉਦੋਂ ਤੋਂ ਪੁਰਾਣੇ ਸਮੇਂ ਤੋਂ ਪ੍ਰਚੱਲਤ ਸੰਵਿਧਾਨ ਦੀ ਭਾਵਨਾ ਨਾਲ ਮੇਲ ਨਾ ਖਾਣ ਵਾਲੀਆਂ ਸਭ ਧਾਰਮਿਕ ਰੁਚੀਆਂ ਆਪਣੇ-ਆਪ ਰੱਦ ਹੋ ਗਈਆਂ। ਇਸ ਹਿਸਾਬ ਨਾਲ ਹਿੰਦੂ ਧਰਮ ਗ੍ਰੰਥਾਂ ਦੇ ਹੁਕਮਨਾਮਿਆਂ ਦੁਆਰਾ ਸਥਾਪਤ ਹੋਈਆਂ ਵਿਤਕਰੇ ਭਰੀਆਂ ਸਮਾਜਿਕ ਕਦਰਾਂ-ਕੀਮਤਾਂ ਸਮਾਪਤ ਹੋ ਜਾਣੀਆਂ ਚਾਹੀਦੀਆਂ ਸਨ।

ਪਰ ਲੰਬੇ ਸਮੇਂ ਬਾਅਦ ਵੀ ਇਹ ਜਾਤੀ ਵਿਤਕਰੇਬਾਜ਼ੀ ਅਤੇ ਧਰਮ ਦੁਆਰਾ ਦਿੱਤੇ ਅਦੇਸ਼ਾਂ ਨੂੰ ਉਤਸ਼ਾਹਤ ਕੀਤੇ ਜਾਣ ਦਾ ਸਿਲਸਲਾ ਰੁਕਿਆ ਨਹੀਂ। ਦੇਸ਼ ਵਿੱਚ ਅਨੇਕਾਂ ਤਰ੍ਹਾਂ ਦੇ ਧਰਮ ਹਨ। ਸਭ ਵੱਲੋਂ ਵੱਖੋ-ਵੱਖਰੀਆਂ ਮਰਯਾਦਾਵਾਂ ਲਾਗੂ ਹਨ। ਪਰ ਇੱਕ ਗੱਲ ਸਭ ਵਿੱਚ ਸਾਂਝੀ ਹੈ ਕਿ ਵਿੰਗ-ਟੇਢ ਪਾ ਕੇ ਸਭ ਧਰਮਾਂ ਨੇ ਹੀ ਹਿੰਦੂ ਧਰਮ ਦੁਆਰਾ ਸਥਾਪਤ ਜਾਤੀ ਪ੍ਰਣਾਲੀ ਨੂੰ ਮਾਨਤਾ ਦੇ ਦਿੱਤੀ ਹੈ। ਇਸ ਦਾ ਮਤਲਬ ਇਹੀ ਬਣਦਾ ਹੈ ਸਭ ਧਰਮਾਂ ਨੇ ਖੁਦ ਨੂੰ ਹਿੰਦੂ ਧਰਮ ਦਾ ਅੰਗ ਬਣ ਲਿਆ ਹੈ। ਇੱਥੋਂ ਤੱਕ ਕਿ ਜਿਸ ਧਰਮ ਨੇ ਹਿੰਦੂਵਾਦ ਦਾ ਡਟਵਾਂ ਵਿਰੋਧ ਕੀਤਾ ਉਸਦੇ ਪੈਰੋਕਾਰ ਵੀ ਅੱਜ ਖੁਦ ਨੂੰ ਹਿੰਦੂ ਦਰਸਾਉਣ ਵਿੱਚ ਲੱਗੇ ਹੋਏ ਹਨ। ਭਾਵੇਂ ਕਹਿਣ ਨੂੰ ਉਹ ਖੁਦ ਨੂੰ ਇੱਕ ਵੱਖਰੀ ਕੌਮ ਕਹਿੰਦੇ ਰਹਿਣ।

ਤਾਜ਼ਾ ਮਾਮਲੇ ਵਿੱਚ ਪਿਛਲੇ ਮਹੀਨੇ 26 ਦਸੰਬਰ ਨੂੰ ਰਾਮਪੁਰਾ ਫੂਲ ਵਿੱਚ ਆਪਣੇ ਦਫ਼ਤਰ ਦਾ ਉਦਘਾਟਨ ਕਰਦਿਆਂ ਸਿੱਖ ਪੰਥ ਦੀ ਵਾਹਦ ਜਥੇਬੰਦੀ ਅਖਵਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਤੇ ਮੌਜੂਦਾ ਸਰਕਾਰ ਵਿੱਚ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਰਾ ਲੈਣ ਦੀ ਬਜਾਏ 'ਰਮਾਇਣ ਪਾਠ' ਰਖਵਾਇਆ। ਇਸ ਮੌਕੇ ਹਿੰਦੂ ਪੁਜਾਰੀ ਬ੍ਰਾਹਮਣ ਨੇ ਮਲੂਕਾ ਦੇ ਮੱਥੇ 'ਤੇ ਤਿਲਕ ਲਗਾਇਆ ਤੇ ਲਾਲ ਚੁੰਨੀ ਪਹਿਨਾਈ। ਇਸ ਮੌਕੇ ਸਾਰੇ ਬ੍ਰਾਹਮਣੀ ਕਰਮ ਕਾਂਡ ਕੀਤੇ ਗਏ। ਪਰ ਹੱਦ ਉਦੋਂ ਹੋ ਗਈ ਜਦੋਂ ਸਮਾਗਮ ਦੀ ਸਮਾਪਤੀ ਸਮੇਂ ਅਰਦਾਸ ਕੀਤੀ ਗਈ ਤਾਂ ਉਹ ਥੋੜ੍ਹਾ-ਬਹੁਤਾ ਫ਼ਰਕ ਪਾ ਕੇ ਸਿੱਖਾਂ ਵੱਲੋਂ ਕੀਤੀ ਜਾਂਦੀ ਅਰਦਾਸ ਵਾਂਗ ਸੀ। ਅਰਦਾਸ ਵਿੱਚ ਗੁਰੂਆਂ ਦੀ ਜਗ੍ਹਾ ਦੇਵਤਿਆਂ ਦਾ ਨਾਂਅ ਆ ਗਿਆ ਅਤੇ ਬੋਲੋ ਜੀ ਵਾਹਿਗੁਰੂ ਦੀ ਜਗ੍ਹਾ ਬੋਲੋ ਜੈ ਸ੍ਰੀਰਾਮ। ਸਿੱਖਾਂ ਵੱਲੋਂ ਕੀਤੀ ਜਾਂਦੀ ਅਰਦਾਸ ਸਿੱਖਾਂ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਯਾਦ ਰੱਖਣ ਦੀ ਇੱਕ ਕੋਸ਼ਿਸ਼ ਵੀ ਹੈ। ਪਰ ਜਿਹੜੇ ਲੋਕਾਂ ਨੇ ਕਦੇ ਕੋਈ ਕੁਰਬਾਨੀ ਕੀਤੀ ਹੀ ਨਹੀਂ ਅੱਜ ਉਹ ਵੀ ਸੱਤਾ ਦੇ ਹੰਕਾਰ ਵਿੱਚ ਆਪਣੇ ਪੁਰਖਿਆਂ ਨੂੰ ਬਹਾਦਰ ਸਾਬਤ ਕਰ ਰਹੇ ਹਨ। ਸ: ਮਲੂਕਾ ਇਹ ਸਭ ਅਰਾਮ ਨਾਲ ਸੁਣਦੇ ਰਹੇ ਅਤੇ ਬ੍ਰਾਹਮਣ ਪੁਜਾਰੀ ਦੇ ਪਿੱਛੇ ਜੈ ਸ੍ਰੀਰਾਮ ਬੋਲਦੇ ਰਹੇ।

ਹੁਣ ਸਿੱਖਾਂ ਵੱਲੋਂ ਮਸਲਾ ਉਠਾਇਆ ਜਾ ਰਿਹਾ ਹੈ ਕਿ ਉਸਨੇ ਹਿੰਦੂਆਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਅਜਿਹਾ ਹੋਣ ਦਿੱਤਾ। ਪਰ ਇਸ ਦੇ ਨਾਲ ਹੀ ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਹਿੰਦੂਆਂ ਦੀਆਂ ਵੋਟਾਂ ਇੰਨੀਆਂ ਹਨ ਕਿ ਉਹ ਜਿੱਤ ਹਾਰ ਦਾ ਫ਼ੈਸਲਾ ਕਰ ਸਕਣ? ਦਰਅਸਲ ਹਿੰਦੂਆਂ ਦੀ ਤਾਂ ਪੰਜਾਬ ਵਿੱਚ ਵੋਟ ਹੀ ਆਟੇ ਵਿੱਚ ਲੂਣ ਬਰਾਬਰ ਹੈ। ਇਸ ਲਈ ਇਹ ਸਭ ਹਿੰਦੂ ਵੋਟ ਪ੍ਰਾਪਤ ਕਰਨ ਲਈ ਨਹੀਂ ਸਗੋਂ ਬ੍ਰਾਹਮਣ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਉਸਨੂੰ ਖੁਸ਼ ਕਰਨ ਦੀ ਇੱਕ ਕੋਸ਼ਿਸ਼ ਸੀ। ਰਵਾਇਤ ਹੈ ਕਿ ਜਿੰਨਾ ਚਿਰ ਬ੍ਰਾਹਮਣ ਕਿਸੇ ਨੂੰ ਅਸ਼ੀਰਵਾਦ ਵਜੋਂ ਅੰਗੂਠੇ ਨਾਲ ਮੱਥੇ 'ਤੇ ਤਿਲਕ ਨਹੀਂ ਲਾ ਦਿੰਦਾ ਉਨਾਂ ਚਿਰ ਤੱਕ ਉਸ ਵਿਅਕਤੀ ਨੂੰ ਮਾਨਤਾ ਨਹੀਂ ਮਿਲਦੀ।

ਕਿੱਡੇ ਅਫਸੋਸ ਦੀ ਗੱਲ ਹੈ ਕਿ ਭਾਰਤੀ ਸੰਵਿਧਾਨ ਨੇ ਇਹ ਸਭ ਰੀਤਾਂ ਖ਼ਤਮ ਕਰ ਦਿੱਤੀਆਂ ਹਨ ਪਰ ਸੰਵਿਧਾਨ ਨੂੰ ਪੂਰੀ ਤਰ੍ਹਾਂ ਨਾ ਮੰਨਣ ਵਾਲੇ ਉਹਨਾਂ ਹੀ ਰੀਤਾਂ ਨੂੰ ਮਾਨਤਾ ਦੇ ਰਹੇ ਹਨ। ਬਾਦਲ ਸਾਹਿਬ ਅਤੇ ਉਹਨਾਂ ਦੀ ਪਾਰਟੀ ਵੱਲੋਂ ਧਾਰਾ 25-ਬੀ ਦੀਆਂ ਕਾਪੀਆਂ ਨੂੰ ਸਾੜਨਾ ਸੰਵਿਧਾਨ ਨੂੰ ਨਾ ਮੰਨਣ ਦਾ ਹੀ ਇਸ਼ਾਰਾ ਹੈ।

ਜੇਕਰ ਉਹਨਾਂ ਦੀ ਪਾਰਟੀ ਦੇ ਇੱਕ ਵੱਡੇ ਨੇਤਾ ਦੁਆਰਾ ਅਜਿਹਾ ਕਾਰਨਾਮਾ ਕੀਤਾ ਗਿਆ ਹੈ ਤਾਂ ਇਸ ਦਾ ਮਤਲਬ ਇਹ ਵੀ ਨਿਕਲਦਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੀ ਅੰਦਰੋਂ ਨਹੀਂ ਮੰਨਦੇ। ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੀਆਂ ਅਨੇਕਾਂ ਘਟਨਾਵਾਂ ਵਾਪਰਨ ਦੇ ਬਾਵਜੂਦ ਅਪਰਾਧੀ ਦਾ ਫੜਿਆ ਨਾ ਜਾਣਾ ਵੀ ਇੱਕ ਇਸ਼ਾਰਾ ਹੈ। ਕੀ ਹੁਣ ਸਭ ਨੂੰ ਮਲੂਕਾ ਵਾਂਗ ਜੈ ਸ੍ਰੀਰਾਮ ਬੋਲਣਾ ਪਵੇਗਾ?

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

**(15ਵੀ ਕਿਸਤ)**

ਉਪਰੋਕਤ ਸੱਚਾਈ ਨੇ ਜਰਮਨੀ ਦੇ ਇੱਕ ਵਿਗਿਆਨੀ ਅਲਫਰਡ ਵੈਂਗਲਰ ਨੂੰ ਇਹ ਸੋਚਣ ਤੇ ਮਜਬੂਰ ਕਰ ਦਿੱਤਾ ਕਿ ਕਿਸੇ ਸਮੇਂ ਮਹਾਂਦੀਪ ਇੱਕ ਦੂਜੇ ਨਾਲ ਜੁੜੇ ਹੋਏ ਸਨ। ਵੈਂਗਲਰ ਨੇ ਇਹ ਵਿਚਾਰ 1912 ਵਿੱਚ ਪੇਸ਼ ਕੀਤਾ ਸੀ। ਹੁਣ ਇਸਦੀ ਪੁਸ਼ਟੀ ਲਈ ਬਹੁਤ ਸਾਰੇ ਸਬੂਤ ਮਿਲ ਗਏ ਹਨ। ਇਸ ਕੜੀ ਵਿੱਚ ਸਭ ਤੋਂ ਵੱਡਾ ਸਬੂਤ ਹੈ ਕਿ ਅੱਜ ਇਹ ਮਹਾਂਦੀਪ ਇੱਕ ਦੂਜੇ ਤੋਂ 15 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਦੂਰ ਹਟ ਰਹੇ ਹਨ। ਇਸ ਤਰਖ਼ਾਂ ਜੇ ਇਸ ਦਾ ਹਿਸਾਬ ਕੀਤਾ ਜਾਵੇ ਤਾਂ ਅੱਜ ਤੋਂ ਪੰਜ ਕਰੋੜ ਸਾਲ ਪਹਿਲਾਂ ਸਾਡੀ ਧਰਤੀ ਇੱਕ ਹੀ ਸੀ ਤੇ ਉਸ ਤੋਂ ਬਾਅਦ ਹੀ ਅਮਰੀਕਾ ਤੇ ਆਸਟ੍ਰੇਲੀਆ ਮਹਾਂਦੀਪ ਸਾਥੋਂ ਹਰ ਸਾਲ 15 ਸੈਂਟੀਮੀਟਰ ਦੀ ਦੂਰੀ ਨਾਲ ਦੂਰ ਹਟਣਾ ਸ਼ੁਰੂ ਹੋ ਗਏ। ਇਹ ਤੱਥ ਇਸ ਗੱਲ ਦੀ ਵੀ ਪੁਸ਼ਟੀ ਕਰਦੇ ਹਨ ਕਿ ਪ੍ਰਸ਼ਾਂਤ ਮਹਾਂਸਾਗਰ ਵਰਗੇ ਵੱਡੇ ਸਮੁੰਦਰ ਉਸ ਸਮੇਂ ਧਰਤੀ ਤੇ ਨਹੀਂ ਸਨ। ਮਹਾਂਦੀਪਾਂ ਵਿਚਕਾਰਲੀਆਂ ਵਿੱਥਾਂ ਵੱਧਣ ਨਾਲ ਹੀ ਇਹ ਸਮੁੰਦਰ ਹੋਂਦ ਵਿੱਚ ਆਏ ਹਨ। ਅੱਜ ਵੀ ਅਫਰੀਕਾ ਵਿੱਚ ਦਰਿਆ ਨੀਲ ਦੇ ਕਿਨਾਰੇ ਵੱਡੇ ਗਿਣਤੀ ਵਿੱਚ ਨਜ਼ਰ ਆ ਰਹੀਆਂ ਝੀਲਾਂ ਇਸ ਗੱਲ ਦੀਆਂ ਪ੍ਰਤੀਕ ਹਨ ਕਿ ਮਹਾਂਦੀਪ ਅਫਰੀਕਾ ਟੁੱਟ ਰਿਹਾ ਹੈ ਤੇ ਅੱਜ ਤੋਂ ਕਰੋੜਾਂ ਵਰਖ਼ੇ ਬਾਅਦ ਇਹ ਦੋਨੇ ਹਿੱਸੇ ਹਜ਼ਾਰਾਂ ਕਿਲੋਮੀਟਰਾਂ ਦੀ ਵਿੱਥ ਤੇ ਹੋਣਗੇ।

ਧਰਤੀ ਤੇ ਤੇਲ ਕਿਵੇਂ ਬਣਿਆ?

ਲਗਭੱਗ ਛੇ ਕਰੋੜ ਵਰਖ਼ੇ ਪਹਿਲਾਂ ਧਰਤੀ ਤੇ ਜੀਵ ਹੀ ਜੀਵ ਸਨ। ਪਰ ਇਸ ਸਮੇਂ ਧਰਤੀ ਤੇ ਹੋਈਆਂ ਵੱਡੀਆਂ ਤਬਦੀਲੀਆਂ ਨੇ ਬਹੁਤ ਸਾਰੇ ਜੀਵਾਂ ਨੂੰ ਮਾਰ ਮੁਕਾ ਦਿੱਤਾ। ਇਹਨਾਂ ਜੀਵਾਂ ਦੇ ਵੱਡੇ ਵੱਡੇ ਝੁੰਡ ਧਰਤੀ ਦੀਆਂ ਤੈਹਾਂ ਵਿੱਚ ਗਰਕ ਹੁੰਦੇ ਰਹੇ। ਆਕਸੀਜਨ ਦੀ ਅਣਹੋਂਦ ਕਾਰਨ ਇਹਨਾਂ ਦਾ ਸਰੀਰ ਬਗੈਰ ਨਸ਼ਟ ਹੋਏ ਧਰਤੀ ਦੀਆਂ ਪਰਤਾਂ ਵਿੱਚ ਜਮਖ਼ਾਂ ਹੁੰਦੇ ਰਹੇ। ਇਹ ਸ਼ਰੀਰ ਹੀ ਤੇਲ ਦਾ ਰੂਪ ਧਾਰਨ ਕਰ ਗਏ ਹਨ। ਅੱਜ ਸਾਡੀ ਪ੍ਰਿਥਵੀ ਦੀਆਂ ਤਹਿਆਂ ਵਿੱਚੋਂ ਮਿਲਣ ਵਾਲਾ ਤੇਲ ਇਹਨਾਂ ਜੀਵਾਂ ਦੀ ਹੀ ਚਰਬੀ ਹੈ।

**ਜੀਵ ਵਿਕਾਸ ਕਿਵੇਂ ਹੋਇਆ?**

ਜਿਵੇਂ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ ਕਿ ਅੱਜ ਤੋਂ 460 ਕਰੋੜ ਸਾਲ ਪਹਿਲਾਂ ਧਰਤੀ ਗੈਸਾਂ ਦੀਆਂ ਬੱਦਲੀਆਂ ਦੇ ਕਣਾਂ ਦੇ ਇਕੱਠਾ ਹੋਣ ਕਾਰਨ ਹੋਂਦ ਵਿੱਚ ਆਈ ਸੀ। ਹੋਂਦ ਵਿੱਚ ਆਉਣ ਤੋਂ ਕੁਝ ਕਰੋੜ ਵਰਖ਼ੇ ਬਾਅਦ ਇਸਦੇ ਅੰਦਰਲੇ ਪਦਾਰਥਾਂ ਦੀਆਂ ਟੱਕਰਾਂ ਕਾਰਨ ਇਸ ਦਾ ਅੰਦਰੂਨੀ ਤਾਪਮਾਨ ਇਸ ਹੱਦ ਤੱਕ ਵਧ ਗਿਆ ਕਿ ਇਸਦਾ ਸਾਰਾ ਪਦਾਰਥ ਹੀ ਪਿਘਲੀ ਹੋਈ ਹਾਲਤ ਵਿੱਚ ਬਦਲ ਗਿਆ ਇਸਦੇ ਸਿੱਟੇ ਵੱਜੋਂ ਪ੍ਰਿਥਵੀ ਦੇ ਭਾਰੇ ਕਣ ਇਸਦੀ ਕੇਂਦਰੀ ਕੋਰ ਵਿੱਚ ਜਮਖ਼ਾ ਹੋ ਗਏ ਅਤੇ ਹਲਕੇ ਕਣ ਇਸ ਦੀ ਪੇਪੜੀ ਤੇ ਤੈਰਨ ਲੱਗ ਪਏ। ਇਸ ਤੋਂ ਕਰੋੜਾਂ ਵਰੇ ਬਾਅਦ ਇਹ ਠੰਡੀ ਹੋਣੀ ਸ਼ੁਰੂ ਹੋ ਗਈ ਅਤੇ ਇਸ ਦੇ ਆਲੇ ਦੁਆਲੇ ਉੱਡੀ ਫਿਰਦੀ ਭਾਫ ਵੀ ਮੀਂਹ ਦੇ ਰੂਪ ਵਿੱਚ ਇਸ ਉਪਰ ਪੈਣ ਲੱਗ ਪਈ। ਇਸ ਤਰਖ਼ਾਂ ਧਰਤੀ ਤੇ ਸਮੁੰਦਰ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ। ਪ੍ਰਿਥਵੀ ਦੇ ਆਲੇ ਦੁਆਲੇ ਦੇ ਵਾਯੂਮੰਡਲ ਦੀਆਂ ਗੈਸਾਂ ਵਿਚਕਾਰ ਜਦੋਂ ਅਸਮਾਨੀ ਬਿਜਲੀ ਗੁਜਰੀ ਤਾਂ ਇਸਨੇ ਅਜਿਹੇ ਕਾਰਬਨਿਕ ਪਦਾਰਥਾਂ ਨੂੰ ਜਨਮ ਦਿੱਤਾ ਜਿਹੜੇ ਲੜੀਬੱਧ ਢੰਗ ਨਾਲ ਜੁੜ ਕੇ ਜੀਵਾਂ ਦਾ ਸਰੀਰਕ ਰਚਨਾ ਲਈ ਲੋੜੀਂਦੇ ਨਿਉਕਲੀ ਪ੍ਰੋਟੀਨ ਬਣਾਉਣ ਦੇ ਯੋਗ ਸਨ। ਇਹ ਕਾਰਬਨਿਕ ਪਦਾਰਥਾਂ ਕਰੋੜਾਂ ਵਰਖ਼ੇ ਸਮੁੰਦਰਾਂ ਵਿਚ ਜਮਖ਼ਾ ਹੁੰਦੇ ਰਹੇ। ਇਸ ਤਰਖ਼ਾਂ ਸਾਡੇ ਸਮੁੰਦਰਾਂ ਵਿੱਚ ਲੇਸਲਾ ਪਦਾਰਥ ਜਮਖ਼ਾ ਹੋਣਾ ਸ਼ੁਰੂ ਹੋ ਗਿਆ। ਇਸ ਪਦਾਰਥ ਦੇ ਜੁੜਨ ਨਾਲ ਸਭ ਤੋਂ ਪਹਿਲਾਂ ਇੱਕ ਸੈੱਲ ਵਾਲੇ ਪੌਦੇ ਹੋਂਦ ਵਿੱਚ ਆ ਗਏ।

**ਪਹਿਲੇ ਜੀਵ**

1964 ਵਿਚ ਜੇ. ਜੀ. ਰਾਮਸੇ ਨਾਂ ਦੇ ਵਿਗਿਆਨਕ ਨੇ ਉੱਤਰੀ ਅਮਰੀਕਾ ਤੇ ਦੱਖਣੀ ਅਮਰੀਕਾ ਦੇ ਕਈ ਸਥਾਨਾਂ ਤੋਂ ਅਜਿਹੀਆਂ ਚਟਾਨਾਂ ਦੇ ਟੁਕੜੇ ਇਕੱਠੇ ਕੀਤੇ ਜਿਹਨਾਂ ਵਿਚ ਸਮੁੰਦਰੀ ਕਾਈ ਦੇ ਨਿਸ਼ਾਨ ਮੌਜੂਦ ਸਨ। ਚਟਾਨਾਂ ਵਿਚ ਮੌਜੂਦ ਯੂਰੇਨੀਅਮ ਤੇ ਸਿੱਕੇ ਦੀ ਮਾਤਰਾ ਦੇ ਅਨੁਪਾਤ ਤੋਂ ਪਤਾ ਲੱਗਿਆ ਕਿ ਇਹ ਚਟਾਨਾਂ 350 ਕਰੋੜ ਸਾਲ ਪੁਰਾਣੀਆਂ ਹਨ। ਇਹ ਅੰਦਾਜਾ ਲਾਇਆ ਗਿਆ ਹੈ ਕਿ ਅੱਜ ਤੋਂ 380 ਕਰੋੜ ਸਾਲ ਪਹਿਲਾਂ ਧਰਤੀ ਦੇ ਸਮੁੰਦਰਾਂ ਵਿੱਚ ਪਹਿਲੇ ਜੀਵਨ ਦੀ ਸ਼ੁਰੂਆਤ ਹੋਈ। ਇਹ ਸਮੁੰਦਰੀ ਕਾਈ ਹੀ ਸੀ। ਇਸ ਤਰਖ਼ਾਂ ਇਹਨਾਂ ਸਮਿਆਂ ਵਿੱਚ ਸਮੁੰਦਰਾਂ ਉਪਰ ਇਸ ਕਾਈ ਦਾ ਹੀ ਰਾਜ ਰਿਹਾ ਹੈ। ਲਗਭੱਗ 343 ਕਰੋੜ ਵਰਖ਼ੇ ਜੀਵਨ ਸਿਰਫ ਸਮੁੰਦਰਾਂ ਵਿੱਚ ਹੀ ਵਿਚਰਦਾ ਰਿਹਾ ਹੈ। ਸਮੁੰਦਰੀ ਕਾਈ ਤੋਂ ਕਈ ਪ੍ਰਕਾਰ ਦੇ ਪੌਦੇ ਪੈਦਾ ਹੋ ਗਏ। ਅਸੀਂ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹਾਂ ਕਿ ਪੌਦਿਆਂ ਤੇ ਜੰਤੂਆਂ ਵਿੱਚ ਬਹੁਤਾ ਫਰਕ ਨਹੀਂ ਹੁੰਦਾ ਹੈ। ਕਈ ਜੀਵ ਅਜਿਹੇ ਵੀ ਹੁੰਦੇ ਹਨ ਜਿਹਨਾਂ ਵਿੱਚ ਬਹੁਤੇ ਗੁਣ ਪੌਦਿਆਂ ਵਾਲੇ ਹੀ ਹੁੰਦੇ ਹਨ। ਇਸ ਤਰਖ਼ਾਂ ਮੁੱਢਲੇ ਸਮੁੰਦਰਾਂ ਵਿੱਚ ਸਪੰਜ ਵਰਗੇ ਪੌਦਿਆਂ ਜਿਹੇ ਜੀਵ ਹੋਂਦ ਵਿੱਚ ਆ ਗਏ। ਇਹਨਾਂ ਦੇ ਬਹੁਤੇ ਗੁਣ ਪੌਦਿਆਂ ਨਾਲ ਹੀ ਮਿਲਦੇ ਜੁਲਦੇ ਸਨ। ਇਹਨਾਂ ਜੀਵਾਂ ਦੇ ਰੀੜ ਦੀ ਹੱਡੀ ਨਹੀਂ ਹੁੰਦੀ ਸੀ। ਜੀਵਨ ਦੀ ਅੰਗੜਾਈ ਦੇ ਪਹਿਲੇ ਚਿੰਨ ਇਹ ਬਰੀਕ ਬਰੀਕ ਜੀਵ ਹੀ ਸਨ ਜਿਵੇਂ ਘੋਗੇ, ਸਿੱਪੀਆਂ, ਬਨਸਪਤੀ ਜੀਵਾਂ ਦੇ ਡੰਡਲ ਤੇ ਫੁੱਲ ਮਾਤਰ।

ਸਮੁੰਦਰੀ ਘਾਹ ਤੇ ਕੁਝ ਨਰਮ ਸਿਰ ਵਾਲੇ ਕੀੜੇ। ਇਸ ਤਰਖ਼ਾਂ ਇਹ ਪੌਦੇ ਤੇ ਜੀਵ ਕਰੋੜਾਂ ਵਰਖ਼ੇ ਸਮੁੰਦਰੀ ਥੱਲਿਆਂ ਤੇ ਜਮਖ਼ਾ ਹੁੰਦੇ ਰਹੇ ਹਨ। ਅੱਜ ਮਿਲਦੀਆਂ ਚਟਾਨਾਂ ਜਿਹੜੀਆਂ ਕਿਸੇ ਵੇਲੇ ਉਹਨਾਂ ਪ੍ਰਾਚੀਨ ਸਮੁੰਦਰਾਂ ਦੇ ਥੱਲੇ ਹੁੰਦੀਆਂ ਸਨ ਇਹਨਾਂ ਪੌਦਿਆਂ ਤੇ ਜੀਵਾਂ ਦੇ ਇਤਿਹਾਸ ਦੀ ਗਵਾਹੀ ਭਰਦੀਆਂ ਹਨ। ਸਮੁੰਦਰੀ ਥੱਲਿਆਂ ਤੇ ਜਮਖ਼ਾਂ ਹੋਏ ਸੰਖ, ਸਿੱਪੀਆਂ ਤੇ ਘੋਗੇ ਕਰੋੜਾਂ ਵਰਿਖ਼ਆਂ ਦੇ ਦਬਾਉ ਸਦਕਾ ਚੂਨੇ ਵਾਲੀਆਂ ਚਟਾਨਾਂ ਵਿੱਚ ਬਦਲ ਗਏ।

ਅੱਜ ਤੋਂ 57 ਕਰੋੜ ਵਰੇ ਪਹਿਲਾਂ ਸਮੁੰਦਰ ਵਿੱਚ ਹੀ ਟਰਿਲੋਬਾਈਟ ਨਾਂ ਦਾ ਅਜਿਹਾ ਕੀੜਾ ਪੈਦਾ ਹੋਇਆ ਜਿਹੜਾ ਬੂਟਾ ਜੂੰ ਦੀ ਤਰਾਂ ਹੀ ਸੀ ਅਤੇ ਇਹ ਆਪਣੇ ਸਰੀਰ ਨੂੰ ਗੇਂਦ ਦੀ ਤਰਾਂ ਇਕੱਠਾ ਕਰ ਸਕਦਾ ਸੀ। ਇਸ ਤੋਂ ਲੱਖਾਂ ਸਾਲਾਂ ਬਾਅਦ ਸਮੁੰਦਰੀ ਬਿੱਛੂ ਵੀ ਹੋਂਦ ਵਿਚ ਆ ਗਏ। ਹੌਲੀ ਹੌਲੀ ਇਹਨਾਂ ਦਾ ਆਕਾਰ ਵਧ ਕੇ 9 ਫੁੱਟ ਤਕ ਹੋ ਗਿਆ ਸੀ। ਅਜੇ ਤੱਕ ਧਰਤੀ ਉੱਤੇ ਜੀਵਾਂ ਤੇ ਪੌਦਿਆ ਦੇ ਕੋਈ ਨਿਸ਼ਾਨ ਨਹੀਂ ਸਨ। ਮੱਛੀਆਂ ਤੇ ਰੀੜ ਦੀ ਹੱਡੀ ਵਾਲੇ ਜੀਵਾਂ ਨੇ ਅਜੇ ਧਰਤੀ ਦੇ ਇਤਿਹਾਸ ਵਿੱਚ ਸ਼ਾਮਿਲ ਹੋਣਾ ਸੀ।

ਜਿਉਂ ਜਿਉਂ ਮਨੁੱਖ ਇਹਨਾਂ ਚਟਾਨਾਂ ਤੋਂ ਸਬੂਤ ਇਕੱਠੇ ਕਰਦਾ ਜਾਂਦਾ ਹੈ ਤਾਂ ਉਸਨੂੰ ਲੱਖਾਂ ਹੀ ਅਜਿਹੇ ਜੀਵਾਂ ਤੇ ਪੌਦਿਆਂ ਦੇ ਪਥਰਾਟ ਮਿਲਦੇ ਹਨ ਜਿਹੜੇ ਅੱਜ ਧਰਤੀ ਤੇ ਉਪਲਬਧ ਨਹੀਂ ਹਨ। ਜਿਹੜੇ ਪੌਦਿਆਂ ਤੇ ਜੀਵਾਂ ਨੂੰ ਅੱਜ ਉਹ ਵੇਖਦਾ ਵੀ ਹੈ ਉਹ ਉਹਨਾਂ ਨਸਲਾਂ ਨਾਲੋਂ ਹਜ਼ਾਰਾਂ ਗੁਣਾ ਵਧੀਆ ਹਨ ਜਿਹੜੀਆਂ ਕਰੋੜਾਂ ਵਰਖ਼ੇ ਪਹਿਲਾਂ ਧਰਤੀ ਤੇ ਉਪਲਬਧ ਸਨ। ਇਸ ਗੱਲ ਦੀ ਮਨੁੱਖ ਨੂੰ ਖ਼ੁਸ਼ੀ ਵੀ ਹੁੰਦੀ ਹੈ ਕਿ ਹਰ ਨਸਲ ਆਪਣੇ ਪੂਰਬਜਾਂ ਨਾਲੋਂ ਵੱਧ ਚੇਤੰਨ ਤੇ ਸਰੀਰਕ ਪੱਖੋਂ ਵੱਧ ਤਾਕਤਵਰ ਹੁੰਦੀ ਗਈ ਹੈ।

**ਦੰਦ ਤੇ ਅੱਖਾਂ**

50 ਕਰੋੜ ਵਰੇ ਪਹਿਲਾਂ ਦੀਆਂ ਪੁਰਾਣੀਆਂ ਚਟਾਨਾਂ ਵਿੱਚੋਂ ਇੱਕ ਅਜਿਹਾ ਜੀਵ ਵੀ ਮਿਲਿਆ ਹੈ ਜਿਸ ਦੇ ਦੰਦ ਤੇ ਅੱਖਾਂ ਨਿਕਲ ਆਈਆਂ ਸਨ। ਇਸ ਤੋਂ ਪਹਿਲਾਂ ਜੀਵ ਨਾਂ ਵੇਖ ਸਕਦਾ ਸੀ ਤੇ ਨਾ ਹੀ ਭੋਜਨ ਚਿੱਥ ਸਕਦਾ ਸੀ। ਡੇਬੋਲੀਅਨ ਸਿਲਾਂ ਵਿੱਚੋਂ ਮਿਲੇ ਮੱਛੀਆਂ ਦੇ ਫਾਸਿਲ ਇਸ ਗੱਲ ਦੀ ਗਵਾਹੀ ਛੱਡਦੇ ਹਨ ਕਿ ਇਹਨਾਂ ਸਾਲਾਂ ਵਿੱਚ ਮੱਛੀਆਂ ਦਾ ਵਿਕਾਸ ਵੀ ਹੋ ਗਿਆ ਸੀ। ਹਜ਼ਾਰਾਂ ਹੀ ਕਿਸਮ ਦੀਆਂ ਮੱਛੀਆਂ ਸਮੁੰਦਰਾਂ ਦੇ ਪਾਣੀਆਂ ਵਿੱਚੋਂ ਸ਼ਿਕਾਰ ਭਾਲਦੀਆਂ ਅਤੇ ਆਪਣੀ ਸੰਤਾਨ ਵਿੱਚ ਵਾਧਾ ਕਰਦੀਆਂ ਨਜ਼ਰ ਆਉਂਦੀਆਂ ਸਨ। ਇਹਨਾਂ ਮੱਛੀਆਂ ਦੇ ਆਕਾਰ ਭਾਵੇਂ ਬਹੁਤੇ ਵੱਡੇ ਨਹੀਂ ਸਨ ਤੇ ਆਮ ਮੱਛੀਆਂ ਇੱਕ ਫੁੱਟ ਤੋਂ ਛੋਟੀਆਂ ਹੀ ਸਨ ਪਰ ਸਮੇਂ ਦੇ ਬੀਤਣ ਨਾਲ ਇਹਨਾਂ ਵਿੱਚੋਂ ਕੁਝ ਦੇ ਸਰੀਰ 20 ਫੁੱਟ ਤੱਕ ਲੰਬੇ ਹੋ ਗਏ ਸਨ। ਇਹਨਾਂ ਮੱਛਆਂ ਦੇ ਵੱਡ ਵਡੇਰੇ ਅਜਿਹੇ ਨਰਮ ਸਰੀਰ ਵਾਲੇ ਕੀੜੇ ਸਨ ਜਿਹਨਾਂ ਦੇ ਮੂੰਹ ਵਿੱਚ ਦੰਦ ਤੇ ਸਰੀਰ ਵਿੱਚ ਰੀੜ ਦੀ ਹੱਡੀ ਮੌਜੂਦ ਸੀ। ਇਸ ਯੁਗ ਵਿੱਚ ਹੀ ਪਹਿਲੇ ਦੁੱਧ ਚੁੰਘਾਉਣ ਵਾਲੇ ਜੀਵ ਤੇ ਖੰਭਾਂ ਤੋਂ ਬਗੈਰ ਕੀੜੇ ਪੈਦਾ ਹੋ ਗਏ ਸਨ।

**ਜ਼ਮੀਨ ਤੇ ਹਰਿਆਲੀ ਕਿਵੇਂ ਆਈ?**

ਹੁਣ ਤੱਕ ਮਿਲੇ ਸਬੂਤਾਂ ਤੋਂ ਇੱਕ ਗੱਲ ਬਿਲਕੁਲ ਹੀ ਸਪਸ਼ਟ ਹੋ ਗਈ ਹੈ ਕਿ ਅੱਜ ਤੋਂ 37 ਕਰੋੜ ਸਾਲ ਪਹਿਲਾਂ ਧਰਤੀ ਉੱਤੇ ਜੀਵ ਅਤੇ ਪੌਦਿਆਂ ਦੀ ਕੋਈ ਵੀ ਨਸਲ ਨਹੀਂ ਸੀ। ਸਾਰੀ ਜ਼ਮੀਨ ਪਥਰੀਲੀ ਸੀ ਅਤੇ ਜਵਾਲਾਮੁਖੀਆਂ ਤੇ ਬਰਫ ਦੇ ਤੋਦਿਆਂ ਦੁਆਰਾ ਦੂਰ ਦੂਰ ਤੱਕ ਖਿਲਾਰੀਆਂ ਚਟਾਨਾਂ ਹੀ ਨਜ਼ਰ ਆਉਂਦੀਆਂ ਸਨ। ਵਿਰਾਨ ਥਾਵਾਂ ਤੇ ਡਿੱਗ ਰਹੇ ਪਾਣੀ ਦੇ ਝਰਨੇ, ਨਦੀਆਂ ਤੇ ਨਾਲੇ ਜ਼ਰੂਰ ਵਿਖਾਈ ਦਿੰਦੇ ਸਨ। ਬਹੁਤ ਸਾਰੀਆਂ ਥਾਵਾਂ ਤੇ ਜੁਆਲਾਮੁਖੀ ਅੱਗ ਬਿਖੇਰਦੇ ਵੀ ਨਜ਼ਰੀ ਪੈਂਦੇ ਸਨ। ਸਮੁੰਦਰਾਂ ਵਿੱਚ ਪਾਣੀ ਦੀਆਂ ਲਹਿਰਾਂ ਤੇ ਜਵਾਰਭਾਟੇ ਅੱਜ ਦੀ ਤਰਖ਼ਾਂ ਹੀ ਆਉਂਦੇ ਰਹਿੰਦੇ ਸਨ। ਗਰਮੀ, ਬਰਸਾਤ, ਸਰਦੀ ਤੇ ਬਸੰਤ ਚਾਰੇ ਮੌਸਮ ਅੱਜ ਦੀ ਤਰਖ਼ਾਂ ਹੀ ਸਨ ਭਾਵੇਂ ਧਰਤੀ ਤੇ ਖਿੜਨ ਵਾਲੇ ਫੁੱਲ ਤੇ ਬਰਸਾਤ ਦੇ ਮੌਸਮ ਵਿੱਚ ਵਧਣ ਫੁਲਣ ਵਾਲੇ ਦਰਖਤਾਂ ਦੀ ਕੋਈ ਹੋਂਦ ਨਹੀਂ ਸੀ ਕਿਉਂਕਿ ਧਰਤੀ ਤੇ ਚਟਾਨਾਂ ਤੋੜਨ ਵਾਲੇ ਘਾਹ ਤੇ ਕਾਈ ਨੇ ਅਜੇ ਪੈਦਾ ਹੋਣਾ ਸੀ ਇਸ ਲਈ ਇਥੋਂ ਦੀ ਸਾਰੀ ਭੂਮੀ ਪਥਰੀਲੀ ਹੀ ਪਥਰੀਲੀ ਸੀ। ਧਰਤੀ ਨੂੰ ਨਰਮ ਕਰਨ ਵਾਲੇ ਗੰਡ ਗੰਡੋਏ ਵੀ ਹੋਂਦ ਵਿੱਚ ਨਹੀਂ ਆਏ ਸਨ।

**ਸਮੁੰਦਰ ਤੋਂ ਦਲਦਲ ਵੱਲ**

ਹੌਲੀ ਹੌਲੀ ਸਮੇਂ ਨੇ ਕਰਵਟ ਲਈ ਕੁਝ ਜੀਵਾਂ ਤੇ ਪੌਦਿਆਂ ਨੇ ਡੂੰਘੇ ਸਮੁੰਦਰਾਂ ਦੀ ਬਜਾਏ ਘੱਟ ਡੂੰਘੇ ਸਮੁੰਦਰਾਂ ਵਿੱਚ ਆਪਣੇ ਆਪ ਨੂੰ ਉਗਾਉਣਾ ਸਿਖ ਲਿਆ। ਕਦੇ ਕਦੇ ਪਾਣੀ ਦੀਆਂ ਲਹਿਰਾਂ ਉਨਖ਼ਾਂ ਨੂੰ ਦਲਦਲੀ ਇਲਾਕਿਆਂ ਜਾਂ ਸਮੁੰਦਰੀ ਕਿਨਾਰਿਆਂ ਤੇ ਲਿਆ ਸੁੱਟਦੀਆਂ ਸਨ। ਧਰਤੀ ਦੀ ਅੰਦਰ ਦੀ ਗਰਮੀ ਕਾਰਨ ਕਈ ਵਾਰੀ ਸਮੁੰਦਰ ਦੇ ਥੱਲੇ ਹੀ ਉੱਪਰ ਉੱਠ ਖੜੇ ਹੋਏ ਤੇ ਇਹਨਾਂ ਵਿਚਲੇ ਪੌਦਿਆਂ ਨੂੰ ਮਜਬੂਰੀ ਵਸ ਜ਼ਮੀਨ ’ਤੇ ਹੀ ਉੱਗਣਾ ਪਿਆ। ਇਸ ਤਰਖ਼ਾਂ ਇਹ ਪੌਦੇ ਧਰਤੀ ਵਿੱਚ ਆਪਣੀਆਂ ਜੜਖ਼ਾਂ ਲਾਉਣੀਆਂ ਸਿੱਖ ਗਏ। ਗਿੱਲੇ ਸਥਾਨਾਂ ਤੇ ਉੱਗਣ ਵਾਲੇ ਪੌਦੇ ਕਾਈ ਤੇ ਮਾਸ ਹੀ ਸਭ ਤੋਂ ਪਹਿਲਾਂ ਧਰਤੀ ਤੇ ਪ੍ਰਵੇਸ਼ ਕਰਨ ਵਾਲੇ ਜੀਵਤ ਪਦਾਰਥ ਸਨ। ਇਸ ਤੋਂ ਬਾਅਦ ਖੁੰਬਾਂ ਨੇ ਵੀ ਆਪਣੀ ਹਾਜ਼ਰੀ ਦੇ ਦਿੱਤੀ। ਹੁਣ ਤੱਕ ਪੈਦਾ ਹੋਏ ਪੌਦਿਆਂ ਦੇ ਨਾ ਪੱਤੇ ਸਨ ਤੇ ਨਾ ਹੀ ਤਣੇ ਹੁੰਦੇ ਸੀ। ਫਰਨ ਅਜਿਹੇ ਪਹਿਲੇ ਪੱਤਿਆਂ ਤੇ ਤਣੇ ਵਾਲੇ ਬੂਟੇ ਸਨ ਜੋ ਇਹਨਾਂ ਬੀਜਾਂ ਵਾਲਿਆਂ ਪੌਦਿਆਂ ਤੋਂ ਹੋਕੇ ਦੇਵਦਾਰ ਤੇ ਚੀੜ ਵਰਗੇ ਦਰਖਤ ਪੈਦਾ ਹੋਣੇ ਸ਼ੁਰੂ ਹੋ ਗਏ। ਫੁੱਲਾਂ ਵਾਲੇ ਬੂਟੇ ਤੇ ਦਰਖਤ ਤਾਂ ਸਿਰਫ 15 ਕਰੋੜ ਸਾਲ ਪਹਿਲਾਂ ਜ਼ਮੀਨ ਉੱਤੇ ਬਿਰਾਜਮਾਨ ਹੋਏ ਹਨ।

**ਜ਼ਮੀਨ ਤੇ ਕੀੜੇ ਮਰੋੜੇ ਆਏ**

ਪੌਦੇ ਭਾਵੇਂ ਜ਼ਮੀਨ ਤੇ ਆਉਣ ਵਿੱਚ ਜੀਵਾਂ ਨਾਲੋਂ ਅੱਗੇ ਸਨ ਪਰ ਇਹਨਾਂ ਵਿੱਚ ਸਮੇਂ ਦਾ ਫਰਕ ਬਹੁਤ ਹੀ ਘੱਟ ਸੀ। ਮਨੁੱਖੀ ਜ਼ਿੰਦਗੀ ਲਈ ਲੱਖਾਂ ਸਾਲ ਬਹੁਤ ਲੰਬਾ ਸਮਾਂ ਹੁੰਦਾ ਹੈ ਪਰ ਧਰਤੀ ਦੇ 460 ਕਰੋੜ ਵਰਖ਼ੇ ਦੇ ਇਤਿਹਾਸ ਵਿੱਚ ਇਸ ਸਮੇਂ ਦੀ ਵੱਡੀ ਮਹੱਤਤਾ ਨਹੀਂ ਹੈ। ਪੌਦਿਆਂ ਤੋਂ ਕੁਝ ਲੱਖ ਵਰਖ਼ੇ ਬਾਅਦ ਹੀ, ਕੰਨ ਖਜੂਰੇ, ਬਿੱਛੂ, ਕਾਕਰੋਚ, ਟਿੱਡੇ ਤੇ ਹੋਰ ਕੀੜੇ ਮਕੋੜੇ ਦਲਦਲਾਂ ਵਿੱਚ ਦੀ ਲੰਘਦੇ ਹੋਏ ਜ਼ਮੀਨ ਤੇ ਰਹਿਣ ਦੀ ਜਾਂਚ ਸਿੱਖ ਗਏ। ਸਮੁੰਦਰੀ ਪਾਣੀਆਂ ਵਿੱਚੋਂ ਅੱਜ ਵੀ ਮਿਲਦੀ ਫੇਫੜਿਆਂ ਵਾਲੀ ਮੱਛੀ ਇਸ ਗੱਲ ਦੀ ਗਵਾਹ ਹੈ ਕਿ ਧਰਤੀ ਤੇ ਰੀਂਗ ਕੇ ਚੱਲਣ ਵਾਲੇ ਜੀਵ ਜੰਤੂ ਸਮੁੰਦਰਾਂ ਵਿੱਚੋਂ ਹੀ ਆਏ ਸਨ।

(ਚਲਦਾ)

# ਖ਼ੁਸ਼ੀਆਂ ਤੇ ਸ਼ਗਨਾਂ ਦਾ ਤਿਉਹਾਰ ਲੋਹੜੀ ...



ਪਰਸ਼ੋਤਮ ਲਾਲ ਸਰੋਏ
92175-44348

ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੀ ਹੋ ਕਿ ਮਨੁੱਖੀ ਜੀਵਨ ਖ਼ੁਸ਼ੀਆਂ ਤੇ ਗ਼ਮੀਆਂ ਦਾ ਸੁਮੇਲ ਹੈ। ਜਿੱਥੇ ਮਨੁੱਖੀ ਜੀਵਨ ਨੂੰ ਗ਼ਮੀਆਂ ਅਤੇ ਸੰਤਾਪ ਦੇ ਪਲ ਨਸੀਬ ਹੁੰਦੇ ਹਨ, ਉੱਥੇ ਉਸ ਨੂੰ ਖ਼ੁਸ਼ੀਆਂ ਦਾ ਸੁਆਦ ਵੀ ਮਾਣਨ ਨੂੰ ਮਿਲਦਾ ਹੈ। ਫਿਰ ਇਹ ਮੇਲੇ ਅਤੇ ਤਿਉਹਾਰ ਹਰ ਇਕ ਦੇ ਹਿੱਤਾਂ ਨਾਲ ਜੁੜੇ ਹੋਏ ਹੁੰਦੇ ਹਨ। ਲੋਕ ਆਪਣੇ ਖ਼ੁਸ਼ੀ ਦੇ ਪਲਾਂ ਨੂੰ ਇਕੱਠੇ ਹੋ ਕੇ ਮੇਲੇ ਅਤੇ ਤਿਉਹਾਰਾਂ ਦੇ ਰੂਪ ਵਿਚ ਮਨਾਉਂਦੇ ਹਨ ਅਤੇ ਇਨ੍ਹਾਂ ਮੇਲਿਆਂ ਅਤੇ ਤਿਉਹਾਰਾਂ ਨੂੰ ਫਿਰ ਜ਼ਸ਼ਨਾਂ ਦੇ ਰੂਪ ਵਿਚ ਵੀ ਮਨਾਇਆ ਜਾਂਦਾ ਹੈ।

ਹਰ ਇਕ ਮੇਲੇ ਜਾਂ ਤਿਉਹਾਰ ਨਾਲ ਉਸ ਦਾ ਕੋਈ ਨਾ ਕੋਈ ਇਤਿਹਾਸ ਜਾਂ ਪਿਛੋਕੜ ਜ਼ਰੂਰ ਜੁੜਿਆ ਹੋਇਆ ਹੁੰਦਾ ਹੈ। ਇਨ੍ਹਾਂ ਸਾਰੇ ਮੇਲਿਆਂ ਅਤੇ ਤਿਉਹਾਰਾਂ ਵਿਚੋਂ ਲੋਹੜੀ ਦਾ ਤਿਉਹਾਰ ਇਕ ਹੈ। ਇਸ ਨੂੰ ਬੱਚਿਆਂ ਅਤੇ ਧੀਆਂ-ਧਿਆਣੀਆਂ ਆਦਿ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਕੁੱਝ ਥਾਂਵਾਂ ਦੇ ਲੋਕ ਇਸ ਨੂੰ ਮਿਠਾਈਆਂ ਆਦਿ ਦਾ ਤਿਉਹਾਰ ਵੀ ਕਹਿੰਦੇ ਹਨ। ਉੱਤਰੀ ਭਾਰਤ ਦੇ ਲੋਕਾਂ ਦਾ ਇਹ ਬਹੁਤ ਵੀ ਪਸੰਦੀ ਦਾ ਤਿਉਹਾਰ ਵੀ ਹੈ।

ਇਸ ਨੂੰ ਅਗਨੀ ਪੂਜਾ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਇਹ ਤਿਉਹਾਰ ਹਰ ਸਾਲ ਜਨਵਰੀ ਦੇ ਮਹੀਨੇ ਆਉਂਦਾ ਹੈ। ਇਹ ਤਿਉਹਾਰ 13 ਜਨਵਰੀ ਨੂੰ ਮਨਾਇਆ ਜਾਂਦਾ ਹੈ। ਲੋਹੜੀ ਦਾ ਪਹਿਲਾ ਤਿਉਹਾਰ ਨਵੇਂ ਵਿਆਹੇ-ਜੋੜੇ ਅਤੇ ਨਵ-ਜਨਮੇਂ ਬੱਚੇ ਦੇ ਘਰ ਜ਼ਸ਼ਨ ਦਾ ਤਿਉਹਾਰ ਵੀ ਹੈ। ਇਸ ਲੋਹੜੀ ਦੇ ਤਿਉਹਾਰ ਵਾਲੇ ਦਿਨ ਰਾਤ ਦੇ ਸਮੇਂ ਅਗ਼ਨੀ ਦਾ ਧੂਣਾ ਲਗਾਇਆ ਜਾਂਦਾ ਹੈ ਤੇ ਲੋਕ ਇਸ ਅਗ਼ਨੀ ਦੇ ਆਲੇ-ਦੁਆਲੇ ਇਕੱਠੇ ਹੋ ਜਾਂਦੇ ਹਨ। ਫਿਰ ਅਗ਼ਨੀ ਵਿਚ ਚਾਵਲ, ਤਿੱਲ, ਗੁੜ, ਰਵੜੀਆਂ, ਮੂੰਗਫ਼ਲੀ ਆਦਿ ਸੁੱਟੀ ਜਾਂਦੀ ਹੈ ਅਤੇ ਇਸ ਤਰ੍ਹਾਂ ਆਉਣ ਵਾਲੇ ਸਮੇਂ ਲਈ ਖ਼ੁਸ਼ੀ ਦੇ ਪਲਾਂ ਦੀ ਕਾਮਨਾ ਕਰਨ ਦੀ ਅਰਦਾਸ ਵੀ ਕੀਤੀ ਜਾਂਦੀ ਹੈ।

ਇਸ ਦਿਨ ਭੰਗੜੇ, ਗਿੱਧੇ ਅਤੇ ਨੱਚਣ ਗਾਉਣ ਆਦਿ ਦਾ ਵੀ ਰੰਗ ਬੰਨ੍ਹਿਆਂ ਜਾਂਦਾ ਹੈ। ਫਿਰ ਲੋਹੜੀ ਦੇ ਪ੍ਰੰਪ੍ਰਾਗਤ ਗੀਤ ਵੀ ਗਾਏ ਜਾਂਦੇ ਹਨ। ਲੋਹੜੀ ਦੇ ਦਿਨ ਲੋਕ ਆਪਣੇ ਘਰਾਂ ਵਿਚ ਸਰਸੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਆਦਿ ਵੀ ਬਣਾਉਂਦੇ ਹਨ। ਫਿਰ ਲੋਕਾਂ ਵਿਚ ਗੁੜ, ਰੇੜੀਆਂ, ਮਠਿਆਈਆਂ, ਮੂੰਗਫਲੀ ਆਦਿ ਵੀ ਵੰਡੀ ਜਾਂਦੀ ਹੈ ਅਤੇ ਲੋਹੜੀ ਮੰਗਣ ਵਾਲਿਆਂ ਨੂੰ ਕੱਪੜੇ, ਮਿਠਾਈਆਂ ਅਤੇ ਪੈਸੇ ਵੀ ਵੰਡੇ ਜਾਂਦੇ ਹਨ।

ਕੁੱਝ ਇਕ ਲੋਕਾਂ ਦਾ ਵਿਸ਼ਵਾਸ ਹੈ ਕਿ ਲੋਹੜੀ ਦਾ ਸ਼ਬਦ ਭਗਤ ਕਬੀਰ ਜੀ ਦੀ ਪਤਨੀ ''ਲੋਈ'' ਤੋਂ ਲਿਆ ਗਿਆ ਹੈ। ਕੁੱਝ ਲੋਕ ਤਾਂ ਇਹ ਵੀ ਮੰਨਦੇ ਹਨ ਕਿ ਲੋਹੜੀ ਅਤੇ ਹੋਲਿਕਾ ਦੋਨੋਂ ਭੈਣਾਂ ਸਨ। ਪਰ ਕੁੱਝ ਲੋਕ ਕਹਿੰਦੇ ਹਨ ਕਿ ਲੋਹੜੀ ਸ਼ਬਦ ''ਲੋਹ'' ਸ਼ਬਦ ਤੋਂ ਨਿਕਲਿਆ ਹੈ, ਜਿਸ ਦਾ ਅਰਥ 'ਰੋਟੀਆਂ ਅਤੇ ਚਪਾਤੀ' ਆਦਿ ਬਣਾਉਣ ਵਾਲਾ ਤਵਾ ਹੈ। ਕਿਉਂਕਿ ਇਸ ਦਿਨ ਤਿੱਲ ਤੇ ਰਿਊੜੀ ਆਦਿ ਨੂੰ ਅੱਗ ਵਿਚ ਪਾ ਕੇ ਇਹ ਤਿਉਹਾਰ ਮਨਾਇਆ ਜਾਂਦਾ ਹੈ, ਇਸ ਲਈ ਇਹ ਸ਼ਬਦ ਤਿੱਲ-ਰਿਊੜੀ ਤੋਂ ਹੀ ਲੋਹੜੀ ਬਣਾ ਦਿੱਤਾ ਗਿਆ ਹੈ। ਲੋਹੜੀ ਦਾ ਇਤਿਹਾਸ ਦੁੱਲਾ ਭੱਟੀ ਦੀ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ। ਦੁੱਲਾ ਭੱਟੀ ਅਕਬਰ ਦੇ ਸ਼ਾਸ਼ਨਕਾਲ ਦੌਰਾਨ ਇਕ ਡਾਕੂ ਸੀ ਜੋ ਕਿ ਅਮੀਰ ਲੋਕਾਂ ਦਾ ਮਾਲ ਲੁੱਟ ਕੇ ਗ਼ਰੀਬ ਲੋਕਾਂ ਵਿਚ ਵੰਡ ਦਿੰਦਾ ਸੀ। ਉਸ ਇਲਾਕੇ ਦੇ ਗ਼ਰੀਬ ਲੋਕ ਉਸ ਦੀ ਇਸ ਦਰਿਆਦਿਲੀ ਦੇ ਕਾਇਲ ਸਨ ਇਸ ਕਰਕੇ ਉਹ ਲੋਕ ਉਸ ਦਾ ਆਦਰ-ਸਤਿਕਾਰ ਕਰਨ ਦੇ ਨਾਲ-ਨਾਲ ਉਸ ਨੂੰ ਪਿਆਰ ਵੀ ਕਰਦੇ ਸਨ।



ਇਹ ਕਹਾਣੀ ਪ੍ਰਚੱਲਿਤ ਕਿ ਉਸ ਨੇ ਇਕ ਲੜਕੀ ਨੂੰ ਅਗਵਾਕਾਰਾਂ ਤੋਂ ਛੁਡਾਇਆ ਸੀ ਅਤੇ ਉਸ ਲੜਕੀ ਨੂੰ ਆਪਣੀ ਧਰਮ ਦੀ ਧੀ ਬਣਾ ਲਿਆ ਸੀ। ਜਦ ਦੁੱਲਾ-ਭੱਟੀ ਨੇ ਉਸ ਲੜਕੀ ਦਾ ਵਿਆਹ ਕੀਤਾ ਤਾਂ ਉਸ ਨੇ ਉਸ ਦੇ ਵਿਆਹ ਵਿਚ ਤੋਹਫ਼ੇ ਦੇ ਤੌਰ ’ਤੇ ਸ਼ੱਕਰ ਪਾ ਦਿੱਤੀ ਸੀ। ਇਸ ਕਰਕੇ ਹੀ ਹਰ ਲੋਹੜੀ ਦੇ ਦਿਨ ਦੁੱਲੇ-ਭੱਟੀ ਨੂੰ ਹਰ ਲੋਹੜੀ ਦੇ ਸਮੇਂ ਯਾਦ ਕੀਤਾ ਜਾਂਦਾ ਹੈ। ਬੱਚੇ ਜਦ ਲੋਹੜੀ ਮੰਗਣ ਦੂਜਿਆਂ ਦੇ ਘਰਾਂ ’ਚ ਜਾਂਦੇ ਹਨ ਤਾਂ ਉਹ ਇਹ ਗੀਤ ਗਾਉਂਦੇ ਹੋਏ ਨਜ਼ਰ ਆਉਂਦੇ ਹਨ: ''ਸੁੰਦਰ-ਮੁੰਦਰੀਏ, ਹੋ. ਅ. ਅ। ਤੇਰਾ ਕੌਣ ਵਿਚਾਰਾ। ਹੋ. ਅ. ਅ। ਦੁੱਲਾ ਭੱਟੀ ਵਾਲਾ। ਹੋ. ਅ. ਅ। ਦੁੱਲੇ ਨੇ ਧੀ ਵਿਆਹੀ, ਹੋ. ਅ. ਅ। ਸੇਰ ਸ਼ੱਕਰ ਪਾਈ , ਹੋ. ਅ. ਅ. । ਗਿਣ-ਗਿਣ ਪੋਲੇ ਲਾਏ। ਹੋ. ਅ. ਅ। ਇਕ ਪੋਲਾ ਘਟ ਗਿਆ, ਘਸੀਟਾ ਵਹੁਟੀ ਲੈ ਕੇ ਨੱਸ ਗਿਆ। ''

ਇਸ ਤਰ੍ਹਾਂ ਉਹ ਲੋਹੜੀ ਦੇ ਗੀਤ ਗਾਉਂਦੇ ਹੋਏ ਇਕ ਘਰ ਤੋਂ ਦੂਜੇ ਘਰ ਜਾਂਦੇ ਹਨ ਤੇ ਉੱਥੇ ਪੈਸੇ, ਕਣਕ ਦੇ ਦਾਣੇ, ਮੱਕੀ ਦੇ ਦਾਣੇ, ਕਣਕ ਦਾ ਆਟਾ, ਮੱਕੀ ਦਾ ਆਟਾ ਅਤੇ ਮੂੰਗਫ਼ਲੀ, ਰੇਡੀਆਂ, ਚਿੜਬੜੇ, ਮਠਿਆਈ ਆਦਿ ਦੀ ਸੌਗ਼ਾਤ ਹਾਸਲ ਕਰਦੇ ਹਨ। ਫਿਰ ਜਿਸ ਘਰੋਂ ਉਨ੍ਹਾਂ ਨੂੰ ਖ਼ਾਲ੍ਹੀ ਹੱਥ ਪਰਤਣਾ ਪਵੇ, ਉੱਥੇ ਉਹ ਇਹ ਗਾਣਾ ''ਹੁੱਕਾ ਜੀ ਹੁੱਕਾ, ਇਹ ਘਰ ਭੁੱਖਾ'' ਆਦਿ ਗਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਫਿਰ ਕੁੜੀਆਂ ਇਹ ਗੀਤ ਜਿਵੇਂ ''ਅੰਬੇ ਅੰਬੇ ਨੀ ਮੇਰੇ ਸੱਤ ਭਰਾ ਮੰਗੇ'' ਜਾਂ ''ਅਸੀਂ ਆਈਆਂ ਕੁੜੇ, ਆਈਆਂ ਇਸ ਘਰ ਵੱਡੇ ਕੁੜੇ'' ਜਾਂ ਫਿਰ ''ਸਾਨੂੰ ਦੇ ਲੋਹੜੀ ਤੇਰੀ ਜੀਵੇ ਜੋੜੀ'' ਆਦਿ ਗਾ ਕੇ ਲੋਹੜੀ ਦਾ ਤਿਉਹਾਰ ਮਨਾਉਂਦੀਆਂ ਹਨ।

ਉੱਤਰੀ ਭਾਰਤ ਵਿਚ ਲੋਹੜੀ ਤੋਂ ਦੂਜੇ ਦਿਨ ਭਾਵ 14 ਜਨਵਰੀ ਨੂੰ ਮਕਰ ਸੰਗਰਾਂਦ ਦਾ ਦਿਨ ਆਉਂਦਾ ਹੈ। ਤਾਮਿਲਨਾਡੂ ਵਿਚ ਇਸ ਨੂੰ '' ਪੋਂਗਲ'' ਤੇ ਬੰਗਾਲ ਵਿਚ ''ਮਾਘ ਬੀਹੂ'' ਦੇ ਨਾਂਅ ਨਾਲ ਪੁਕਾਰਿਆ ਜਾਂਦਾ ਹੈ। ਇਸ ਤਿਉਹਾਰ ਤੋਂ ਦੂਜੇ ਦਿਨ ਮਾਘੀ ਦਾ ਤਿਉਹਾਰ ਆਉਂਦਾ ਹੈ। ਕਿਉਂਕਿ ਇਹ ਮਾਘ ਮਹੀਨੇ ਦਾ ਪਹਿਲਾ ਦਿਨ ਹੁੰਦਾ ਹੈ। ਲੋਹੜੀ ਆਉਣ ਦਾ ਅਰਥ ਪੋਹ ਦੇ ਮਹੀਨੇ ਦੀ ਅੰਤਮ ਠੰਢ ਅਤੇ ਮਾਘ ਮਹੀਨ ਦੀ ਸ਼ੁਰੂਆਤ ਨੂੰ ਲਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਦਿਨ ਸੂਰਜ ਵੀ ਆਪਣੀ ਦਿਸ਼ਾ ਬਦਲ ਲੈਂਦਾ ਹੈ।

ਲੋਹੜੀ ਦਾ ਤਿਉਹਾਰ ਕਿਸੇ ਇਕ ਜਾਤ ਜਾਂ ਧਰਮ ਦਾ ਤਿਉਹਾਰ ਨਹੀਂ ਬਲਕਿ ਇਸ ਤਿਉਹਾਰ ਨੂੰ ਹਰ ਧਰਮ-ਜਾਤ ਦੇ ਲੋਕ ਮਨਾ ਸਕਦੇ ਹਨ। ਇਸ ਤਰ੍ਹਾਂ ਇਹ ਅਲੱਗ-ਅਲੱਗ ਧਰਮਾਂ ਅਤੇ ਜਾਤਾਂ ਦੇ ਲੋਕਾਂ ਵਿਚ ਇਕ ਬੰਧਨ ਕਾਇਮ ਕਰਨ ਵਿਚ ਆਪਣਾ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਲੋਹੜੀ ਦੀ ਇਕ ਹੋਰ ਰੀਤ ਇਹ ਵੀ ਹੈ ਕਿ ਲੋਹੜੀ ਦੇ ਦਿਨਾਂ ਵਿਚ ਲੋਕ ਆਪਣੀਆਂ ਧੀਆਂ ਧਿਆਣੀਆਂ ਨੂੰ ਕੱਪੜੇ, ਪੈਸੇ, ਮਠਿਆਈਆਂ ਜਾਂ ਬਿਸਕੁਟ ਆਦਿ ਵੀ ਉਨ੍ਹਾਂ ਦੇ ਘਰਾਂ ਵਿਚ ਦੇ ਕੇ ਆਉਂਦੇ ਹਨ। ਇਸ ਤਰ੍ਹਾਂ ਰਿਸ਼ਤੇਦਾਰੀਆਂ ਵਿਚ ਵੀ ਨਜ਼ਦੀਕੀਆਂ ਦਾ ਅਹਿਸਾਸ ਬਣਿਆ ਰਹਿੰਦਾ ਹੈ।

ਅੰਤ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਇਹ ਇਕ ਖ਼ੁਸ਼ੀਆਂ ਅਤੇ ਸ਼ਗ਼ਨਾਂ ਦਾ ਤਿਉਹਾਰ ਹੈ। ਇਹ ਲੋਕਾਂ ਨੂੰ ਆਪਸ ਵਿਚ ਇਕਮਿਕ ਹੋ ਕੇ ਰਹਿਣ ਅਤੇ ਤਾਲ-ਮੇਲ ਪੈਦਾ ਕਰਨ ਵਿਚ ਇਕ ਮਹੱਤਵਪੂਰਨ ਯੋਗਦਾਨ ਅਦਾ ਕਰਦਾ ਹੈ। ਪਰ ਇਸ ਦਿਨ ਕਈ ਲੋਕ ਸ਼ਰਾਬਾਂ ਆਦਿ ਪੀ ਕੇ ਹੁਲੜਬਾਜ਼ੀ ਕਰਦੇ ਹਨ। ਕੁਝ ਇਕ ਸ਼ਰਾਰਤੀ ਲੋਕ ਉਂਝ ਹੀ ਸ਼ਰਾਰਤਾਂ ਕਰ ਕੇ ਦੂਜਿਆਂ ਦੇ ਨੱਕ ਵਿਚ ਦਮ ਕਰ ਦਿੰਦੇ ਹਨ। ਜਿਸ ਨਾਲ ਕਿ ਲੜ੍ਹਾਈ-ਝਗੜੇ ਦਾ ਮਾਹੌਲ ਬਣ ਜਾਂਦਾ ਹੈ। ਪਰ ਇਸ ਤਰ੍ਹਾਂ ਕਰਨਾ ਇਕ ਮੂਰਖ਼ਤਾ ਹੈ। ਆਓ ਅਸੀਂ ਸਾਰੇ ਰਲ ਕੇ ਪਰਣ ਕਰ ਲਈਏ ਕਿ ਇਸ ਦਿਨ ਨੂੰ ਅਸੀਂ ਖ਼ੁਸੀਆਂ ਅਤੇ ਸ਼ਗਨਾਂ ਦਾ ਤਿਉਹਾਰ ਹੀ ਰਹਿਣ ਦੇਈਏ ਨਾ ਕਿ ਇਸ ਨੂੰ ਲੜ੍ਹਾਈ-ਝਗੜੇ ਜਾਂ ਹੁੱਲੜਬਾਜ਼ੀ ਦਾ ਦਿਨ ਬਣਨ ਦੇਈਏ।

# ਬੇਗਮਪੁਰਾ ਸੰਕਲਪ (ਸ੍ਰੀ ਗੁਰੂ ਰਵਿਦਾਸ ਜੀ)



ਸੰਸਾਰ ਗਿਆਨ ਦਾ ਭੰਡਾਰ ਹੈ। ਹਰ ਪਾਸੇ ਜਿੱਧਰ ਵੀ ਨਿਗ੍ਹਾ ਮਾਰੋ ਧਰਤ, ਆਕਾਸ਼, ਪਤਾਲ ਸਭ ਗਿਆਨ ਨਾਲ ਲੱਦਿਆ ਪਿਆ ਹੈ। ਕੁਦਰਤ ਦਾ ਗਿਆਨ ਸਾਰਥਕ ਵਿਚਾਰਧਾਰਾ 'ਤੇ ਟਿਕਿਆ ਹੈ। ਪਰ ਧਰਤੀ ਦੇ ਮਾਨਵ ਨੇ ਆਪਣੇ ਸੁਆਰਥਾਂ ਲਈ ਇਸ ਗਿਆਨ ਦੀ ਸਾਰਥਿਕਤਾ ਦਾ ਮਲੀਆਮੇਟ ਕਰਨ ਦੀ ਬੇਤਹਾਸ਼ਾ ਕੋਸ਼ਿਸ਼ ਕੀਤੀ ਹੈ। ਜਿਸ ਕਾਰਨ ਸ਼ੈਤਾਨ ਮਨੁੱਖ ਨੇ ਇਸ ਗਿਆਨ ਨੂੰ ਤੋੜ-ਮਰੋੜ ਕੇ ਦੂਜੇ ਮਨੁੱਖ ਨੂੰ ਅੰਧਕਾਰ ਭਰਿਆ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ ਹੈ।

ਸੰਸਾਰ ਅੰਦਰ ਅੱਡ ਅੱਡ ਸਮੇਂ ਤੇ ਪੀਰ-ਪੈਗੰਬਰ, ਰਹਿਬਰ, ਔਲੀਏ ਆਏ, ਜਿਹਨਾਂ ਨੇ ਸ਼ੈਤਾਨ ਮਨੁੱਖ ਦੇ ਗੈਰ ਕੁਦਰਤੀ ਵਤੀਰੇ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਅਤੇ ਮਨੁੱਖਤਾ ਦਾ ਘਾਣ ਹੋਣ ਤੋਂ ਬਚਾਇਆ। ਛੂਤ-ਛਾਤ, ਜਾਤ-ਪਾਤ ਵੀ ਸ਼ੈਤਾਨ ਲੋਕਾਂ ਵੱਲੋਂ ਮਾਨਵ ਦੀ ਲੁੱਟ ਕਰਨ ਦਾ ਹਥਿਆਰ ਹੈ।



ਪ੍ਰੇਮ ਪੈਂਥਰ
(ਉਤਰੀ ਅਮਰੀਕਾ
917-667-6404

ਗੁਰੂ ਰਵਿਦਾਸ ਜੀ ਜਗਤ ਵਿਚ ਆਏ ਉਹਨਾਂ ਪੀਰ-ਪੈਗੰਬਰਾਂ ਵਿਚੋਂ ਇਕ ਹਨ, ਜਿਹਨਾਂ ਨੇ ਮਾਨਵ ਦੀ ਅਗਿਆਨਤਾ ਨੂੰ ਖਤਮ ਕਰਕੇ ਕੁਦਰਤੀ ਗਿਆਨ ਨਾਲ ਜੋੜਨ ਦਾ ਉਪਰਾਲਾ ਕੀਤਾ। ਮਾਨਵ ਨੂੰ ਸ਼ੈਤਾਨ ਲੋਕਾਂ ਦੁਆਰਾ ਕੀਤੇ ਜਾ ਰਹੇ ਘੋਰ ਅੱਤਿਆਚਾਰਾਂ ਤੋਂ ਛੁਟਕਾਰਾ ਦਿਵਾਉਣ ਲਈ ਆਪਣੇ ਸੰਸਾਰਕ ਜੀਵਨ ਦੇ ਆਖਰੀ ਸਾਹਾਂ ਤੱਕ ਸੰਘਰਸ਼ ਕੀਤਾ। ਉਹਨਾਂ ਨੇ ਖਾਸ ਕਿਸਮ ਦੀ ਬ੍ਰਾਹਮਣਵਾਦੀ ਵਿਚਾਰਧਾਰਾ ਜੋ ਕਿ ਗੈਰ-ਕੁਦਰਤੀ ਹੈ। ਮਾਨਵ ਦੀ ਲੁੱਟ-ਖਸੁੱਟ, ਗੈਰ ਬਰਾਬਰਤਾ ਤੇ ਅਣਮਨੁੱਖੀ ਅੱਤਿਆਚਾਰਾਂ ਦੀ ਧਾਰਨੀ ਹੈ, ਨੂੰ ਪੂਰੀ ਤਨਦੇਹੀ ਨਾਲ ਬੌਧਿਕ ਟੱਕਰ ਦਿੱਤੀ।

ਕਿਆ ਤੂ ਸੋਇਆ
ਜਾਗ ਇਆਨਾ
ਤੈ ਜੀਵਨ ਜਗਿ
ਸਚ ਕਰ ਜਾਨਾ

ਗੁਰੂ ਰਵਿਦਾਸ ਜੀ ਨੇ ਭਾਰਤ ਅੰਦਰ ਅੱਤਿਆਚਾਰਾਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਜਗਾਉਣ ਲਈ ਲਗਾਤਾਰਤਾ ਨਾਲ ਹੋਕਾ ਦਿੱਤਾ। ਉਹਨਾਂ ਨੇ ਅੱਤਿਆਚਾਰਾਂ ਦੇ ਸਤਾਏ ਇਨਸਾਨਾਂ (ਨਿਰਧਨ ਤੇ ਗਰੀਬਾਂ) ਨੂੰ ਹਲੂਣਾ ਦਿੱਤਾ ਤੇ ਕਿਹਾ ਕਿਉਂ ਤੂੰ ਸੁੱਤਾ ਪਿਆ ਹੈ, ਉਠ ਜਾਗ, ਜਾਲਮ ਦੇ ਜ਼ੁਲਮ ਖ਼ਿਲਾਫ਼ ਟੱਕਰ ਦੇਹ। ਤੂੰ ਸ਼ੈਤਾਨ ਦੇ ਜ਼ੁਲਮ ਦਾ ਸ਼ਿਕਾਰ ਹੋਇਆ ਹੈਂ, ਇਸ ਲਈ ਸੱਚ ਨੂੰ ਪਹਿਚਾਣ।

ਗੁਰੂ ਰਵਿਦਾਸ ਜੀ ਦੀ ਜੀਵਨ ਸਾਖੀ ਵਿਚੋਂ ਤੱਥ ਮਿਲਦੇ ਹਨ ਤੇ ਪ੍ਰੋਹਿਤ (ਪੰਡਿਤ) ਬ੍ਰਾਹਮਣਵਾਦੀ ਸੋਚ ਦੇ ਲੋਕ ਗੁਰੂ ਰਵਿਦਾਸ ਜੀ ਕੋਲ ਆਏ ਅਤੇ ਧਮਕੀ ਦੇ ਕੇ ਕਹਿਣ ਲੱਗੇ ਕਿ ਜਨੇਊ ਪਹਿਨਣ ਦਾ ਅਧਿਕਾਰ ਸਿਰਫ਼ ਉੱਚੀ ਜਾਤ ਦੇ ਲੋਕਾਂ ਨੂੰ ਹੈ। ਤੂੰ ਨੀਚ ਚਮਾਰ ਜਨੇਊ ਨਹੀਂ ਪਹਿਨ ਸਕਦਾ। ਗੁਰੂ ਰਵਿਦਾਸ ਜੀ ਨੇ ਬ੍ਰਾਹਮਣਾਂ ਦਾ ਭਰਮ ਤੋੜਨ ਲਈ ਰੰਬੀ ਨਾਲ ਛਾਤੀ ਚੀਰ ਕੇ ਉਨ੍ਹਾਂ ਨੂੰ ਬੇਗਮਪੁਰਾ ਸ਼ਹਿਰ ਦੇ ਦਰਸ਼ਨ ਕਰਾ ਦਿੱਤੇ, ਜਿੱਥੇ ਸਭ ਲੋਕਾਂ ਨੇ ਇਕ ਨਹੀਂ ਸਗੋਂ ਚੌਹਾਂ ਜੁੱਗਾਂ ਦੇ ਜੰਞੂ ਪਾਏ ਹੋਏ ਸਨ। ਸਭ ਲੋਕ ਬੜੀ ਸ਼ਾਂਤੀਪੂਰਨ ਅਤੇ ਭਾਈਚਾਰਕ ਸਾਂਝ ਬਣਾ ਕੇ ਜੀਵਨ ਬਸਰ ਕਰ ਰਹੇ ਸਨ। ਇਹ ਵੇਖ ਕੇ ਘੁਮੰਡੀ ਬ੍ਰਾਹਮਣ ਦੰਗ ਰਹਿ ਗਏ। ਉਹ ਗੁਰੂ ਰਵਿਦਾਸ ਜੀ ਨਾਲ ਬਹਿਸ ਕਰਨ ਦੀ ਬਜਾਏ ਉਥੋਂ ਭੱਜ ਗਏ। ਚਿੰਤਤ ਬ੍ਰਾਹਮਣਾਂ ਨੇ ਇਕ ਮੀਟਿੰਗ ਸੱਦੀ। ਉਨ੍ਹਾਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਜੇਕਰ ਗੁਰੂ ਰਵਿਦਾਸ ਜੀ ਦਾ ਛਾਤੀ ਚੀਰ ਕੇ ਦਿਖਾਇਆ ਗਿਆ ਬੇਗਮਪੁਰਾ ਸੱਚਮੁਚ ਵੱਸ ਗਿਆ ਤਾਂ ਸਾਡੀ ਪੁੱਛਗਿੱਛ ਤੇ ਲੁੱਟ-ਖਸੁੱਟ ਬੰਦ ਹੋ ਜਾਵੇਗੀ। ਅਸੀਂ ਨਿਕੰਮੇ ਲੋਕ ਭੁੱਖੇ ਮਰ ਜਾਵਾਂਗੇ। ਇਸ ਲਈ ਬੇਗਮਪੁਰਾ ਵਸਾਉਣ ਦੀਆਂ ਹਰ ਕੋਸ਼ਿਸ਼ਾਂ ਨੂੰ ਫੇਲ੍ਹ ਕਰਨ ਦੀਆਂ ਸਾਜ਼ਿਸ਼ਾਂ ਕਰਦੇ ਰਹਿਣਾ ਹਰ ਉੱਚ ਜਾਤੀ ਬ੍ਰਾਹਮਣ ਦਾ ਪ੍ਰਮੁੱਖ ਫਰਜ਼ ਹੈ। ਇਸੇ ਕਰਕੇ ਉੱਚ ਜਾਤੀਏ ਲੋਕ ਬੇਗਮਪੁਰਾ ਸੰਕਲਪ ਦੇ ਖ਼ਿਲਾਫ਼ ਆਪਣੀਆਂ ਘਿਣਾਉਣੀਆਂ ਚਾਲਾਂ ਤੇ ਅੱਤਿਆਚਾਰਾਂ ਨੂੰ ਨਿਰੰਤਰ ਜਾਰੀ ਰੱਖਦੇ ਹਨ। ਗੁਰੂ ਰਵਿਦਾਸ ਜੀ ਦੇ ਜਨਮ ਦਿਨ 'ਤੇ ਝੰਡਾ ਚੜ੍ਹਾਉਣ ਦੀ ਰਸਮ ਪ੍ਰਚੱਲਿਤ ਹੈ। ਉਨ੍ਹਾਂ ਦੇ ਮਿਸ਼ਨ ਅਤੇ ਆਸ਼ੇ ''ਕਰ ਬੰਦਗੀ, ਛਾਡਿਆ, ਮੈਂ ਮੇਰਾ। ਹਿਰਦੇ ਨਾਮ, ਸਮਸੇਰ ਸਵੇਰਾ!!' ਦੇ ਉਲਟ ਮੈਂ ਮੇਰੀ ਕਰਦੇ ਝੰਡੇ ਦੀ ਰਸਮ ਖਿੱਚਤਾਣ ਵਿਚ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦਾ ਵਾਪਰਨਾ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਨਾ ਸਮਝਣ ਦੀ ਝਲਕ ਪੇਸ਼ ਕਰਦਾ ਹੈ। ਇੱਥੇ ਗੁਰੂ ਜੀ ਦੀ ਬਾਣੀ 'ਚ ਲਏ ਸ਼ਬਦ ਯਾਦ ਕਰਨ ਦੀ ਜ਼ਰੂਰਤ ਹੈ:-

ਜਨਮ ਨਾ ਸਿਰਾਨੋ
ਪੰਥ ਨਾ ਸਵਾਰਾ
ਸਾਂਝ ਪਹੀ
ਦਰੁ ਦਿਸੇ ਅੰਧਿਆਰਾ
ਕਹਿ ਰਵਿਦਾਸ
ਨਿਦਾਨੁ ਦੀਵਾਨੇ
ਚੇ ਤੁਸ ਨਹੀਂ
ਦੁਨੀਆ ਫਨ ਖਾਨੇ!!

ਗੁਰੂ ਰਵਿਦਾਸ ਜੀ ਦਾ ਸੰਕਲਪ ਬੇਗਮਪੁਰਾ ਵਸਾਉਣ ਦਾ ਹੈ।

ਬੇਗਮਪੁਰਾ ਸਹਰ ਕਾ ਨਾਓ
ਦੂਖ ਅੰਦੋਹਿ ਨਹੀਂ ਤੈ ਠਾਓ

ਅੱਜ ਇਸ ਸੰਕਲਪ ਨੂੰ ਖਾਸ ਕਰਕੇ ਗੁਰੂ ਰਵਿਦਾਸ ਜੀ ਦੇ ਜਨਮ ਦਿਨ ਤੇ ਵੱਖ-ਵੱਖ ਪ੍ਰਚਾਰਕਾਂ, ਬੁੱਧੀਜੀਵੀਆਂ ਤੇ ਨੇਤਾਵਾਂ ਵੱਲੋਂ ਬੜੀ ਜ਼ੋਰਦਾਰ ਆਵਾਜ਼ ਵਿਚ ਲੋਕਾਂ ਸਾਹਮਣੇ ਪ੍ਰਚਾਰਿਆ ਜਾਵੇਗਾ। ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਲਈ ਵੱਡੀ ਗਿਣਤੀ 'ਚ ਪੰਜਾਬ ਵਿਚ ਰਵਿਦਾਸੀਆ ਡੇਰਿਆਂ ਦਾ ਨਿਰਮਾਣ ਹੋਇਆ ਹੈ।

ਬੇਗਮਪੁਰਾ ਦਾ ਪ੍ਰਚਾਰ ਇਹਨਾਂ ਡੇਰਿਆਂ ਵੱਲੋਂ ਵੀ ਕੀਤਾ ਜਾਂਦਾ ਹੈ। ਬੇਗਮਪੁਰਾ ਇਕ ਸਾਂਝ ਦਾ ਪ੍ਰਤੀਕ ਹੈ। ਪ੍ਰੰਤੂ ਇਹ ਸਭ ਡੇਰੇ ਇਕ ਦੂਜੇ ਨੂੰ ਢਾਹ ਲਾਉਣ ਦੀ ਕੋਸ਼ਿਸ਼ 'ਚ ਲੱਗੇ ਰਹਿੰਦੇ ਹਨ। ਭਾਵ ਇਹਨਾਂ ਡੇਰਿਆਂ ਦਾ ਆਪਸ ਵਿਚ ਕੋਈ ਏਕਾ ਨਹੀਂ ਹੈ। ਦੂਜੀ ਵੱਡੀ ਗੱਲ ਬੇਗਮਪੁਰਾ ਸਿਰਫ਼ ਚਮਾਰ ਜਾਤ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਦੂਜੀਆਂ ਜਾਤਾਂ ਜਿਵੇਂ ਨਾਈ, ਛੀਂਬੇ, ਤਖਾਣ, ਲੁਹਾਰ, ਜੱਟ, ਲੁਬਾਣੇ, ਕੰਬੋਜ, ਰਾਜਪੂਤ, ਸੈਂਸੀ, ਬਾਜੀਗਰ, ਬਾਲਮੀਕੀਏ, ਕਬੀਰ ਪੰਥੀਏ ਇਸ ਵਿਚ ਸ਼ਾਮਲ ਨਹੀਂ ਹਨ। ਜਿਹਨਾਂ ਤੋਂ ਬਿਨਾਂ ਬੇਗਮਪੁਰਾ ਵਸਾਉਣ ਦੀ ਸੋਚ ਗੁਰੂ ਰਵਿਦਾਸ ਜੀ ਦੇ ਸੰਕਲਪਕ ਬੇਗਮਪੁਰੇ ਦੇ ਆਸ਼ੇ ਨੂੰ ਪੂਰਾ ਨਹੀਂ ਕਰਦੀ। ਬੇਗਮਪੁਰਾ ਇਕ ਚਮਾਰ ਜਾਤ ਤੱਕ ਸੀਮਤ ਰੱਖਣਾ ਤੰਗ ਸੋਚ ਦੀ ਨਿਸ਼ਾਨੀ ਹੈ। ਬੇਗਮਪੁਰਾ ਸਭ ਸੰਤਾਂ ਤੇ ਗੁਰੂਆਂ ਦੀ ਬਾਣੀ ਤੇ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿਚ ਲੈ ਕੇ ਵਸਾਇਆ ਜਾ ਸਕਦਾ ਹੈ। ਬੇਗਮਪੁਰਾ ਵਿਚ ਵੈਰ-ਵਿਰੋਧ ਦੀ ਕੋਈ ਥਾਂ ਨਹੀਂ ਹੈ।

ਇਹ ਇਕ ਕੌੜਾ ਸੱਚ ਹੈ ਕਿ ਸਿੱਖ ਧਰਮ, ਜਿਸਦਾ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਪਵਿੱਤਰ ਗ੍ਰੰਥ ਵਿਚ ਭਗਤ (ਪ੍ਰਮਾਤਮਾ ਦੀ ਭਗਤੀ ਕਰਨ ਵਾਲਾ) ਰਵਿਦਾਸ ਜੀ ਦੇ ਬੇਗਮਪੁਰੇ ਦਾ ਸੰਕਲਪ ਦਰਜ ਹੈ। ਗੁਰੂ (ਪ੍ਰਮਾਤਮਾ ਨਾਲ ਜੋੜਨ ਦਾ ਗਿਆਨ ਦੇਣ ਵਾਲਾ) ਰਵਿਦਾਸ ਜੀ ਦੇ ਬੇਗਮਪੁਰਾ ਸੰਕਲਪ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਸਿੱਖ ਧਰਮ ਦੇ ਸੰਚਾਲਕਾਂ ਦਾ ਅਹਿਮ ਫਰਜ਼ ਹੈ। ਪਰ ਸਿੱਖ ਧਰਮ ਬੇਗਮਪੁਰੇ ਦੇ ਸੰਕਲਪ ਤੋਂ ਕੋਹਾਂ ਦੂਰ ਹੈ) ਕਿਉਂਕਿ ਇਸ ਨੂੰ ਮੰਨਣ ਵਾਲੇ ਲੋਕ ਜਾਤ ਪਾਤ ਦੀ ਜਕੜ ਨੂੰ ਤੋੜ ਨਹੀਂ ਸਕੇ।

ਸਿੱਖ ਧਰਮ ਵਿਚ ਜਾਤ-ਪਾਤ ਦਾ ਸਬੂਤ ਸਿੱਖਾਂ ਵੱਲੋਂ ਜਾਤ ਦੇ ਆਧਾਰ 'ਤੇ ਬਣਾਏ ਗੁਰੂ ਘਰ ਜਿਵੇਂ ਰਵਿਦਾਸੀਆ ਸਿੱਖ ਟੈਂਪਲ (ਚਮਾਰਾਂ ਦਾ ਗੁਰੂ ਘਰ), ਰਾਮਗੜ੍ਹੀਆ ਸਿੱਖ ਗੁਰਦੁਆਰਾ (ਤਖਾਣਾਂ ਦਾ ਗੁਰੂ ਘਰ), ਭਾਪਿਆਂ ਦਾ ਗੁਰੂ ਘਰ, ਲੁਬਾਣਿਆਂ ਦਾ ਸਿੱਖ ਗੁਰੂ ਘਰ, ਜੱਟਾਂ ਦਾ ਗੁਰਦੁਆਰਾ ਆਦਿ ਹਨ। ਜਾਤ ਪਾਤ ਦੀ ਦੀਵਾਰ ਗਿਰਾਏ ਬਿਨਾਂ ਬੇਗਮਪੁਰਾ ਦਾ ਸੰਕਲਪ ਪੂਰਾ ਕਰਨਾ ਹਵਾ ਵਿਚ ਤਲਵਾਰ ਮਾਰਨ ਤੋਂ ਬਿਨਾਂ ਕੁਝ ਵੀ ਨਹੀਂ ਹੈ।

ਇਕ ਕਹਾਵਤ ਆਮ ਪ੍ਰਚੱਲਿਤ ਹੈ ਕਿ ਹਿੰਦੂ ਸਿੱਖ ਭਾਈ-ਭਾਈ। ਹਿੰਦੂ ਜੋ ਜਾਤ ਪਾਤ ਵਿਚ ਯਕੀਨ ਰੱਖਦਾ ਹੈ। ਸਮਾਜ ਨੂੰ ਆਪੋ ਵਿਚ ਪਾੜ ਕੇ ਲੁੱਟ-ਖਸੁੱਟ 'ਤੇ ਅੱਤਿਆਚਾਰ ਕਰਦਾ ਹੈ। ਸਿੱਖ ਜਾਤਪਾਤ ਦੇ ਬੂਟੇ ਨੂੰ ਪਾਣੀ ਲਾ ਕੇ ਉਸ ਨੂੰ ਵਧਣ-ਫੁੱਲਣ ਵਿਚ ਮਦਦ ਕਰਦਾ ਹੈ।

ਇਸ ਤੋਂ ਖੁਸ਼ ਹੋ ਕੇ ਹਿੰਦੂ ਬੜੇ ਹੀ ਉਦਾਰਵਾਦੀ ਤੇ ਪਿਆਰ ਭਰੇ ਅੰਦਾਜ਼ ਵਿਚ ਹਿੰਦੂ ਸਿੱਖ ਭਾਈ-ਭਾਈ ਕਹਿ ਕੇ ਸਿੱਖ ਨੂੰ ਵਡਿਆਉਂਦਾ ਹੈ। ਪਰ ਜੇਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਾਂਗ, ਜਿਸ ਦੇ ਅੰਦਰ ਸਿੱਖੀ ਦੀ ਅਸਲੀ ਆਤਮਾ ਸਮਾ ਜਾਵੇ। ਇਸ ਜਾਤ-ਪਾਤ ਰੂਪੀ ਬੂਟੇ ਨੂੰ ਪਾਣੀ ਦੇਣ ਤੋਂ ਨਾਂਹ ਕਰ ਦੇਵੇ। ਮਾਨਵਤਾ ਦੇ ਹੱਕਾਂ ਦੀ ਗੱਲ ਕਰ ਦੇਵੇ ਤਾਂ ਇਹੀ ਹਿੰਦੂ ਉਸ ਸਿੱਖ ਨੂੰ ਭਾਈ-ਭਾਈ ਕਹਿਣ ਦੀ ਬਜਾਏ ਅੱਤਵਾਦੀ, ਵੱਖਵਾਦੀ ਕਹਿ ਕੇ ਉਸ ਦਾ ਖੋਰਾ ਖੋਜ ਮਿਟਾਉਣ ਵਿਚ ਦੇਰੀ ਨਹੀਂ ਕਰਦਾ।

ਇਸ ਸੱਚ ਨੂੰ ਹਜ਼ਮ ਕਰਨਾ ਬੜਾ ਔਖਾ ਹੋਵੇਗਾ ਕਿ ਬੇਗਮਪੁਰੇ ਨੂੰ ਵਸਾਉਣ ਦੇ ਸੰਕਲਪ ਵਿਚ ਬੁੱਧ ਧੰਮ ਸਭ ਧਰਮਾਂ ਤੋਂ ਅੱਗੇ ਹੈ। ਬੁੱਧ ਧੰਮ ਵਿਚ ਜਾਤਪਾਤ, ਛੂਤਛਾਤ, ਰੰਗਭੇਦ, ਲਿੰਗਭੇਦ ਜਿਹੀ ਕੋਈ ਦੀਵਾਰ ਨਹੀਂ ਹੈ।

ਇਸ ਲੇਖ ਦੁਆਰਾ ਕਿਸੇ ਧਰਮ ਨੂੰ ਉੱਚਾ ਜਾਂ ਨੀਵਾਂ ਦਿਖਾਉਣ ਦੀ ਕੋਸ਼ਿਸ਼ ਨਹੀਂ ਹੈ ਪ੍ਰੰਤੂ ਮੂਲ ਰੂਪ ਵਿਚ ਮਾਨਵ ਦੀ ਸਮਾਜਿਕ, ਆਰਥਿਕ, ਧਾਰਮਿਕ ਅਤੇ ਮਾਨਸਿਕ ਆਜ਼ਾਦੀ ਦੀ ਆਵਾਜ਼ ਉਠਾਈ ਗਈ ਹੈ ਤਾਂ ਕਿ ਸਮੁੱਚਾ ਮਾਨਵ ਗੁਰੂ ਰਵਿਦਾਸ ਜੀ ਦੇ ਸੰਕਲਪਕ ਬੇਗਮਪੁਰੇ ਵਿਚ ਸੁੱਖ-ਸ਼ਾਂਤੀ ਅਤੇ ਭਾਈਚਾਰਕ ਸਾਂਝ ਪਾ ਕੇ ਵਡਮੁੱਲਾ ਜੀਵਨ ਜੀਅ ਸਕੇ।

ਐਸਾ ਚਾਹੂੰ ਰਾਜ ਮੈਂ, ਜਹਾਂ ਸਭਨ ਕੋ ਮਿਲੇ ਅੰਨ
ਛੋਟ ਵੱਡੇ ਸਭ ਸਮ ਵੱਸੇ, ਰਵਿਦਾਸ ਰਹੇ ਪ੍ਰਸੰਨ।

# ਤਿਕੋਨੇ ਮੁਕਾਬਲੇ ਕਾਰਨ ਇਸ ਵਾਰ ਪੰਜਾਬ ਚੋਣਾਂ ਬਾਰੇ ਸਾਰੇ ਅੰਦਾਜ਼ੇ/ਸਰਵੇਖਣ ਭਰਮ ਪਾਉਣ ਵਾਲੇ ਬਣੇ

ਸਿੰਘ ਨੂੰ ਫਿਲਹਾਲ ਫੁਰਸਤ ਹੀ ਨਹੀਂ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਆਮ ਲੋਕੀ ਇੰਨੀ ਦਿਲਚਸਪੀ ਨਹੀਂ ਦਿਖਾ ਰਹੇ, ਸਿਰਫ ਮੀਡੀਆ ਦੇ ਜ਼ਰੀਏ ਹੀ ਉਮੀਦਵਾਰਾਂ ਦੀ ਜ਼ਿਆਦਾ ਚਰਚਾ ਹੋ ਰਹੀ ਹੈ। ਦੂਜੇ ਪਾਸੇ ਚੋਣ ਮਨੋਰਥ ਪੱਤਰ ਅਤੇ ਵਾਅਦਿਆਂ ਪੱਖੋਂ ਸਾਰੀਆਂ ਪਾਰਟੀਆਂ ਦੇ ਵਾਅਦੇ ਲਿਫਾ-ਫੇਬਾਜ਼ੀ ਲੱਗ ਰਹੇ ਹਨ ਕਿਉਂਕਿ ਪੰਜਾਬ ਕੋਲ ਇੰਨੇ ਸਾਧਨ ਨਹੀਂ, ਜਿੰਨੇ ਵਾਅਦੇ ਕੀਤੇ ਜਾ ਰਹੇ ਹਨ।

**ਪੰਜਾਬ ਦੇ ਕੁਝ ਵਿਧਾਨ ਸਭਾ ਹਲਕਿਆਂ ਦੀ ਸਥਿਤੀ ਇਸ ਪ੍ਰਕਾਰ ਹੈ:**

ਹਲਕਾ **ਫ਼ਤਹਿਗੜ੍ਹ ਚੂੜੀਆਂ** ਵਿੱਚ ਇਸ ਵਾਰ ਤਿਕੋਣੇ ਮੁਕਾਬਲੇ ਦੇ ਆਸਾਰ ਹਨ। ਇਸ ਤੋਂ ਪਹਿਲਾਂ ਮੁੱਖ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸੀ ਉਮੀਦਵਾਰਾਂ ਵਿਚਾਲੇ ਹੁੰਦਾ ਰਿਹਾ ਹੈ, ਪਰ ਐਤਕੀਂ ਆਮ ਆਦਮੀ ਪਾਰਟੀ ਦਾ ਉਮੀਦਵਾਰ ਮੈਦਾਨ ਵਿੱਚ ਆਉਣ ਕਰ ਕੇ ਤਿਕੋਣਾ ਮੁਕਾ-ਬਲਾ ਹੋਣ ਦੇ ਆਸਾਰ ਹਨ। ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਉਮੀਦਵਾਰ ਹਨ। ਕਾਂਗਰਸ ਵੱਲੋਂ ਮੌਜੂਦਾ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਮੁੜ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਆਮ ਆਦਮੀ ਪਾਰਟੀ ਵੱਲੋਂ ਗੁਰਵਿੰਦਰ ਸਿੰਘ ਸ਼ਾਮਪੁਰਾ ਇਸ ਹਲਕੇ ਤੋਂ ਚੋਣ ਮੈਦਾਨ ਵਿੱਚ ਹਨ। ਫ਼ਤਹਿਗੜ੍ਹ ਚੂੜੀਆਂ ਹਲਕੇ ਵਿੱਚ ਕੁੱਲ 160034 ਵੋਟਰ ਹਨ, ਜਿਨ੍ਹਾਂ ਵਿੱਚ ਪੁਰਸ਼ ਵੋਟਰ 84144 ਵੋਟਾਂ ਅਤੇ ਮਹਿਲਾ ਵੋਟਰ 75919 ਤੇ ਇੱਕ ਕਿੰਨਰ ਵੋਟਰ ਸ਼ਾਮਲ ਹੈ।

ਹਲਕਾ **ਉੜਮੁੜ** 'ਚ ਐਤਕੀਂ ਤਿੰਨ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ 'ਆਪ' ਵਿਚਾਲੇ ਤਿਕੋਣਾ ਮੁਕਾਬਲਾ ਹੋਣ ਦੇ ਆਸਾਰ ਹਨ। ਹਲਕੇ ਵਿੱਚ ਜਿੱਥੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਨੇ ਮੁੜ ਅਰਵਿੰਦਰ ਸਿੰਘ ਰਸੂਲਪੁਰ ਨੂੰ ਉਮੀਦਵਾਰ ਬਣਾਇਆ ਹੈ, ਉੱਥੇ ਕਾਂਗਰਸ ਨੇ ਵੀ ਵਿਧਾਇਕ ਸੰਗਤ ਸਿੰਘ ਗਿਲਜੀਆਂ ਨੂੰ ਮੁੜ ਚੋਣ ਮੈਦਾਨ 'ਚ ਉਤਾਰਿਆ ਹੈ। ਪਹਿਲੀ ਵਾਰ ਪੰਜਾਬ ਵਿੱਚ ਵਿਧਾਨ ਸਭਾ ਚੋਣ ਲੜ ਰਹੀ ਆਮ ਆਦਮੀ ਪਾਰਟੀ ਨੇ ਜਸਵੀਰ ਸਿੰਘ ਰਾਜਾ ਨੂੰ ਟਿਕਟ ਦਿੱਤੀ ਹੈ। ਬਸਪਾ ਨੇ ਗੁਰਬਖ਼ਸ਼ ਸਿੰਘ ਮੁਲਤਾਨੀ ਅਤੇ ਅਕਾਲੀ ਦਲ (ਅੰਮ੍ਰਿਤਸਰ) ਨੇ ਮਾਸਟਰ ਕੁਲਦੀਪ ਸਿੰਘ ਮਸੀਤੀ, ਆਪਣਾ ਪੰਜਾਬ ਪਾਰਟੀ ਨੇ ਕਰਨਲ ਵਰਿੰਦਰ ਸ਼ਰਮਾ, ਸ਼ਿਵ ਸੈਨਾ ਹਿੰਦੁਸਤਾਨ ਨੇ ਵਿਕਾਸ ਜਸਰਾ ਅਤੇ ਡੈਮੋਕਰੇਟਿਕ ਪਾਰਟੀ ਆਫ਼ ਇੰਡੀਆ ਨੇ ਸੁਗਰੀਵ ਸਿੰਘ ਨੂੰ ਉਮੀਦਵਾਰ ਐਲਾਨਿਆ ਹੈ।

ਹਲਕਾ **ਉੜਮੁੜ** ਵਿੱਚ ਕੁੱਲ 1 69 423 ਵੋਟਰ ਹਨ, ਜਿਨ੍ਹਾਂ ਵਿੱਚ 85 388 ਪੁਰਸ਼ ਅਤੇ 84 044 ਮਹਿਲਾ ਸ਼ਾਮਲ ਹਨ। ਇੱਥੇ 1977 ਤੋਂ ਬਾਅਦ 2012 ਤੱਕ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਚਾਰ ਵਾਰ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ, ਤਿੰਨ ਵਾਰ ਕਾਂਗਰਸ ਅਤੇ ਇੱਕ ਵਾਰ ਆਜ਼ਾਦ ਉਮੀਦਵਾਰ ਨੇ ਚੋਣ ਜਿੱਤੀ ਹੈ। 2012 ਦੀਆਂ ਚੋਣਾਂ ਵਿੱਚ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਸੰਗਤ ਸਿੰਘ ਗਿਲਜੀਆਂ ਨੇ ਆਪਣੇ ਵਿਰੋਧੀ ਅਕਾਲੀ ਭਾਜਪਾ ਉਮੀਦਵਾਰ ਅਰਵਿੰਦਰ ਸਿੰਘ ਰਸੂਲਪੁਰ ਨੂੰ 5511 ਵੋਟਾਂ ਨਾਲ ਹਰਾਇਆ ਸੀ। ਵਿਧਾਇਕ ਬਣੇ ਸੰਗਤ ਸਿੰਘ ਗਿਲਜੀਆਂ ਨੂੰ 51790 ਵੋਟਾਂ ਮਿਲੀਆਂ ਸਨ। ਪਿਛਲੀਆਂ ਚੋਣਾਂ ਵਿੱਚ ਅਕਾਲੀ ਦਲ ਦੀ ਅੰਦਰੂਨੀ ਧੜੇਬੰਦੀ ਸ੍ਰੀ ਰਸੂਲਪੁਰ ਦੀ ਹਾਰ ਦਾ ਕਾਰਨ ਬਣੀ ਸੀ।

ਪਿਛਲੇ 67 ਸਾਲ ਤੋਂ ਬਦਲ ਬਦਲ ਕੇ **ਸਰਦੂਲਗੜ੍ਹ** ਦੀ ਵਿਧਾਨ ਸਭਾ ਸੀਟ 'ਤੇ ਅਕਾਲੀ ਦਲ ਅਤੇ ਕਾਂਗਰਸ ਦੇ ਉਮੀਦਵਾਰ ਜਿੱਤਦੇ ਰਹੇ ਹਨ। ਇਸ ਵਾਰ ਤੀਜੀ ਧਿਰ ਆਮ ਆਦਮੀ ਪਾਰਟੀ ਵੀ ਮੈਦਾਨ ਵਿੱਚ ਹੈ ਤੇ ਕਿਸੇ ਲਈ ਵੀ ਸਰਦੂਲਗੜ੍ਹ ਦਾ ਚੋਣ ਦੰਗਲ ਜਿੱਤਣਾ ਸੌਖ ਨਹੀਂ ਹੋਵੇਗਾ। ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ ਵੱਲੋਂ ਦਿਲਰਾਜ ਭੂੰਦੜ, ਕਾਂਗਰਸ ਵੱਲੋਂ ਅਜੀਤਇੰਦਰ ਸਿੰਘ ਮੋਫਰ ਤੇ ਆਮ ਆਦਮੀ ਪਾਰਟੀ ਵੱਲੋਂ ਸੁਖਵਿੰਦਰ ਸਿੰਘ ਭੋਲਾ ਮਾਨ ਮੈਦਾਨ ਵਿੱਚ ਹਨ। ਹਲਕੇ ਦੇ ਕੁੱਲ 165641 ਵੋਟਰ ਹਨ, ਜਿਨ੍ਹਾਂ ਵਿੱਚ 88403 ਪੁਰਸ਼, 77236 ਮਹਿਲਾ ਅਤੇ 2 ਕਿੰਨਰ ਸ਼ਾਮਲ ਹਨ। 1963 ਤੋਂ ਹੁਣ ਤੱਕ ਛੇ ਵਾਰ ਅਕਾਲੀ ਦਲ, ਪੰਜ ਵਾਰ ਕਾਂਗਰਸ ਅਤੇ ਇੱਕ ਵਾਰ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਜਿੱਤੇ ਹਨ। 1997 ਤੋਂ ਬਾਅਦ ਸਰਦੂਲਗੜ੍ਹ ਲਈ ਇਹ ਧਾਰਨਾ ਪੱਕੀ ਹੋ ਗਈ ਹੈ ਕਿ ਇੱਥੋਂ ਦੇ ਵੋਟਰ ਹਰ ਵਾਰ ਸੂਬੇ 'ਚ ਸਰਕਾਰ ਬਣਾਉਣ ਵਾਲੀ ਪਾਰਟੀ ਤੋਂ ਉਲਟ ਉਮੀਦਵਾਰ ਹੀ ਚੁਣਦੇ ਹਨ। ਦੇਖਿਆ ਜਾਵੇ ਤਾਂ 1997 ਤੋਂ ਹੁਣ ਤੱਕ ਤਿੰਨ ਵਾਰ 1997, 2007 ਅਤੇ 2012 ਵਿੱਚ ਕਾਂਗਰਸ ਦੇ ਅਜੀਤਇੰਦਰ ਸਿੰਘ ਮੋਫਰ ਅਤੇ ਇੱਕ ਵਾਰ 2002 ਵਿੱਚ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਜੇਤੂ ਹੋ ਕੇ ਵਿਰੋਧੀ ਖੇਮੇ 'ਚ ਹੀ ਪੰਜ ਸਾਲ ਪੂਰੇ ਕਰਦੇ ਰਹੇ ਹਨ।

ਵਿਧਾਨ ਸਭਾ ਹਲਕਾ **ਬਾਘਾਪੁਰਾਣਾ** 'ਚ ਤਿਕੋਣੇ ਮੁਕਾਬਲੇ ਦੇ ਆਸਾਰ ਹਨ। ਇੱਥੋਂ ਕਾਂਗਰਸੀ ਉਮੀਦਵਾਰ ਦਰਸ਼ਨ ਸਿੰਘ ਬਰਾੜ ਨਸ਼ਿਆਂ ਲਈ ਅਕਾਲੀ ਸਰਕਾਰ ਨੂੰ ਜ਼ਿੰਮੇਵਾਰ ਦੱਸ ਕੇ, ਅਕਾਲੀ ਉਮੀਦਵਾਰ ਤੀਰਥ ਸਿੰਘ ਮਾਹਲਾ ਅਕਾਲੀ ਸਰਕਾਰ ਦੇ ਵਿਕਾਸ ਕਾਰਜਾਂ ਦਾ ਜ਼ਿਕਰ ਕਰ ਕੇ ਅਤੇ 'ਆਪ' ਉਮੀਦਵਾਰ ਗੁਰਬਿੰਦਰ ਸਿੰਘ ਕੰਗ ਬੇਰੁਜ਼ਗਾਰੀ, ਮਹਿੰਗਾਈ ਤੇ ਸਰਕਾਰੀ ਦਫ਼ਤਰਾਂ ਵਿੱਚ ਭ੍ਰਿਸ਼ਟਾਚਾਰ ਦੇ ਮੁੱਦੇ ਉਠਾ ਕੇ ਵੋਟਰਾਂ ਨੂੰ ਆਪਣੇ ਹੱਕ 'ਚ ਭੁਗਤਣ ਲਈ ਅਪੀਲ ਕਰ ਰਹੇ ਹਨ। ਹਲਕੇ ਤੋਂ ਅਕਾਲੀ ਦਲ ਦਾ ਕਬਜ਼ਾ ਤੋੜਨ ਲਈ ਕਾਂਗਰਸ ਤੇ 'ਆਪ' ਉਮੀਦਵਾਰ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਨੇ। ਆਜ਼ਾਦ ਉਮੀਦਵਾਰ ਪਰਮਿੰਦਰ ਸਿੰਘ ਮੌੜ ਵੀ ਸਮਾਜ ਸੇਵਾ ਤੇ ਹੋਰ ਮੁੱਦੇ ਉਭਾਰ ਕੇ ਵਿਧਾਨ ਸਭਾ ਵਿੱਚ ਪੁੱਜਣ ਲਈ ਆਸਵੰਦ ਹਨ।

ਵਿਧਾਨ ਸਭਾ ਹਲਕਾ **ਚਮਕੌਰ ਸਾਹਿਬ** ਜਿੱਥੇ ਕਿ ਹੁਣ ਤੱਕ ਸੱਤ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਦਾ ਐਲਾਨ ਹੋ ਚੁੱਕਿਆ ਹੈ, ਤੋਂ ਇਸ ਵਾਰ ਇਲਾਕੇ ਦੇ ਸੂਝਵਾਨ ਵੋਟਰ ਤਿਕੋਣਾ ਮੁਕਾਬਲਾ ਹੋਣ ਦੀਆਂ ਕਿਆਸਰਾਈਆਂ ਲਗਾ ਰਹੇ ਹਨ। ਭਾਵੇਂ ਕਿ ਆਮ ਆਦਮੀ ਪਾਰਟੀ ਦੇ ਚੋਣਾਂ ਵਿੱਚ ਆਉਣ ਤੋਂ ਪਹਿਲਾਂ ਇੱਥੇ ਸ਼੍ਰੋਮਣੀ ਅਕਾਲੀ ਦਲ ਭਾਜਪਾ ਅਤੇ ਕਾਂਗਰਸ ਵਿਚਕਾਰ ਹੀ ਮੁਕਾਬਲਾ ਹੁੰਦਾ ਆਇਆ ਹੈ, ਜਿਸ ਵਿੱਚੋਂ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਵਿੱਚ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਨੌਜਵਾਨ ਆਗੂ ਚਰਨਜੀਤ ਸਿੰਘ ਚੰਨੀ ਵਿਧਾਇਕ ਬਣੇ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਇਲਾਕੇ ਦੇ ਵੋਟਰਾਂ ਨੇ ਦੋਵੇਂ ਹੀ ਪਾਰਟੀਆਂ ਨੂੰ ਨਕਾਰਦੇ ਹੋਏ ਇੱਥੇ ਆਮ ਆਦਮੀ ਪਾਰਟੀ ਦੇ ਆਗੂ ਹਿੰਮਤ ਸਿੰਘ ਸ਼ੇਰਗਿੱਲ ਨੂੰ ਆਪਣੀ ਵੋਟ ਦੇ ਕੇ ਦੋਨਾਂ ਹੀ ਪਾਰਟੀਆਂ ਨੂੰ ਵਖਤ ਪਾ ਦਿੱਤਾ ਸੀ। ਜਿੱਥੋਂ ਤੱਕ ਅਕਾਲੀ ਭਾਜਪਾ ਉਮੀਦਵਾਰ ਜਸਟਿਸ ਨਿਰਮਲ ਸਿੰਘ ਦੀ ਗੱਲ ਹੈ, ਉਸ ਬਾਬਤ ਪਾਰਟੀ ਦੇ ਅੰਦਰੂਨੀ ਵਿਰੋਧ ਕਾਰਨ ਅਜੇ ਤੱਕ ਚੋਣ ਪ੍ਰਚਾਰ ਦੌਰਾਨ ਅਜਿਹਾ ਮਾਹੌਲ ਦੇਖਣ ਨੂੰ ਨਹੀਂ ਮਿਲਿਆ ਜੋ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਭਾਜਪਾ ਦੇ ਉਮੀਦਵਾਰ ਇਸ ਹਲਕੇ ਤੋਂ ਕਰ ਚੁੱਕੇ ਹਨ। ਆਪਣਾ ਪੰਜਾਬ ਪਾਰਟੀ ਤੋਂ ਸ੍ਰੀਮਤੀ ਰੰਗੜਾ ਅਤੇ ਬਹੁਜਨ ਸਮਾਜ ਪਾਰਟੀ ਤੋਂ ਰਾਜਿੰਦਰ ਸਿੰਘ ਰਾਜਾ ਨਨਹੇੜੀਆਂ ਭਾਵੇਂ ਕਿ ਚੋਣ ਮੈਦਾਨ ਵਿੱਚ ਕੁੱਦ ਪਏ ਹਨ, ਪਰ ਫਿਰ ਵੀ ਮੁਢਲੀਆਂ ਪਾਰਟੀਆਂ ਦੇ ਮੁਕਾਬਲੇ ਉਹ ਪਿਛਾਂਹ ਹੀ ਰਹੇ ਹਨ।

ਭਾਰਤੀ ਫ਼ੌਜ ਦੇ ਸਾਬਕਾ ਮੁਖੀ ਤੇ ਸ਼੍ਰੋਮਣੀ ਅਕਾਲੀ ਦਲ ਦੇ **ਪਟਿਆਲਾ** ਤੋਂ ਉਮੀਦਵਾਰ ਜਨਰਲ ਜੇ.ਜੇ. ਸਿੰਘ ਨੇ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਚੋਣ ਜੰਗ ਮਜ਼ਬੂਤ ਵਿਉਂਤਬੰਦੀ ਨਾਲ ਛੇੜ ਦਿੱਤੀ ਹੈ। ਉਨ੍ਹਾਂ ਸ਼ਹਿਰ ਦੇ ਬਜ਼ਾਰਾਂ ਵਿੱਚ ਦੁਕਾਨਦਾਰਾਂ ਤੇ ਆਮ ਸ਼ਹਿਰੀਆਂ ਨਾਲ ਮਿਲਣੀ ਮੁਹਿੰਮ ਦਾ ਆਗਾਜ਼ ਅਕਾਲੀ ਦਲ ਦੇ ਵੱਡੇ ਲਾਮ ਲਸ਼ਕਰ ਨਾਲ ਕੀਤਾ। ਇਸ ਦੌਰਾਨ ਅਕਾਲੀ ਦਲ ਦੀ ਸਥਾਨਕ ਲੀਡਰਸ਼ਿਪ ਨੇ ਏਕੇ ਦੇ ਸਬੂਤ ਵਜੋਂ ਜਨਰਲ ਜੇ.ਜੇ. ਸਿੰਘ ਨਾਲ 'ਡੋਰ ਟੂ ਡੋਰ' ਦਸਤਕ ਵੀ ਦਿੱਤੀ।

ਦੱਸਣਯੋਗ ਹੈ ਕਿ ਪਟਿਆਲਾ ਸੀਟ ਲਈ ਸਮਾਂ ਕੱਢਣ ਲਈ ਕਾਂਗਰਸ ਦੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਕੋਲ ਅਜੇ ਫੁਰਸਤ ਨਹੀਂ ਦੱਸੀ ਜਾ ਰਹੀ ਪਰ ਜਨਰਲ ਜੇ.ਜੇ.ਸਿੰਘ ਵੱਲੋਂ ਆਪਣੀ ਪਤਨੀ ਅਨੁਪਮਾ ਸਿੰਘ ਸਮੇਤ ਚੋਣ ਪਿੜ 'ਚ ਪੂਰੀ ਧਾਂਕ ਨਾਲ ਆਰੰਭਤਾ ਕਰਨੀ ਵਿਰੋਧੀ ਖੇਮੇ ਲਈ ਮਾਮਲਾ ਵਿਚਾਰਨ ਵਾਲਾ ਮੰਨਿਆ ਜਾ ਰਿਹਾ ਹੈ। ਜਨਰਲ ਜੇ.ਜੇ. ਸਿੰਘ ਨੇ ਜਿਸ ਵਿਉਂਤਬੰਦੀ ਨਾਲ ਅੱਜ ਲੋਕ ਸੰਪਰਕ ਮੁਹਿੰਮ ਆਰੰਭੀ ਹੈ, ਉਸ ਤੋਂ ਅਕਾਲੀ ਹਲਕਿਆਂ 'ਚ ਕੁਝ ਸੰਤੋਸ਼ ਦੀ ਲਹਿਰ ਵੀ ਬਣੀ ਹੈ। ਇਹ ਪਹਿਲੀ ਵਾਰ ਵੇਖਣ 'ਚ ਆ ਰਿਹਾ ਹੈ ਕਿ ਜਨਰਲ ਜੇ.ਜੇ. ਸਿੰਘ ਦੀ ਚੋਣ ਮੁਹਿੰਮ 'ਚ ਸਾਰੇ ਧੜੇ ਹੀ ਖੁੱਲ੍ਹਕੇ ਹਮਾਇਤ 'ਚ ਨਾਲ ਤੁਰਨ ਲੱਗੇ ਹਨ।

ਵਿਧਾਨ ਸਭਾ ਹਲਕਾ **ਪਟਿਆਲਾ (ਦਿਹਾਤੀ)** ਵਿੱਚ ਕਾਂਗਰਸ, ਅਕਾਲੀ ਦਲ ਤੇ 'ਆਪ' ਦਰਮਿਆਨ ਤਿਕੋਣੇ ਮੁਕਾਬਲੇ ਦੇ ਆਸਾਰ ਹਨ ਤੇ ਇਸ ਹਲਕੇ ਵਿੱਚ ਐਤਕੀਂ ਦੂਜੀ ਵਾਰ ਚੋਣ ਹੋ ਰਹੀ ਹੈ। ਕਾਂਗਰਸ ਨੇ ਸੀਟਿੰਗ ਵਿਧਾਇਕ ਬ੍ਰਹਮ ਮਹਿੰਦਰਾ (70 ਸਾਲ) ਨੂੰ ਹੀ ਮੁੜ ਮੈਦਾਨ 'ਚ ਉਤਾਰਿਆ ਹੈ ਤੇ ਐਡਵੋਕੇਟ ਸਤਬੀਰ ਸਿੰਘ ਖੱਟੜਾ (35 ਸਾਲ) ਐਤਕੀਂ ਅਕਾਲੀ ਦਲ ਦੀ ਟਿਕਟ ਲੈਣ ਵਿੱਚ ਸਫ਼ਲ ਰਹੇ ਹਨ। ਆਮ ਆਦਮੀ ਪਾਰਟੀ ਤੋਂ ਕਰਨਵੀਰ ਸਿੰਘ ਟਿਵਾਣਾ (40 ਸਾਲ) ਚੋਣ ਲੜ ਰਹੇ ਹਨ। ਇਸ ਵਾਰ ਇੱਥੇ ਤਿਕੋਣਾ ਮੁਕਾਬਲਾ ਹੋਣ ਦੇ ਆਸਾਰ ਹਨ। ਸ੍ਰੀ ਮਹਿੰਦਰਾ ਨੇ ਕਾਂਗਰਸ ਦੀਆਂ ਟਿਕਟਾਂ 'ਤੇ ਨਾ ਸਿਰਫ਼ ਸੱਤ ਵਾਰ ਚੋਣ ਲੜੀ ਹੈ, ਬਲਕਿ ਤਿੰਨ ਹਲਕਿਆਂ ਤੋਂ ਪੰਜ ਵਾਰ ਵਿਧਾਇਕ ਰਹਿਣ ਸਮੇਤ ਇੱਕ ਵਾਰ ਮੰਤਰੀ ਵੀ ਰਹੇ ਹਨ।

ਵਿਧਾਨ ਸਭਾ ਹਲਕਾ **ਪਾਇਲ** (ਰਾਖਵਾਂ) ਤੋਂ ਅਕਾਲੀ-ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ), ਬਸਪਾ, ਆਪਣਾ ਪੰਜਾਬ ਤੋਂ ਇਲਾਵਾ ਆਜ਼ਾਦ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਹਨ, ਪਰ ਹਾਲ ਦੀ ਘੜੀ ਆਮ ਆਦਮੀ ਪਾਰਟੀ ਸਾਰੀਆਂ ਹੋਰਨਾਂ ਰਾਜਸੀ ਧਿਰਾਂ 'ਤੇ ਹਾਵੀ ਜਾਪ ਰਹੀ ਹੈ।

# ਪੰਜਾਬੀ ਕਹਾਣੀ ਵਿਚ ਮੁੱਦਾਮੁਖੀ ਗਲਪੀ ਵਾਰਤਕ ਵੱਲ ਵਧਣ ਦਾ ਰੁਝਾਨ



**ਬਲਦੇਵ ਸਿੰਘ ਧਾਲੀਵਾਲ**
91-94175-63054

ਇਸ ਗੱਲ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਕਿ ਹਰੇਕ ਸਾਹਿਤਕ ਕਿਰਤ ਕਿਸੇ ਮੁੱਦਾ-ਵਿਸ਼ੇਸ਼ ਦੀ ਬੁਨਿਆਦ ਉਤੇ ਉਸਾਰੀ ਗਈ ਹੁੰਦੀ ਹੈ। ਇਸੇ ਤਰ੍ਹਾਂ ਕੋਈ ਵੀ ਰਚਨਾ ਆਪਣੇ ਸਮੇਂ-ਸਥਾਨ ਦੇ ਵਿਚਾਰਧਾਰਕ ਸਰੋਕਾਰਾਂ ਤੋਂ ਮੁਕਤ ਨਹੀਂ ਹੋ ਸਕਦੀ। ਪਰ ਇਨ੍ਹਾਂ ਦੋਵਾਂ ਗੱਲਾਂ ਉਤੇ ਲੋੜੋਂ ਵੱਧ ਬਲ ਦੇ ਕੇ ਕਈ ਵਾਰ ਇਹ ਧਾਰਨਾ ਵੀ ਉਭਾਰੀ ਜਾਂਦੀ ਰਹੀ ਹੈ ਕਿ ਕ੍ਰਾਂਤੀ ਲਈ ਸਾਹਿਤ ਨੂੰ ਇਕ ਹਥਿਆਰ ਵਾਂਗ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਸਾਹਿਤ, ਵਿਸ਼ੇਸ਼ ਕਰਕੇ ਗਲਪ, ਦੀ ਅਜਿਹੇ ਮੰਤਵਾਂ ਲਈ ਵਰਤੋਂ ਦੀ ਧਾਰਨਾ ਆਪਣੇ ਅੰਤਿਮ ਅਰਥਾਂ ਵਿਚ ਸਾਹਿਤ ਦੀ ਸਾਹਿਤਕਤਾ ਨੂੰ ਠੇਸ ਪਹੁੰਚਾਉਣ ਵਾਲਾ ਕਾਰਜ ਹੋ ਨਿਬੜਦੀ ਹੈ। ਅਜਿਹਾ ਵਾਪਰਨ ਨਾਲ ਸਾਹਿਤ ਵੀ ਕਲਾ-ਰੂਪ ਹੋਣ ਦੀ ਥਾਂ ਸਮਾਜ ਵਿਗਿਆਨ ਜਿਹਾ ਕੋਈ ਗਿਆਨਾਤਮਕ ਅਨੁਸ਼ਾਸ਼ਨ ਬਣਨ ਦੀ ਪ੍ਰਕਿਰਿਆ ਵਿਚ ਪੈ ਜਾਂਦਾ ਹੈ ਅਤੇ ਪਾਠਕ ਦੀ ਸੰਵੇਦਨਾ ਨੂੰ ਟੁੰਬ ਸਕਣ ਦੀ ਊਰਜਾ ਤੋਂ ਵਾਂਝਾ ਹੋਣ ਲਗਦਾ ਹੈ। ਇਸ ਵਰ੍ਹੇ ਦੀ ਪੰਜਾਬੀ ਕਹਾਣੀ ਪੜ੍ਹਦਿਆਂ ਮੈਨੂੰ ਜਾਪਦਾ ਰਿਹਾ ਕਿ ਇਹ ਰੁਝਾਣ ਇਥੇ, ਵਿਸ਼ੇਸ਼ ਕਰਕੇ ਦਲਿਤ ਕਹਾਣੀ ਵਿਚ, ਵੀ ਨਜ਼ਰ ਆਉਣ ਲੱਗ ਪਿਆ ਹੈ।

ਆਪਣੀ ਧਾਰਨਾ ਦੀ ਪੁਸ਼ਟੀ ਲਈ ਇਕ ਕਹਾਣੀ ਦੀ ਮਿਸਾਲ ਨਾਲ ਗੱਲ ਸ਼ੁਰੂ ਕਰਦਾ ਹਾਂ। ਚੌਥੇ ਪੜਾਅ ਦੇ ਸਥਾਪਤ ਕਹਾਣੀਕਾਰ ਭਗਵੰਤ ਰਸੂਲਪੁਰੀ ਦੀ ਕਹਾਣੀ 'ਧੂੜ' (ਹੁਣ, ਸਤੰਬਰ-ਦਸੰਬਰ) ਪੰਜਾਬ ਵਿਚ ਦਲਿਤ ਸਮਾਜ ("ਚਮਾੜਲੀ") ਦੀ ਹਾਸ਼ੀਆਕ੍ਰਿਤ ਹੋਂਦ ਦੇ ਮੁੱਦੇ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ। ਕਹਾਣੀ ਦਾ ਮੁੱਖ ਪਾਤਰ ਮੇਲੂ ਆਪਣੇ ਪਰਿਵਾਰ ਨੂੰ ਪਾਲਣ ਲਈ ਆਲੇ-ਦੁਆਲੇ ਦੇ ਮਰੇ ਪਸ਼ੂਆਂ ਨੂੰ ਚੁੱਕਣ ਦੀ ਵਗਾਰ ਕਰਦਾ ਹੈ। ਉਸਦੇ ਇਸ ਧੰਦੇ ਨੂੰ ਉਸ ਵਕਤ ਸੰਕਟ ਵਿਆਪਦਾ ਹੈ ਜਦੋਂ ਪਿੰਡ ਦੇ ਮੁਹਤਬਰ, ਸਰਪੰਚ ਪਵਿੱਤਰ ਸਿੰਘ ਸੰਧੂ ਨਾਲ ਰਾਜਸੀ ਕਸ਼ਮਕਸ਼ ਤੋਂ ਬਾਅਦ ਹੱਡਾਰੋੜੀ ਨੂੰ ਠੇਕੇ ਉਤੇ ਦੇਣ ਦਾ ਮਤਾ ਪਾਸ ਕਰ ਦਿੱਤਾ ਜਾਂਦਾ ਹੈ। ਸਿੱਟੇ ਵਜੋਂ ਇਸ ਆਰਥਕ ਸੱਟ ਨਾਲ ਮੇਲੂ ਦਾ ਪਰਿਵਾਰ ਗੁਰਬਤ ਦੀ ਧੂੜ ਵਿਚ ਗੁਆਚਣ ਲਗਦਾ ਹੈ। ਜਾਤੀ-ਜਮਾਤੀ ਸਮਾਜ ਦੀਆਂ ਸਮੂਹ ਫੇਟਾ ਝੱਲਣ ਦੇ ਬਾਵਜੂਦ ਭਾਵੇਂ ਮੇਲੂ ਆਪਣੀ ਮਾਨਵੀਅਤਾ ਅਤੇ ਜੁਝਾਰੂ ਚੇਤਨਾ ਬਚਾਈ ਰੱਖਣ ਦੇ ਉਪਰਾਲੇ ਕਰਦਾ ਹੈ ਪਰ ਉਸਦੀ ਮੁਕਤੀ ਦਾ ਸੁਪਨਾ ਨੇੜ ਭਵਿੱਖ ਵਿਚ ਪੂਰਾ ਹੁੰਦਾ ਨਜ਼ਰ ਨਹੀਂ ਆਉਂਦਾ। ਬਿਨਾਂ ਸ਼ੱਕ ਮੁੱਦਾ ਵੀ ਬਹੁਤ ਅਹਿਮ ਹੈ ਅਤੇ ਉਸ ਸਬੰਧੀ ਜਾਣਕਾਰੀ ਭਰਪੂਰ ਵੇਰਵਿਆਂ ਦੀ ਵੀ ਕਹਾਣੀ ਵਿਚ ਕਮੀ ਨਹੀਂ ਪਰ ਕਹਾਣੀ ਵਿਚੋਂ 'ਕਹਾਣੀ' ਗਾਇਬ ਹੈ। ਮੁੱਦੇ ਨੂੰ ਢੁਕਵੇਂ ਗਲਪ-ਬਿੰਬ ਰਾਹੀਂ ਉਭਾਰਿਆ ਗਿਆ ਹੁੰਦਾ ਤਾਂ ਮੇਲੂ ਦਾ ਦਲਿਤ ਅਤੇ ਸ਼ੋਸ਼ਿਤ ਹੋਣ ਦਾ ਦਰਦ ਹੋਰ ਸ਼ਿੱਦਤ ਨਾਲ ਪਾਠਕ ਦੀ ਸੰਵੇਦਨਾ ਦਾ ਅੰਗ ਬਣ ਸਕਦਾ ਸੀ। ਕਹਾਣੀ ਸਕ੍ਰਿਪਟ ਦੀ ਵਿਧੀ ਨਾਲ ਲਿਖੀ ਗਈ ਹੈ। ਨਿਰਦੇਸ਼ਕ ਰਾਜੀਵ ਸ਼ਰਮਾ ਨੇ ਇਸ ਕਹਾਣੀ ਉਤੇ ਅਧਾਰਿਤ 'ਚੰਮ' ਨਾਂ ਦੀ ਫ਼ਿਲਮ ਵੀ ਬਣਾਈ ਹੈ। ਸ਼ਾਇਦ ਬਾਅਦ ਵਿਚ ਕਹਾਣੀਕਾਰ ਨੇ ਸਕ੍ਰਿਪਟ ਨੂੰ ਹੀ ਰਤਾ ਕੁ ਹੋਰ ਗਲਪੀ ਛੋਹਾਂ ਦੇ ਕੇ ਕਹਾਣੀ ਦੇ ਰੂਪ ਵਿਚ ਛਾਪ ਦਿੱਤਾ ਹੋਵੇ। ਇਸ ਨਾਲ ਕਹਾਣੀ ਵਿਚ ਵਾਰਤਕੀ ਤੱਤਾਂ ਦਾ ਦਖ਼ਲ ਵਧ ਜਾਂਦਾ ਹੈ ਅਤੇ ਕਹਾਣੀ ਗਲਪੀ ਵਾਰਤਕ ਬਨਣ ਦੇ ਰਾਹ ਪੈ ਜਾਂਦੀ ਹੈ।

ਬਹੁਤ ਹੀ ਸਮਰੱਥ ਕਹਾਣੀਕਾਰ ਜਸਵੀਰ ਰਾਣਾ ਦੀ ਕਹਾਣੀ 'ਮਜ਼ਾਕ ਦੀ ਹੱਦ ਨਹੀਂ ਹੁੰਦੀ' (ਕਹਾਣੀ ਧਾਰਾ, ਜਨਵਰੀ-ਮਾਰਚ) ਇਕ ਅਹਿਮ ਮੁੱਦੇ ਯਾਨੀ ਬੌਣੇ ਵਿਅਕਤੀਆਂ ਪ੍ਰਤੀ ਸਾਡੇ ਸਮਾਜ ਦੇ ਨਜ਼ਰੀਏ ਨੂੰ ਆਪਣਾ ਕਥਾ-ਵਸਤੂ ਬਣਾਉਂਦੀ ਹੈ। ਕਥਾ-1, ਕਥਾ-2 ਅਤੇ ਕਥਾ-3 ਦੇ ਰੂਪ ਵਿਚ ਇਹ ਕਹਾਣੀ ਇਕ ਪਾਸੇ ਕੁਦਰਤੀ ਤੌਰ ਤੇ ਬੌਣੇ-ਬੌਣੀਆਂ ਅਤੇ ਦੂਜੇ ਪਾਸੇ ਆਪਣੇ ਕਾਰਜ-ਵਿਹਾਰ ਕਰਕੇ ਬੌਣੇ ਵਿਅਕਤੀਆਂ ਦਾ ਬਿਰਤਾਂਤ ਪੇਸ਼ ਕਰਦੀ ਹੈ। ਰਾਣਾ ਬਿਰਤਾਂਤਕਾਰੀ ਦੇ ਹੁਨਰ ਦਾ ਮਾਹਿਰ ਹੈ ਪਰ ਕਹਾਣੀ ਵਿਚ ਮੁੱਦਾ ਇੰਨਾ ਭਾਰੂ ਹੋ ਜਾਂਦਾ ਹੈ ਕਿ ਪਾਤਰ ਆਪਣੇ ਕਾਰਜ-ਵਿਹਾਰ ਵਿਚ ਸੁਤੰਤਰ ਨਹੀਂ ਰਹਿਣ ਦਿੱਤੇ ਜਾਂਦੇ। ਇਸਦੇ ਉਲਟ ਪਾਤਰ, ਲੇਖਕ ਦੀ ਮਨ-ਇਛਿਤ ਦਿਸ਼ਾ ਅਨੁਸਾਰ ਚੱਲਣ ਲਗਦੇ ਹਨ। ਇਸੇ ਕਰਕੇ ਪਾਤਰ ਆਪਣੀ ਨਿੱਜੀ ਪਛਾਣ ਅਨੁਕੂਲ ਵਿਚਰਨ ਦੀ ਥਾਂ ਚਿੰਤਨ ਦੀ ਭਾਸ਼ਾ 'ਚ ਪ੍ਰਤੀਕਰਮ ਦੇਣ ਲਗਦੇ ਹਨ। ਕਹਾਣੀ ਵਿਚ ਬੌਣਿਆਂ ਦੀ ਸਥਿਤੀ ਬਾਰੇ ਵਾਕਫ਼ੀ ਤਾਂ ਭਰਪੂਰ ਮਾਤਰਾ 'ਚ ਹੈ ਪਰ ਉਨ੍ਹਾਂ ਦੇ ਅੰਦਰਲਾ ਸੰਸਾਰ ਪ੍ਰਮਾਣਿਕ ਗਲਪ ਬਿੰਬ ਰਾਹੀਂ ਪੇਸ਼ ਹੁੰਦਾ ਤਾਂ ਕਹਾਣੀ ਵਧੇਰੇ ਸ਼ਕਤੀਸ਼ਾਲੀ ਹੋ ਸਕਦੀ ਸੀ। ਕਹਾਣੀ ਦੇ ਤਿੰਨੇ ਭਾਗਾਂ ਵਿਚੋਂ ਲੰਘਦੀ ਸਾਂਝੀ ਕਥਾ-ਤੰਦ ਵੀ ਕੁਝ ਕਮਜ਼ੋਰ ਰਹਿ ਜਾਂਦੀ ਹੈ।

ਇਸ ਤਰ੍ਹਾਂ ਦੀ ਵਰਨਣਮੁਖੀ ਬਿਰਤਾਂਤਕਾਰੀ ਵਾਲੀਆਂ ਪੰਜਾਬੀ ਕਹਾਣੀਆਂ ਦੀ ਇਸ ਵਰ੍ਹੇ ਕਾਫੀ ਵੱਡੀ ਗਿਣਤੀ ਵੇਖਣ ਨੂੰ ਮਿਲੀ ਹੈ। ਅਜਿਹੀਆਂ ਕਹਾਣੀਆਂ ਦੇ ਰੁਝਾਣ ਵਿਚ ਸਾਡੇ ਨਾਮਵਰ ਕਹਾਣੀਕਾਰ ਵੀ ਸ਼ਾਮਿਲ ਹਨ, ਜਿਵੇਂ ਕਿਰਪਾਲ ਕਜ਼ਾਕ (ਬੁੱਤ-ਤਰਾਸ਼, ਸ਼ਬਦ, ਜਨਵਰੀ-ਮਾਰਚ), ਗੁਰਮੀਤ ਕੜਿਆਲਵੀ (ਤੂੰ ਜਾਹ ਡੈਡੀ, ਹੁਣ, ਮਈ-ਅਗਸਤ), ਅਜਮੇਰ ਸਿੱਧੂ (ਦਾ ਲੈਨਿਨਜ਼ ਫਰੌਮ ਦਾ ਕਲੋਨ ਵੈਲੀ, ਹੁਣ, ਜੁਲਾਈ-ਦਸੰਬਰ), ਹਰਭਜਨ ਸਿੰਘ (ਕ੍ਰਾਂਤੀ ਗੀਤ, ਦਿਸਹੱਦਿਆਂ ਦੇ ਆਰ-ਪਾਰ) ਆਦਿ। ਅਜਿਹੇ ਵਾਰਤਕੀ ਲੱਛਣ ਉਨ੍ਹਾਂ ਕਹਾਣੀਆਂ ਵਿਚ ਵਧੇਰੇ ਹਨ ਜਿਨ੍ਹਾਂ ਵਿਚ ਉਤਮ-ਪੁਰਖੀ ਬਿਰਤਾਂਤਕਾਰ ਇਕ ਪਾਤਰ-ਵਿਸ਼ੇਸ਼ ਦੀ ਭੂਮਿਕਾ ਵਿਚ ਨਾ ਆ ਕੇ, ਸਰਬਗਿਆਤਾ ਬਿਰਤਾਂਤਕਾਰ ਵਾਂਗ ਉੱਚੀ ਸੁਰ ਵਿਚ ਸੂਚਨਾ ਦਾ ਵਿਸਫੋਟ ਕਰਨ ਦੀ ਭੂਮਿਕਾ ਨਿਭਾਹੁਣ ਲੱਗ ਜਾਂਦਾ ਹੈ।

ਵਰਨਣਮੁਖੀ ਬਿਰਤਾਂਤਕਾਰੀ ਦੇ ਨਾਂਹ-ਪੱਖੀ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਮੁਕਤ ਪੰਜਾਬੀ ਕਹਾਣੀ ਦੀ ਤਲਾਸ਼ ਤਾਂ ਭਾਵੇਂ ਕਾਫੀ ਔਖਾ ਕੰਮ ਹੈ ਪਰ ਫਿਰ ਵੀ ਕੁਝ ਕਹਾਣੀਆਂ ਅਜਿਹੀਆਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਵਿਚ ਮੁੱਦਾ, ਕਲਾਤਮਕ ਗਲਪ ਬਿੰਬ ਉਤੇ ਭਾਰੂ ਨਹੀਂ ਪਿਆ। ਮੇਰੀ ਜਾਚੇ ਅਜਿਹੀਆਂ ਕਹਾਣੀਆਂ ਇਸ ਸਾਲ ਦਾ ਹਾਸਿਲ ਮੰਨੀਆਂ ਜਾ ਸਕਦੀਆਂ ਹਨ ਅਤੇ ਪੰਜਾਬੀ ਕਹਾਣੀ ਲਈ ਇਹ ਸਹੀ ਦਿਸ਼ਾ ਹੋ ਸਕਦੀ ਹੈ।

ਹਰਪ੍ਰੀਤ ਸੇਖਾ ਦੀ ਕਹਾਣੀ 'ਪੰਜਾਬੀ ਸੂਟ' (ਸਿਰਜਣਾ, ਅਪ੍ਰੈਲ-ਜੂਨ) ਗੌਰਵਮਈ ਪੰਜਾਬੀ ਅਵਚੇਤਨ ਦੇ ਇਕ ਲੁਕਵੇਂ ਪਾਸਾਰ ਬਾਰੇ ਲਿਖੀ ਗਈ ਸ਼ਕਤੀਸ਼ਾਲੀ ਕਹਾਣੀ ਹੈ। ਇਸ ਦੀ ਉਤਮ-ਪੁਰਖੀ ਬਿਰਤਾਂਤਕਾਰ ਔਰਤ ਕਨੇਡਾ ਵਾਸੀ ਪੰਜਾਬਣ ਹੈ ਜੋ ਮਜ਼ਬੂਰੀਵੱਸ ਵੇਸਵਾਗਿਰੀ ਦੇ ਧੰਦੇ ਵਿਚ ਹੈ। ਆਪਣੇ ਭਾਈਚਾਰੇ ਦੇ ਅਣਮਨੁੱਖੀ ਵਿਵਹਾਰ ਤੋਂ ਤੰਗ ਆ ਕੇ ਉਹ ਆਪਣੇ ਇਸ਼ਤਿਹਾਰ ਵਿਚ "ਨੋ ਇੰਡੋ-ਕਨੇਡੀਅਨ ਮੈਨ ਪਲੀਜ਼" ਲਿਖਵਾ ਦਿੰਦੀ ਹੈ। ਇਕ ਦਿਨ ਉਸ ਨੂੰ ਅਜਿਹੇ ਸਨਕੀ ਗੋਰੇ ਗਾਹਕ ਕੋਲ ਜਾਣਾ ਪੈਂਦਾ ਹੈ ਜਿਸ ਦੀ ਧੀ ਨਾਲ ਭਾਰਤੀ ਮੂਲ ਦੇ ਅਪਰਾਧੀਆਂ ਦੁਆਰਾ ਬਲਾਤਕਾਰ ਕੀਤਾ ਗਿਆ ਹੁੰਦਾ ਹੈ। ਇਸ ਦਾ ਬਦਲਾ ਲੈਣ ਲਈ ਉਹ ਗੋਰਾ ਸੈਕਸ ਵਰਕਰ ਨੂੰ ਬੁਲਾ ਕੇ ਉਸਦੇ ਪੰਜਾਬੀ ਸੂਟ ਪੁਆਉਂਦਾ ਅਤੇ ਫਿਰ ਆਪਣੇ ਹੱਥੀਂ ਉਤਾਰ ਕੇ ਆਪਣੀ ਹਿੰਸਕ ਚਾਹਤ ਨੂੰ ਸੰਤੁਸ਼ਟ ਕਰਦਾ ਹੈ। ਪਰ ਪੰਜਾਬਣ ਵੇਸਵਾ ਪੰਜਾਬੀ ਸੂਟ ਪਾਉਣ-ਲਾਹੁਣ ਦੀ ਕਿਰਿਆ ਤੋਂ ਮੁਨਕਰ ਹੋ ਜਾਂਦੀ ਹੈ। ਕਹਾਣੀ 'ਵਿਰਕ ਟੱਚ' ਵਾਲੀ ਜੁਗਤ ਨਾਲ ਇਉਂ ਪਲਟੇ ਨਾਲ ਖਤਮ ਹੁੰਦੀ ਹੈ, "ਅਗਲੇ ਦਿਨ ਮੈਂ ਆਪਣੇ ਇਸ਼ਤਿਹਾਰ ਵਿਚੋਂ ਉਹ ਲਾਈਨ ਕੱਟ ਦਿੱਤੀ।" ਕਹਾਣੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਮੈਂ-ਮੂਲਕ ਬਿਰਤਾਂਤਕਾਰ ਦੀ ਚਰਿਤਰ-ਉਸਾਰੀ ਉਸਦੇ ਪਾਤਰ-ਵਿਸ਼ੇਸ਼ (ਵੇਸਵਾ) ਅਨੁਸਾਰ ਹੋਈ ਹੈ। ਕਹਾਣੀ ਵਿਚ ਪਰਵਾਸੀ ਨਾਰੀ ਅਨੁਭਵ ਦਾ ਨਿਵੇਕਲਾ ਪਾਸਾਰ ਸਿਰਜਿਆ ਗਿਆ ਹੈ।

ਸੁਰਿੰਦਰ ਸੋਹਲ ਦੀ ਕਹਾਣੀ 'ਸੂਰਜ ਵੱਲ ਵੇਖਦਾ ਆਦਮੀ' (ਪੁਸਤਕ, ਦਿਸਹੱਦਿਆਂ ਦੇ ਆਰ-ਪਾਰ, 'ਚ ਦਰਜ) ਇਕ ਸਾਕਾਰਾਤਮਕ ਸੋਚ ਵਾਲੇ ਪਰਵਾਸੀ ਪੰਜਾਬੀ ਪ੍ਰਕਾਸ਼ ਦੇ ਕਾਰਜ-ਵਿਹਾਰ ਰਾਹੀਂ ਮਾਅਨੇਖੇਜ਼ ਜੀਵਣ ਸੰਘਰਸ਼ ਦਾ ਬਿਰਤਾਂਤ ਸਿਰਜਦੀ ਹੈ। ਖੁਦਕੁਸ਼ੀ ਦੇ ਫੈਸਲੇ ਨੂੰ ਬਦਲ ਕੇ ਜ਼ਿੰਦਗੀ ਦਾ ਪੱਲਾ ਫੜ੍ਹਨ ਵਾਲਾ ਪ੍ਰਕਾਸ਼ ਪਰਵਾਸੀ ਪੰਜਾਬੀ ਬੰਦੇ ਦੀਆਂ ਹਾਰਾਂ-ਜਿੱਤਾਂ ਅਤੇ ਨਿਰੰਤਰ ਜੱਦੋ-ਜਹਿਦ ਦਾ ਜੀਵੰਤ ਪ੍ਰਤੀਕ ਬਣ ਕੇ ਉਭਰਦਾ ਹੈ। ਟੈਕਸੀ ਡਰਾਈਵਰ ਪ੍ਰਕਾਸ਼ ਦਾ ਜੀਵਣ-ਫ਼ਲਸਫ਼ਾ ਹੈ, "ਜ਼ਿੰਦਗੀ ਵੀ ਤਾਂ ਗੱਡੀ ਵਾਂਗ ਈ ਐ, ਮਾੜੇ ਪਾਸੇ ਨਿਗਾਹ ਕਰ ਲਓ ਬੰਦਾ ਨਿਵਾਣ ਵੱਲ ਚਲਾ ਜਾਂਦੈ, ਹਨ੍ਹੇਰੇ ਵਿਚ ਚਲਿਆ ਜਾਂਦੈ, ਚੰਗੇ ਪਾਸੇ ਨਿਗਾਹ ਕਰ ਲਓ ਤਾਂ ਰੌਸ਼ਨੀ ਵੱਲ।" ਇਸ ਕਹਾਣੀ ਦੀ ਖ਼ੂਬੀ ਇਹ ਹੈ ਕਿ ਗਲਪੀ ਵਿਵੇਕ ਸਿੱਧੇ ਕਥਨਾਂ ਦੀ ਥਾਂ ਪ੍ਰਕਾਸ਼ ਦੇ ਜੀਵਣ-ਵਿਹਾਰ ਰਾਹੀਂ ਰਮਜ਼ ਬਣ ਕੇ ਉਭਰਦਾ ਹੈ।

ਦੀਪ ਦੇਵਿੰਦਰ ਸਿੰਘ ਦੀ ਕਹਾਣੀ 'ਤ੍ਰਿਕਾਲ ਸੰਧਿਆ' (ਹੁਣ, ਮਈ-ਅਗਸਤ) ਉਤਮ-ਪੁਰਖੀ ਬਿਰਤਾਂਤਕਾਰ ਰਾਹੀਂ ਇਕ ਅਧਖੜ ਉਮਰ ਦੇ ਬੰਦੇ ਦੀ ਜਿਨਸੀ ਅਤ੍ਰਿਪਤੀ ਅਤੇ ਪਰੰਪਰਿਕ ਨੈਤਿਕ ਮੁੱਲਾਂ ਦੇ ਤਣਾਅ ਨਾਲ ਪੈਦਾ ਹੋਈ ਸੰਕਟ ਸਥਿਤੀ ਦਾ ਬਿਰਤਾਂਤ ਪੇਸ਼ ਕਰਦੀ ਹੈ। ਬਿਰਤਾਂਤਕਾਰ ਦੀ ਪਤਨੀ ਦੀ ਮੌਤ ਹੋ ਜਾਂਦੀ ਹੈ ਜਿਸ ਉਪਰੰਤ ਉਹ ਮਾਨਸਿਕ ਅਤੇ ਸਰੀਰਕ ਤੌਰ ਤੇ ਵਿਗੋਚੇ ਦਾ ਅਹਿਸਾਸ ਹੰਢਾਉਂਦਾ ਹੈ। ਆਪਣੇ ਇਸ ਖਲਾਅ ਨੂੰ ਭਰਨ ਵਾਸਤੇ ਉਹ ਇਕ ਹਮਉਮਰ ਔਰਤ ਨਾਲ ਸਾਂਝ ਬਣਾ ਲੈਂਦਾ ਹੈ ਅਤੇ ਸਮਾਜਿਕ ਪ੍ਰਵਾਨਗੀ ਰਾਹੀਂ ਉਸਨੂੰ ਘਰ ਵਸਾਉਣ ਦਾ ਇਛੁੱਕ ਹੈ, ਪਰ ਉਸਦਾ ਜਵਾਨ ਮੁੰਡਾ ਅਤੇ ਮੁਟਿਆਰ ਧੀ ਵਿਰੋਧ ਵਿਚ ਆ ਖੜ੍ਹਦੇ ਹਨ। ਕਹਾਣੀ ਦੇ ਅੰਤ ਉਤੇ ਬਿਰਤਾਂਤਕਾਰ ਦੀ ਸੱਸ ਆਪਣੀ ਸਹਿਜ ਸਿਆਣਪ ਰਾਹੀਂ ਸੰਕਟ ਦਾ ਨਿਵਾਰਨ ਕਰਦਿਆਂ ਬਿਰਤਾਂਤਕਾਰ ਦੀ ਇੱਛਾ-ਪੂਰਤੀ ਦਾ ਰਾਹ ਖੋਲ੍ਹ ਦਿੰਦੀ ਹੈ। ਇਸ ਕਹਾਣੀ ਦੀ ਵਿਸ਼ੇਸ਼ਤਾ ਇਕ ਪਾਸੇ ਪਰਿਵਾਰਕ ਰਿਸ਼ਤਿਆਂ ਦੀ ਵਿਆਕਰਨ ਸਮਝਣ ਵਿਚ ਹੈ ਅਤੇ ਦੂਜੇ ਪਾਸੇ ਮਾਝੀ ਰੰਗਣ ਵਾਲੀ ਅਜਿਹੀ ਸੱਜਰੀ, ਪ੍ਰਮਾਣਿਕ ਅਤੇ ਮੜਕਵੀਂ ਗਲਪੀ ਭਾਸ਼ਾ ਦੀ ਵਰਤੋਂ ਵਿਚ ਹੈ ਜੋ ਪਾਤਰਾਂ ਦੇ ਜਜ਼ਬਿਆਂ ਨੂੰ ਭਲੀ-ਭਾਂਤ ਸਮੂਰਤ ਕਰਦੀ ਜਾਂਦੀ ਹੈ।

ਪਰਗਟ ਸਤੌਜ ਦੀ ਕਹਾਣੀ 'ਲਵ ਸਟੋਰੀ 'ਚ ਗਰੀਬੀ ਦਾ ਮਸਲਾ' (ਕਹਾਣੀ ਧਾਰਾ, ਅਪ੍ਰੈਲ-ਜੂਨ) ਉਤਮ-ਪੁਰਖੀ ਬਿਰਤਾਂਤਕਾਰ ਦੇ ਰੂਪ ਵਿਚ ਬਲਵੰਤ ਦੇ ਗੁਰਬਤ ਦੀ ਭੇਟ ਚੜ੍ਹੇ ਪਿਆਰ ਦੇ ਸੁਪਨੇ ਦੀ ਕਹਾਣੀ ਹੈ। ਬਲਵੰਤ "ਦਿਹਾੜੀ ਕਰਨ ਵਾਲਾ ਸੁਨਿਆਰਾਂ" ਦਾ ਮੁੰਡਾ ਹੈ। ਸਥਿਤੀਆਂ ਵੱਸ ਪੜ੍ਹਾਈ ਅਧਵਾਟੇ ਛੱਡਣੀ ਪੈਂਦੀ ਹੈ। ਆਪਣੀ ਮਿਹਨਤ ਨਾਲ ਕਮਾਈ ਕਰਕੇ ਵਿਧਵਾ ਮਾਂ ਦਾ ਆਸਰਾ ਬਣਨਾ ਚਾਹੁੰਦਾ ਹੈ ਪਰ ਕੈਂਸਰ ਦੀ ਬਿਮਾਰੀ ਜ਼ਿੰਦਗੀ ਦੇ ਸਭ ਰਾਹ ਬੰਦ ਕਰ ਦਿੰਦੀ ਹੈ। ਅੱਲ੍ਹੜ ਉਮਰੇ ਬਲਵੰਤ ਨੇ ਜਿਸਨੂੰ ਚਾਹਿਆ ਸੀ ਉਹ ਕਿਧਰੇ ਹੋਰ ਵਿਆਹੀ ਜਾਂਦੀ ਹੈ ਪਰ ਉਹ ਬੱਚਿਆਂ ਦੀ ਮਾਂ ਬਣ ਕੇ ਵੀ ਦਿਲ ਦੇ ਕਿਸੇ ਕੋਨੇ ਵਿਚ ਅਜੇ ਬਲਵੰਤ ਲਈ ਰੀਣ-ਮਾਤਰ ਪਿਆਰ ਸਾਂਭੀ ਬੈਠੀ ਹੈ, ਜਿਸਦਾ ਪ੍ਰਗਟਾਵਾ ਉਹ ਬਿਮਾਰ ਬਲਵੰਤ ਦੇ ਮੱਥੇ ਉਤੇ ਹੱਥ ਰੱਖ ਕੇ, ਉਸ ਦੀ ਪੀੜ ਹਰ ਕੇ, ਕਰਦੀ ਹੈ। ਸਤੌਜ ਕੋਲ ਮਾਲਵੇ ਦੇ ਪੇਂਡੂ ਜਨ-ਜੀਵਣ ਦਾ ਪ੍ਰਮਾਣਿਕ ਅਨੁਭਵ ਹੈ ਜਿਸ ਦੇ ਕਾਰਣ ਉਹ ਪਾਤਰਾਂ ਨੂੰ ਅਸਲੋਂ ਜੀਵੰਤ ਨੁਹਾਰ ਨਾਲ ਚਿਤਰਦਾ ਹੈ। ਸਾਦ-ਮੁਰਾਦੇ ਪੇਂਡੂ ਮੁੰਡੇ-ਕੁੜੀ ਦੇ ਪਿਆਰ ਦੀ ਮਾਸੂਮੀਅਤ ਅਤੇ ਉਸ ਨਾਲ ਵਰ ਮੇਚਦੀ ਤਰਲ ਅਤੇ ਸਾਂਸਕ੍ਰਿਤਕ ਰੰਗਣ ਵਾਲੀ ਗਲਪੀ ਭਾਸ਼ਾ ਪਾਠਕ ਨੂੰ ਧੁਰ ਅੰਦਰ ਤੱਕ ਟੁੰਬਣ ਵਾਲੀ ਹੈ।

ਬਲਦੇਵ ਸਿੰਘ ਢੀਂਡਸਾ ਦੀ ਕਹਾਣੀ 'ਸੰਸਕ੍ਰਿਤੀ' (ਹੁਣ, ਮਈ-ਅਗਸਤ) ਵਿਚ ਉਤਮ-ਪੁਰਖੀ ਬਿਰਤਾਂਤਕਾਰ ਆਪਣੇ ਦੋਸਤ 'ਖੰਡੇਧਾਰ' ਦੇ ਜੀਵਣ-ਵੇਰਵਿਆਂ ਦੇ ਹਵਾਲੇ ਨਾਲ ਇਹ ਤੱਥ ਉਭਾਰਦਾ ਹੈ ਕਿ ਸੰਸਕ੍ਰਿਤੀ ਜੜ੍ਹ ਹੋ ਚੁੱਕੇ ਚਿੰਨ੍ਹਾਂ ਨਾਲ ਨਹੀਂ ਸੰਭਾਲੀ ਜਾ ਸਕਦੀ ਬਲਕਿ ਸੁਚੱਜੇ ਸੰਸਕਾਰਾਂ ਨਾਲ ਲਬਰੇਜ਼ ਵਿਹਾਰ ਰਾਹੀਂ ਵਿਕਸਤ ਹੁੰਦੀ ਹੈ। ਪੱਛਮ ਦੇ ਖੁੱਲ੍ਹੇ-ਡੁੱਲ੍ਹੇ ਵਿਚਾਰਾਂ ਵਾਲੇ ਸਮਾਜ ਵਿਚ ਰਹਿਣ ਦੇ ਬਾਵਜੂਦ 'ਖੰਡੇਧਾਰ' ਇਸ ਗੱਲ ਨਾਲ ਡੂੰਘੇ ਤਣਾਅ ਵਿਚ ਗ੍ਰਸਤ ਹੋ ਜਾਂਦਾ ਹੈ ਕਿ ਉਸਦੀ ਧੀ ਰੁਪਾਲੀ ਦੇ ਪਿਆਰ-ਸਬੰਧ ਹਨ। ਰੁਪਾਲੀ ਜਦੋਂ ਆਪਣੇ ਵਿਹਾਰਕ ਤਜ਼ਰਬਿਆਂ ਦੇ ਹਵਾਲੇ ਨਾਲ ਥਾ-ਕਥਿਤ ਪੰਜਾਬੀ/ਸਿੱਖ ਸੰਸਕ੍ਰਿਤੀ ਦੇ ਖੋਖਲੇ ਪੱਖਾਂ ਉਤੇ ਝਾਤ ਪੁਆਉਂਦੀ ਹੈ ਤਾਂ 'ਖੰਡੇਧਾਰ' ਸੰਸਕ੍ਰਿਤੀ ਦੇ ਸਹੀ ਅਰਥਾਂ ਨੂੰ ਮਹਿਸੂਸ ਕਰ ਲੈਂਦਾ ਹੈ। ਭਾਵੇਂ ਢੀਂਡਸਾ ਇਸ ਕਹਾਣੀ ਵਿਚ ਪਰਵਾਸੀ ਵਸਤੂ-ਯਥਾਰਥ ਦੇ ਅਨੁਕੂਲ ਭਾਸ਼ਾਈ ਮੁਹਾਵਰੇ ਨੂੰ ਸਿਰਜ ਸਕਣ ਤੋਂ ਕੁਝ ਅਸਫਲ ਰਿਹਾ ਹੈ ਪਰ ਯਥਾਰਥਕ ਚਰਿਤਰ-ਉਸਾਰੀ ਅਤੇ ਘਟਨਾ-ਰਹੱਸ ਰਾਹੀਂ ਕਥਾ-ਰਸ ਪੈਦਾ ਕਰਨ ਵਿਚ ਉਸਨੇ ਹਮੇਸ਼ਾਂ ਵਾਂਗ ਕਲਾਤਮਕ ਮਿਆਰਾਂ ਨੂੰ ਪਹਿਲ ਦਿੱਤੀ ਹੈ।

ਗੁਰਮੀਤ ਪਨਾਗ ਦੀ ਕਹਾਣੀ 'ਮੁਰਗਾਬੀਆਂ' (ਦਿਸਹੱਦਿਆਂ ਦੇ ਆਰ-ਪਾਰ) (ਕਹਾਣੀ ਧਾਰਾ, ਅਪ੍ਰੈਲ-ਜੂਨ) ਉਤਮ-ਪੁਰਖੀ ਬਿਰਤਾਂਤਕਾਰ ਦੀ ਵਿਧੀ ਰਾਹੀਂ ਕਨੇਡਾ ਦੇ ਆਦਿ ਵਾਸੀ (ਨੇਟਿਵ) ਲੋਕਾਂ ਦੀ ਹਾਸ਼ੀਆਗਤ ਜ਼ਿੰਦਗੀ ਦਾ ਬਿਰਤਾਂਤ ਪੇਸ਼ ਕਰਦੀ ਹੈ। ਬਿਰਤਾਂਤਕਾਰ ਆਪਣੀ ਦੋਸਤ ਨਾਲ ਮਿਲਨੀ ਦੇ ਸਬੱਬ ਨਾਲ ਉਸ 'ਰਿਜ਼ਰਵ' ਖਿੱਤੇ ਦੇ ਅੰਦਰ ਦੀ ਝਲਕ ਪੇਸ਼ ਕਰਦੀ ਹੈ ਜਿਸ ਵਿਚ ਗੋਰੇ ਸ਼ਾਸਕਾਂ ਨੇ ਆਦਿ ਵਾਸੀਆਂ ਨੂੰ ਸੁੰਗੇੜ ਦਿੱਤਾ ਹੈ। ਧੌਂਸਵਾਦੀ ਅੰਗਰੇਜ਼ੀਕਰਨ ਦੀ ਪ੍ਰਕਿਰਿਆ ਸਾਹਵੇਂ ਆਦਿ ਵਾਸੀਆਂ ਦੇ ਸਭਿਆਚਾਰ ਅਤੇ ਭਾਸ਼ਾ ਦੀ ਹੋਂਦ ਬਹੁਤ ਤੇਜ਼ੀ ਨਾਲ ਖੁਰਦੀ ਜਾ ਰਹੀ ਹੈ ਪਰ ਕਥਾ-ਵੇਰਵਿਆਂ ਅਨੁਸਾਰ ਉਨ੍ਹਾਂ ਨੇ ਆਪਣੀ ਨਿਵੇਕਲੀ ਪਛਾਣ ਦੀ ਸਲਾਮਤੀ ਲਈ ਆਪਣਾ ਸੰਘਰਸ਼ ਅਜੇ ਛੱਡਿਆ ਨਹੀਂ। ਮੁੱਦਾ ਅਧਾਰਿਤ ਹੋਣ ਕਰਕੇ ਭਾਵੇਂ ਤੱਥਮੂਲਕ ਵੇਰਵਿਆਂ ਦੀ ਵੱਧ ਤੋਂ ਵੱਧ ਭਰਤੀ ਦਾ ਲਾਲਚ ਪੂਰੀ ਤਰ੍ਹਾਂ ਤਿਆਗਿਆ ਨਹੀਂ ਜਾ ਸਕਿਆ ਪਰ ਆਦਿ ਵਾਸੀਆਂ ਦੀ ਜੀਵਣ-ਸ਼ੈਲੀ ਦੇ ਜੀਵੰਤ ਵੇਰਵੇ ਅਤੇ ਲੋਕਧਾਰਾਈ ਚਿੰਨ੍ਹਾਂ ਦੀ ਪ੍ਰਕਾਰਜੀ ਵਰਤੋਂ ਕਹਾਣੀ ਨੂੰ ਅਰਥਵਾਨ ਅਤੇ ਕਲਾਤਮਕ ਬਣਾਉਂਦੀ ਹੈ।


ਅਤਰਜੀਤ ਦੀ ਕਹਾਣੀ 'ਸੇਜ ਸੁਖਾਲੀ ਕਾਮਨਿ' (ਕੁੰਭ, ਮਈ-ਅਗਸਤ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਸਿੱਖੀ ਦੀ ਦਿੱਖ ਅਤੇ ਤੱਤ ਦੇ ਤਣਾਅ ਵਿਚੋਂ ਉਸਾਰੀ ਗਈ ਹੈ। ਕਹਾਣੀ ਦੀ ਮੁੱਖ ਪਾਤਰ ਜਸਵੰਤ ਕੌਰ ਅੰਮ੍ਰਿਤਧਾਰੀ ਪਰਿਵਾਰ ਵਿਚ ਜੰਮੀ-ਪਲੀ ਹੈ ਅਤੇ ਉਸਦਾ ਵਿਆਹ ਵੀ ਪੂਰਨ ਗੁਰਸਿੱਖ ਅਤੇ ਸਰਦੇ-ਪੁਜਦੇ ਘਰ ਦੇ ਲੜਕੇ ਅਵਤਾਰ ਸਿੰਘ ਨਾਲ ਹੁੰਦਾ ਹੈ। ਗੁਪਤ ਰੋਗ ਨਾਲ ਪੀੜਿਤ ਹੋਣ ਕਰਕੇ ਅਵਤਾਰ ਸਿੰਘ ਦੀ ਸਰੀਰਕ ਹਾਲਤ ਕੋਹੜੀਆਂ ਵਰਗੀ ਹੋ ਚੁੱਕੀ ਹੈ। ਅੰਤ ਉਤੇ ਜਸਵੰਤ ਕੌਰ ਪਰਿਵਾਰ ਦੇ ਸਾਰੇ ਵਿਰੋਧਾਂ ਦੇ ਬਾਵਜੂਦ ਆਪਣੀ ਧੀ ਲਈ ਉਹ ਵਰ ਚੁਣਦੀ ਹੈ ਜਿਹੜਾ ਭਾਵੇਂ ਨੀਵੀਂ ਜਾਤੀ ਦਾ ਹੈ ਪਰ ਕਿੱਤੇ ਵਜੋਂ ਓਵਰਸੀਅਰ ਅਤੇ ਸਿਹਤ ਪੱਖੋਂ ਤੰਦਰੁਸਤ ਹੋਣ ਕਰਕੇ ਕਿਸੇ ਮੁਟਿਆਰ ਦੀ ਪਹਿਲੀ ਪਸੰਦ ਹੋ ਸਕਦਾ ਹੈ। ਇਸ ਪ੍ਰਕਾਰ ਜਸਵੰਤ ਕੌਰ ਉਮਰ ਭਰ ਸਿੱਖ ਰੀਤ ਦੀ ਥਾਂ ਸਿੱਖੀ ਦੇ ਤੱਤ ਅਨੁਸਾਰ ਜਿਉਣ ਦੀ ਦਲੇਰੀ ਵਿਖਾਉਂਦੀ ਹੈ। ਕਹਾਣੀ ਦੀ ਕਲਾਤਮਕਤਾ ਵਿਸ਼ੇ ਅਨੁਕੂਲ ਗੁਰਮਤਿ ਦੇ ਚਿੰਨ੍ਹਾਂ-ਮੋਟਿਫ਼ਾਂ ਰਾਹੀਂ ਅਰਥ ਸਿਰਜਣਾ ਕਰਨ ਦੀ ਕੁਸ਼ਲਤਾ ਵਿਚੋਂ ਪੈਦਾ ਹੋਈ ਹੈ।


ਪਾਕਿਸਤਾਨੀ ਪੰਜਾਬੀ ਕਹਾਣੀਕਾਰ ਮਕਸੂਦ ਸਾਕਿਬ ਦੀ ਕਹਾਣੀ 'ਲੂਹ' ਉਤਮ-ਪੁਰਖੀ ਬਿਰਤਾਂਤਕਾਰ ਰਾਹੀਂ ਮਨੁੱਖ ਦੇ ਪਸ਼ੂਕਰਨ ਦੀ ਕਰੂਰ ਸਮੱਸਿਆ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਚ ਤਿੰਨ ਧਿਰਾਂ ਹਨ, ਅਦਿੱਖ ਸਥਾਪਤੀ, ਮੱਧਵਰਗੀ ਬਿਰਤਾਂਤਕਾਰ ਅਤੇ ਇਕ ਪਸ਼ੂਕ੍ਰਿਤ ਕਿਰਤੀ ਮਨੁੱਖ। ਇਕ ਅੱਧ ਦਿਨ ਲਈ ਪੇਕੀਂ ਗਈ ਬੀਵੀ ਦੇ ਪਿੱਛੋਂ ਤਿਆਰ ਹੋ ਕੇ ਦਫ਼ਤਰ ਜਾਣਾ ਹੀ ਮੱਧਵਰਗੀ ਬਿਰਤਾਂਤਕਾਰ ਨੂੰ ਬਹੁਤ ਵੱਡਾ ਕਸ਼ਟ ਦਾਇਕ ਕੰਮ ਜਾਪਦਾ ਹੈ। ਪਰ ਦਫ਼ਤਰ ਜਾਂਦਿਆਂ ਰਾਹ ਵਿਚ ਉਹ ਇਕ ਅਜਿਹੇ ਮਨੁੱਖ ਨੂੰ ਵੇਖਦਾ ਹੈ ਜਿਹੜਾ ਸੰਢੇ ਦੀ ਥਾਂ ਬੋਰੀਆਂ ਦੀ ਭਰੀ ਰੇਹੜੀ ਖਿੱਚ ਰਿਹਾ ਹੈ। ਉਸਦਾ ਪਸ਼ੂਕ੍ਰਿਤ ਵਿਕਰਤ ਹੁਲੀਆ ਵੇਖ ਕੇ ਤਾਂ ਬਿਰਤਾਂਤਕਾਰ ਦਾ ਜੀਵਣ ਪ੍ਰਤੀ ਨਜ਼ਰੀਆ ਹੀ ਬਦਲ ਜਾਂਦਾ ਹੈ। ਇਹ ਸੋਚਦਿਆਂ ਕਿ ਅਜਿਹੀ ਵਿਵਸਥਾ ਨੂੰ ਪੱਕਿਆਂ ਕਰਨ ਵਿਚ ਉਸ ਵਰਗੇ ਅਫ਼ਸਰ ਲੋਕਾਂ ਦਾ ਵੀ ਕੁਝ ਹੱਥ ਹੈ, ਉਹ ਸਵੈਗਿਲਾਨੀ ਅਤੇ ਅਕਰੋਸ਼ ਨਾਲ ਭਰ ਜਾਂਦਾ ਹੈ। ਉਸ ਦੇ "ਸਾਹਾਂ ਵਿਚ ਪੰਘਰੇ ਹੋਏ ਲੋਹੇ ਦੀ ਲੂਹ ਵਧ" ਜਾਂਦੀ ਹੈ। ਕਹਾਣੀ ਦੀ ਸੰਕੇਤਕ ਬਿਰਤਾਂਤ ਦੀ ਕਥਾ-ਵਿਧੀ ਅਤੇ ਪ੍ਰਤੀਕੀਕਰਨ ਦੀ ਕਥਾ-ਜੁਗਤ ਕਹਾਣੀ ਨੂੰ ਕਲਾਤਮਕ ਤੇ ਮੁੱਲਵਾਨ ਬਣਾਉਂਦੀ ਹੈ।

ਕੁਲਵੰਤ ਗਿੱਲ ਦੀ ਕਹਾਣੀ 'ਮੇਰੀ ਬੁੱਕਲ ਦੇ ਵਿਚ ਚੋਰ' (ਹੁਣ, ਮਈ-ਅਗਸਤ) ਉਤਮ-ਪੁਰਖੀ ਬਿਰਤਾਂਤਕਾਰ ਰਾਹੀਂ ਅਜੋਕੇ ਉਸ ਥਿੜਕੇ ਵਿਅਕਤੀ ਦਾ ਬਿਰਤਾਂਤ ਸਿਰਜਦੀ ਹੈ ਜਿਹੜਾ ਜ਼ਿੰਦਗੀ ਦਾ ਨਿਰਮਾਤਾ ਹੋਣ ਦੀ ਨਾਇਕਤਵੀ ਭੂਮਿਕਾ ਤੋਂ ਹੇਠਾਂ ਵੱਲ ਖਿਸਕਦਾ ਹੋਇਆ ਨਿਸਕ੍ਰਿਆ ਹੋ ਕੇ ਮੁਕਤੀ ਪ੍ਰਾਪਤ ਕਰਨ ਦੀ ਫੈਂਟਸੀ ਵਿਚ ਜਿਉਂ ਰਿਹਾ ਹੈ। ਬਿਰਤਾਂਤਕਾਰ ਦਾ ਦੋਸਤ ਦੇਵਮਨੀ ਕਦੇ ਕ੍ਰਾਂਤੀਕਾਰੀ ਸਰੋਕਾਰਾਂ ਵਾਲਾ ਨਾਟਕਰਮੀ ਸੀ ਪਰ ਹੌਲੀ ਹੌਲੀ ਇਕ ਸਾਧਵੀ ਮਾਂ ਕ੍ਰਾਂਤੀ ਦੇ ਸੂਡੋ ਕੁਦਰਤਵਾਦ ਦਾ ਪੈਰੋਕਾਰ ਬਣਕੇ ਅਚੇਤ ਹੀ ਮੌਤ-ਨੁਮਾ ਮੁਕਤੀ ਦੀ ਚਾਹਤ ਕਰਨ ਲੱਗ ਪੈਂਦਾ ਹੈ। ਇਸ ਕਹਾਣੀ ਦਾ ਭਾਵੇਂ ਕਥਾ-ਅੰਸ਼ ਵੀ ਮੱਧਮ ਹੈ ਅਤੇ ਸ਼ੈਲੀ ਵਿਚ ਅਮੂਰਤਤਾ ਦਾ ਦਖ਼ਲ ਵੀ ਹੈ ਪਰ ਇਸ ਦੀ ਦਾਰਸ਼ਨਿਕ ਡੂੰਘਾਈ ਨਾਲ ਮਨੁੱਖੀ ਵਿਹਾਰ ਨੂੰ ਸਮਝਣ ਦੀ ਰੁਚੀ ਅਤੇ ਕਾਵਿਕ ਗਲਪੀ ਭਾਸ਼ਾ ਦਾ ਢੁਕਵਾਂ ਪ੍ਰਯੋਗ ਕਹਾਣੀ ਨੂੰ ਵਿਸ਼ੇਸ਼ ਬਣਾਉਂਦੇ ਹਨ।

ਮਾਲਵਾ ਖੇਤਰ ਦੇ ਵਾਸੀ ਭੁਪਿੰਦਰ ਫੌਜੀ ਦੀ ਕਹਾਣੀ 'ਕਿਸ ਮੋੜ ਤੇ' (ਸਾਹਿਤਕ ਏਕਮ, ਜਨਵਰੀ-ਮਾਰਚ) ਹਿੰਸਾ ਦੇ ਅਜੋਕੇ ਸਮਿਆਂ ਵਿਚ ਗੁੰਮ-ਗੁਆਚ ਗਏ ਪਿਆਰ ਦੇ ਅਹਿਸਾਸ ਦਾ ਬਿਰਤਾਂਤ ਪੇਸ਼ ਕਰਦੀ ਹੈ। ਇਸ ਦਾ ਉਤਮ-ਪੁਰਖੀ ਬਿਰਤਾਂਤਕਾਰ ਪੰਜਾਬੀ ਮੂਲ ਦਾ ਫੌਜੀ ਹੈ ਜੋ ਕਸ਼ਮੀਰ ਦੇ ਅਤੀ ਗੜਬੜ ਵਾਲੇ ਇਲਾਕੇ ਵਿਚ ਡਿਊਟੀ ਉਤੇ ਹੈ। ਉਸ ਦੀ ਯੂਨਿਟ ਨੇ ਇਕ ਸਕੂਲ ਦੀ ਅੱਧੋਂ ਵੱਧ ਇਮਾਰਤ ਉਤੇ ਕਬਜ਼ਾ ਕਰ ਰੱਖਿਆ ਹੈ। ਸਕੂਲ ਦੀ ਇਕਲੌਤੀ ਮੁਟਿਆਰ ਅਧਿਆਪਕਾ ਸੁਨੀਤਾ ਰਾਣੀ, ਜੋ ਹਿੰਦੂ ਪਰਿਵਾਰ 'ਚੋਂ ਹੈ, ਨਾਲ ਫੌਜੀ ਬਿਰਤਾਂਤਕਾਰ ਨੂੰ ਇਕਪਾਸੜ ਜਿਹਾ ਪਿਆਰ ਹੋ ਜਾਂਦਾ ਹੈ। ਇਕ ਰਾਤ ਅੱਤਵਾਦੀ ਸੁਨੀਤਾ ਦੇ ਪਰਿਵਾਰ ਦੀ ਲੁੱਟ-ਮਾਰ ਕਰਦੇ ਹਨ ਅਤੇ ਸੁਨੀਤਾ ਨੂੰ ਚੁੱਕ ਕੇ ਲੈ ਜਾਂਦੇ ਹਨ। ਫੌਜ ਦੀ ਟੁਕੜੀ, ਜਿਨ੍ਹਾਂ ਵਿਚ ਬਿਰਤਾਂਤਕਾਰ ਵੀ ਹੈ, ਅੱਤਵਾਦੀਆਂ ਨੂੰ ਘੇਰ ਕੇ ਮੁਕਾਬਲੇ ਵਿਚ ਮਾਰ ਦਿੰਦੇ ਹਨ ਪਰ ਉਨ੍ਹਾਂ ਦੇ ਕਬਜ਼ੇ ਵਿਚੋਂ ਮਿਲੀ ਸਹਿਕਦੀ ਸੁਨੀਤਾ ਦੀ ਏਨੀ ਖੇਹ-ਖਰਾਬੀ ਹੋ ਚੁੱਕੀ ਹੈ ਕਿ ਉਸ ਨੂੰ ਗੋਲੀ ਮਾਰ ਦੇਣਾ ਹੀ ਭਲੇ ਦਾ ਕੰਮ ਜਾਪਦਾ ਹੈ। ਬਿਰਤਾਂਤਕਾਰ ਲਈ ਇਹ ਡਿਊਟੀ ਭਾਵੇਂ ਬਹੁਤ ਔਖੀ ਹੈ ਪਰ ਸੁਨੀਤਾ ਦੀਆਂ ਨਜ਼ਰਾਂ 'ਚੋਂ ਆਖਰੀ ਪਿਆਰ-ਸੁਨੇਹਾ ਪੜ੍ਹਦਿਆਂ ਉਹ ਭਰੇ ਮਨ ਨਾਲ ਉਸਦੀ 'ਮੁਕਤੀ' ਕਰ ਦਿੰਦਾ ਹੈ। ਲਕੀਰੀ ਬਿਰਤਾਂਤ ਵਾਲੀ ਇਸ ਸਰਲ ਜਿਹੀ ਪਿਆਰ ਕਹਾਣੀ ਦੀ ਕਲਾਤਮਕਤਾ ਇਸਦੀ ਪ੍ਰਮਾਣਿਕ ਭੂ-ਦ੍ਰਿਸ਼ ਸਿਰਜਣਾ ਅਤੇ ਔਰਤ-ਮਰਦ ਸਬੰਧਾਂ ਦੇ ਨਿਵੇਕਲੇ ਅਵਚੇਤਨੀ ਪਾਸਾਰ ਪੇਸ਼ ਕਰਨ ਵਿਚ ਹੈ। ਇਸ ਕਹਾਣੀ ਨੂੰ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ ਇਸ ਤਰਜ਼ ਦੇ ਭੂ-ਦ੍ਰਿਸ਼ਾਂ ਅਤੇ ਅਨੁਭਵ ਪਾਸਾਰਾਂ ਦੀ ਪੇਸ਼ਕਾਰੀ ਰਾਹੀਂ ਆਪਣੀ ਵਿਲੱਖਣ ਹਸਤੀ ਦਾ ਬੋਧ ਕਰਵਾ ਸਕਦੀ ਹੈ।

ਮੇਰੀ ਚੋਣ ਦੀਆਂ ਉਪਰੋਕਤ ਪ੍ਰਮੁੱਖ ਕਹਾਣੀਆਂ ਦੇ ਨਾਲ ਨਾਲ ਕੁਝ ਹੋਰ ਦਰਮਿਆਨੇ ਦਰਜੇ ਦੀਆਂ ਪੜ੍ਹਨਯੋਗ ਕਹਾਣੀਆਂ ਵੀ ਹਨ, ਜਿਵੇਂ ਕੋਕੋ ਦਾ ਜਨਮ (ਪ੍ਰੇਮ ਮਾਨ, ਸਿਰਜਣਾ, ਅਪ੍ਰੈਲ-ਜੂਨ), ਮੈਂ ਮਾਂ... (ਅਜਮੇਰ ਸਿੱਧੂ, ਸਿਰਜਣਾ, ਜੁਲਾਈ-ਸਤੰਬਰ), ਮੀ-ਲਾਰਡ (ਬਲਦੇਵ ਸਿੰਘ ਢੀਂਡਸਾ, ਸਿਰਜਣਾ, ਜੁਲਾਈ-ਸਤੰਬਰ), ਵਿਦਿਆ ਵਿਚਾਰੀ ਤਾਂ... (ਗੁਰਪ੍ਰੀਤ, ਸਿਰਜਣਾ, ਅਕਤੂਬਰ-ਦਸੰਬਰ), ਕਪਾਹ ਦੀਆਂ ਢੇਰੀਆਂ (ਪਰਵੇਜ਼ ਸੰਧੂ, ਕਹਾਣੀ ਧਾਰਾ, ਜਨਵਰੀ-ਮਾਰਚ), ਕਾਲੀ ਕਥਾ (ਸਿਮਰਨ ਧਾਲੀਵਾਲ, ਹੁਣ, ਮਈ-










**(ਬਾਕੀ ਅਗਲੇ ਸਫੇ ਤੇ)**

# ਪੰਜਾਬੀ ਕਹਾਣੀ ਵਿਚ ਮੁੱਦਾਮੁਖੀ ਗਲਪੀ ਵਾਰਤਕ ਵੱਲ ਵਧਣ ਦਾ ਰੁਝਾਨ

ਅਗਸਤ), ਮਨੀ ਗੇਮ (ਬਲਬੀਰ ਸੰਘੇੜਾ, ਕਹਾਣੀ ਧਾਰਾ, ਜੁਲਾਈ-ਸਤੰਬਰ), ਵੇਲਾ ਕੁਵੇਲਾ (ਦੀਪ ਦੇਵਿੰਦਰ ਸਿੰਘ, ਚਿਰਾਗ, ਜਨਵਰੀ-ਮਾਰਚ), ਜ਼ਿੰਦਗੀ (ਅਤਰਜੀਤ, ਪ੍ਰਵਚਨ, ਅਪ੍ਰੈਲ-ਜੂਨ), ਮਨਕਾ (ਰਣਜੀਤ ਰਾਹੀ, ਕੁੰਭ, ਮਈ-ਅਗਸਤ), ਜੋਗੀ (ਜਿੰਦਰ, ਹੁਣ, ਮਈ-ਅਗਸਤ), ਕੋਲਾਜ (ਸਰਵਣ ਮਿਨਹਾਸ, ਹੁਣ, ਸਤੰਬਰ-ਦਸੰਬਰ), ਬਸੰਤ ਰੁੱਤ (ਨਿਰਮਲ ਜਸਵਾਲ, ਹੁਣ, ਸਤੰਬਰ-ਦਸੰਬਰ), ਚਿੰਤੀ ਚੁੱਪ ਕਿਉਂ ਹੋ ਗਈ (ਆਰ.ਐਸ. ਰਾਜਨ, ਸਾਹਿਤਕ ਏਕਮ, ਜਨਵਰੀ-ਮਾਰਚ), ਨਾੜਾਂ ਵਿਚ ਜੰਮਿਆਂ ਖ਼ੂਨ (ਜਸਪਾਲ ਮਾਨਖੇੜਾ, ਆਬਰੂ, ਅਕਤੂਬਰ-ਦਸੰਬਰ) ਆਦਿ, ਪਰ ਪਰਚੇ ਦੀਆਂ ਸੀਮਾਵਾਂ ਕਰਕੇ ਇਨ੍ਹਾਂ ਦੀ ਵਿਸਥਾਰਪੂਰਬਕ ਚਰਚਾ ਕਰਨ ਤੋਂ ਗੁਰੇਜ਼ ਕੀਤਾ ਹੈ।

ਇਸ ਸਾਲ ਦੀ ਸਮੁੱਚੀ ਪੰਜਾਬੀ ਕਹਾਣੀ ਨੂੰ ਪੜ੍ਹਦਿਆਂ ਮੇਰੇ ਜੋ ਉਭਰਵੇਂ ਪ੍ਰਭਾਵ ਬਣੇ ਹਨ ਉਹ ਇਸ ਪ੍ਰਕਾਰ ਹਨ: ਢਾਹਾਂ ਪੁਰਸਕਾਰ ਬਾਰੇ ਇਸ ਵਰ੍ਹੇ ਵੀ ਚੁੰਜ-ਚਰਚਾ ਛਿੜੀ ਰਹੀ। ਇਸਦੀ ਮੋਟੀ ਰਾਸ਼ੀ ਨੇ ਪੰਜਾਬੀ ਗਲਪਕਾਰਾਂ ਦੀ ਭਾਕ ਨੂੰ ਉਤੇਜਿਤ ਕਰ ਦਿੱਤਾ ਹੈ। ਇਕ-ਦੋ ਪ੍ਰਮੁੱਖ ਵਿਅਕਤੀਆਂ ਉਤੇ ਅਧਾਰਿਤ ਇਸਦੀ 'ਗੁਪਤ' ਚੋਣ-ਪ੍ਰਕਿਰਿਆ ਬਾਰੇ ਸ਼ੰਕੇ ਪਹਿਲਾਂ ਵਾਂਗ ਹੀ ਇਸ ਵਰ੍ਹੇ ਵੀ ਉਠਦੇ ਰਹੇ। ਜਰਨੈਲ ਸਿੰਘ ਦੇ ਕਹਾਣੀ-ਸੰਗ੍ਰਹਿ 'ਕਾਲੇ ਵਰਕੇ' ਦੀ ਚੋਣ ਨੂੰ ਤਾਂ ਸਭ ਨੇ ਨਿਰਵਿਵਾਦ ਹੋ ਕੇ ਪ੍ਰਵਾਨ ਕੀਤਾ ਪਰ ਸਿਮਰਨ ਧਾਲੀਵਾਲ ਦੇ ਕਹਾਣੀ ਸੰਗ੍ਰਹਿ 'ਉਸ ਪਲ' ਦੀ ਮੌਲਿਕਤਾ, ਕਲਾਤਮਕ ਮਿਆਰ ਅਤੇ ਚੋਣ ਬਾਰੇ ਸੋਸ਼ਲ ਮੀਡੀਆ ਉਤੇ ਲੰਮੀ ਨਾਂਹ-ਪੱਖੀ ਬਹਿਸ ਛਿੜੀ ਰਹੀ।

ਇਸ ਸਾਲ ਪਰਵਾਸੀ ਪੰਜਾਬੀ ਕਹਾਣੀ, ਵਿਸ਼ੇਸ਼ ਕਰਕੇ ਉਤਰੀ ਅਮਰੀਕਾ ਦੀ, ਦਾ ਯੋਗਦਾਨ ਮੁੱਖ ਧਾਰਾ ਦੀ ਪੰਜਾਬੀ ਕਹਾਣੀ ਨਾਲੋਂ ਵੀ ਦੋ ਰੱਤੀਆਂ ਵੱਧ ਹੀ ਰਿਹਾ। ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਦੁਆਰਾ ਸੰਪਾਦਿਤ ਕਹਾਣੀ ਸੰਗ੍ਰਹਿ 'ਦਿਸਹੱਦਿਆਂ ਦੇ ਆਰ-ਪਾਰ' (ਅਣਪ੍ਰਕਾਸ਼ਿਤ ਕਹਾਣੀਆਂ ਦਾ ਸੰਗ੍ਰਹਿ) ਇਕ ਵੱਡੇ ਪ੍ਰਾਜੈਕਟ ਵਾਂਗ ਕੀਤਾ ਗਿਆ ਮੁੱਲਵਾਨ ਕਾਰਜ ਹੈ। ਇਸੇ ਤਰ੍ਹਾਂ ਗਹਿਰ-ਗੰਭੀਰ ਕਹਾਣੀਕਾਰ ਮਿੰਨੀ ਗਰੇਵਾਲ ਦਾ ਪੰਜਵਾਂ ਕਹਾਣੀ-ਸੰਗ੍ਰਹਿ 'ਕੱਚ ਦੀਆਂ ਕੰਧਾਂ' ਵੀ ਪਰਵਾਸੀ ਪੰਜਾਬੀ ਕਹਾਣੀ ਵਿਚ ਗੁਣਾਤਮਕ ਵਾਧਾ ਕਰਨ ਵਾਲਾ ਹੈ। ਮੇਜਰ ਮਾਂਗਟ ਦਾ ਕਹਾਣੀ ਸੰਗ੍ਰਹਿ 'ਮਨ ਮੌਸਮ ਦੀ ਰੰਗਤ' ਇਸ ਸਾਲ ਦੀ ਇਕ ਹੋਰ ਪ੍ਰਾਪਤੀ ਹੈ।

ਭਾਰਤੀ ਪੰਜਾਬੀ ਕਹਾਣੀ ਦੇ ਤਿੰਨ ਕੁ ਹੀ ਉਲੇਖਯੋਗ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ, ਜਿਵੇਂ 'ਬੈਂਕਸ ਏ ਲੌਟ ਪੁੱਤਰਾ' (ਕੇਸਰਾ ਰਾਮ), ਚੰਦਰਮੁਖੀ (ਸੁਖਰਾਜ ਧਾਲੀਵਾਲ), ਮੋਮਬੱਤੀਆਂ (ਇੰਦਰਜੀਤ ਪਾਲ ਕੌਰ), ਕੇਸਰ ਰਾਮ ਤਾਂ ਸਥਾਪਿਤ ਕਹਾਣੀਕਾਰ ਹੀ ਹੈ ਪਰ ਸੁਖਰਾਜ ਧਾਲੀਵਾਲ ਦਾ ਇਹ ਪਲੇਠਾ ਸੰਗ੍ਰਹਿ ਹਰੇਕ ਪੱਖ ਤੋਂ ਧਿਆਨ ਖਿੱਚਣ ਵਾਲਾ ਹੈ। ਸੁਖਰਾਜ ਕੋਲ ਮਾਲਵੇ ਦੇ ਪੇਂਡੂ ਜਨ-ਜੀਵਣ ਦਾ ਪ੍ਰਮਾਣਿਕ ਅਨੁਭਵ ਤਾਂ ਹੈ ਹੀ, ਉਸ ਦੀ ਬਾਤਮੁਖੀ ਬਿਰਤਾਂਤ ਕਲਾ ਵੀ ਪ੍ਰਭਾਵਕਾਰੀ ਹੈ। ਇੰਦਰਜੀਤ ਪਾਲ ਕੌਰ ਨੇ ਮਨੁੱਖੀ ਰਿਸ਼ਤਿਆਂ ਦੀ ਵਿਆਕਰਣ ਨੂੰ ਸਮਝਣ ਵਾਲੀਆਂ ਕੁਝ ਚੰਗੀਆਂ ਕਹਾਣੀਆਂ ਨਾਲ ਆਪਣੀ ਪਛਾਣ ਬਣਾਈ ਹੈ।

ਇਨ੍ਹਾਂ ਤੋਂ ਇਲਾਵਾ ਦਰਮਿਆਨੇ ਦਰਜੇ ਦੇ ਡੇਢ ਦਰਜਨ ਦੇ ਕਰੀਬ ਜ਼ਿਕਰਯੋਗ ਕਹਾਣੀ-ਸੰਗ੍ਰਹਿ ਛਪੇ ਹਨ, ਜਿਵੇਂ ਤੀਜੇ ਪਿੰਡ ਦੇ ਲੋਕ (ਦੀਪਤੀ ਬਬੂਟਾ), ਖਾਲੀ ਪਲਾਂ ਦੀ ਦਾਸਤਾਨ (ਅਸ਼ੋਕ ਵਾਸਿਸ਼ਠ), ਹਿਜ਼ਰ ਦੀ ਅੱਗ (ਸੁਖਚੈਨ ਸਿੰਘ ਸਿੱਧੂ), ਕਹਾਣੀ ਨਹੀਂ... ਔਰਤ ਦੀ ਗਾਥਾ (ਸਰਬਜੀਤ ਕੌਰ ਮਾਂਗਟ), ਗੁਲਮੋਹਰ (ਹਰਜੀਤ ਕੌਰ ਬਾਜਵਾ), ਰਿਸ਼ਤਿਆਂ ਦਾ ਸੱਚ (ਗੁਰਮੇਲ ਸਿੰਘ ਸਾਗੀ), ਨਿੱਕੀ ਨਿੱਕੀ ਵਾਟ (ਬਿਕਰ ਸਿੰਘ ਖੋਸਾ), ਸ਼ੇਰਾਂ ਦੀਆਂ ਮਾਰਾਂ (ਹਰਚੰਦ ਸਿੰਘ ਵੜਿੰਗ), ਦਰਦ ਦਾ ਰਿਸ਼ਤਾ (ਸੁਰਿੰਦਰ ਕੌਰ), ਅਸਲੀ ਰਾਵਣ (ਸੁਖ ਸੁਖਵਿੰਦਰ ਕੌਰ), ਆਖਰੀ ਹੰਝੂ (ਜਤਿੰਦਰ ਸਿੰਘ ਉੱਪਲੀ), ਪਹਿਰੇ-ਦਰ-ਪਹਿਰੇ (ਪ੍ਰੀਤਿਮਾ ਦੋਮੇਲ), ਅਪਰਾਧੀ ਕੌਣ (ਨਾਗਰ ਸਿੰਘ ਤੁਰ), ਰਿਸ਼ਤਿਆਂ ਦੇ ਜਖ਼ਮ (ਮਨਜੀਤ ਕੌਰ ਗਿੱਲ), ਫਿਕਰ (ਸੁਰਿੰਦਰ ਪਾਲ ਸਿੰਘ ਪਿੰਗਲੀਆ), ਸੋਲਾਂ ਦਸੰਬਰ (ਕੁਲਵਿੰਦਰ ਵਿਰਕ), ਰਿਸ਼ਤਿਆਂ ਦੇ ਮਾਰੂਥਲ ਤੋਂ ਪਾਰ (ਪਵਿੱਤਰ ਕੌਰ ਮਾਟੀ) ਆਦਿ।

ਪਾਕਿਸਤਾਨੀ ਪੰਜਾਬੀ ਕਹਾਣੀ ਸਬੰਧੀ, ਉਥੋਂ ਦੇ ਨੌਜਵਾਨ ਕਹਾਣੀਕਾਰ ਅਤੇ ਆਲੋਚਕ ਕਰਾਮਤ ਮੁਗਲ ਦੁਆਰਾ ਦਿੱਤੀ ਗਈ ਜਾਣਕਾਰੀ ਅਨੁਸਾਰ ਦੋ-ਤਿੰਨ ਕਹਾਣੀ-ਸੰਗ੍ਰਹਿ ਡੈਣ ਤੋਂ ਵੀ ਭੈੜੀ (ਅਲੀ ਅਨਵਰ ਅਹਿਮਦ), ਤੂੰ ਕਹਾਣੀ ਤੇ ਮੈਂ (ਕਰਾਮਾਤ ਮੁਗਲ), ਸ਼ਹੀਦ (ਨੈਣ ਸੁਖ) ਅਤੇ ਕੁਝ ਚੰਗੀਆਂ ਕਹਾਣੀਆਂ ਜਿਵੇਂ ਖੰਭਾਂ ਦੀ ਡਾਰ (ਅਲੀ ਅਨਵਰ ਅਹਿਮਦ), ਜ਼ਾਤ ਦੀ ਚੂਹੀ (ਨਸੀਰ ਅਹਿਮਦ) ਆਦਿ ਪ੍ਰਕਾਸ਼ਤ ਹੋਈਆਂ ਹਨ। ਗੁਰਮੁਖੀ ਵਿਚ ਲਿੱਪੀਅੰਤਰ ਕਰ ਕੇ ਛਪੀਆਂ ਕਹਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ: ਜ਼ੁਬੇਰ ਅਹਿਮਦ ਦੀਆਂ ਤਿੰਨ, ਮੁਰਦਾ ਤਾਰੀ (ਸਿਰਜਣਾ, ਜਨਵਰੀ-ਮਾਰਚ), ਦੁੱਖ ਠਰਿਆਂ ਦੇ ਬੁੱਤ (ਸਿਰਜਣਾ, ਅਕਤੂਬਰ-ਦਸੰਬਰ), ਅੱਧ ਮੱਘਰ ਦਾ ਚੰਦ (ਸਮਕਾਲੀ ਸਾਹਿਤ, ਅਪ੍ਰੈਲ-ਜੂਨ), 'ਸ਼ਬਦ' ਦੇ ਪਾਕਿਸਤਾਨੀ ਕਹਾਣੀ ਵਿਸ਼ੇਸ਼ ਅੰਕ ਵਿਚ, ਸੁਲੱਖਣਾ (ਨਾਦਿਰ ਅਲੀ), ਸਾਂਝ (ਫਾਇਜ਼ਾ), ਸ਼ਾਲਾ ਮੁਸਾਫਿਰ ਕੋਈ ਨਾ ਥੀਵੇ (ਅਫਜ਼ਲ ਰਾਜਪੂਤ), ਲੂਹ (ਮਕਸੂਦ ਸਾਕਿਬ), ਬੁਆਏ ਫਰੈਂਡ (ਆਸ਼ਕ ਰੁਹੇਲ) ਸ਼ਾਮਿਲ ਹਨ। ਇਸ ਤੋਂ ਇਲਾਵਾ ਦਾਗ (ਤੌਕੀਰ ਚੁਗਤਾਈ, ਸ਼ਬਦ, ਜਨਵਰੀ-ਮਾਰਚ), ਤ੍ਰੇਲ ਧੋਤਾ ਦਿਲ (ਹਨੀਫ ਬਾਵਾ, ਸਮਦਰਸ਼ੀ, ਮਾਰਚ-ਅਪ੍ਰੈਲ) ਆਦਿ ਛਪੀਆਂ ਹਨ। 'ਪੰਝੀਵਾਂ ਘੰਟਾ' ਦੇ ਸਿਰਲੇਖ ਨਾਲ ਚੋਣਵੀਆਂ ਪਾਕਿ-ਸਤਾਨੀ ਪੰਜਾਬੀ ਕਹਾਣੀਆਂ ਦੀ ਪੁਸਤਕ ਵੀ ਪ੍ਰਕਾਸ਼ਿਤ ਹੋਈ ਹੈ ਜਿਸਦਾ ਸੰਪਾਦਨ ਅਤੇ ਲਿਪੀਅੰਤਰ ਅਮਨਦੀਪ ਕੌਰ ਰਾਏ ਨੇ ਕੀਤਾ ਹੈ।

ਇਸ ਵਰ੍ਹੇ ਵੀ ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਕੋਈ ਉਚੇਰੇ ਕਲਾਤਮਕ ਮੁੱਲ ਵਾਲੀ ਰਚਨਾ ਨਜ਼ਰ ਨਹੀਂ ਪਈ। ਅਜੋਕੇ ਕਹਾਣੀਕਾਰਾਂ ਵਿਚ ਜ਼ੁਬੇਰ ਅਹਿਮਦ ਉਭਰਵਾਂ ਨਾਂ ਹੈ ਪਰ ਉਸਦੀ ਕਥਾ ਸ਼ੈਲੀ ਏਨੀ ਅਮੂਰਤਤਾ (ਐਬਸਟ੍ਰੈਕਸ਼ਨ) ਦੀ ਧਾਰਨੀ ਹੁੰਦੀ ਹੈ ਕਿ ਪਾਠਕ ਕਹਾਣੀ ਨਾਲ ਜੁੜਨ ਵਿਚ ਔਖ ਮਹਿਸੂਸ ਕਰਦਾ ਹੈ।

ਮਕਸੂਦ ਸਾਕਿਬ ਦੀ ਕਹਾਣੀ 'ਲੂਹ' ਨੂੰ ਯਥਾਰਥ-ਮੁਖੀ ਅਜੋਕੀ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਪ੍ਰਤੀਨਿਧ ਨਮੂਨੇ ਵਜੋਂ ਪੜ੍ਹਿਆ ਜਾ ਸਕਦਾ ਹੈ।

ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ ਮੁੱਢ ਤੋਂ ਹੀ ਆਪਣੀ ਅੱਡਰੀ ਪਛਾਣ ਦਾ ਦਮ ਭਰਦੀ ਰਹੀ ਹੈ। ਇਸਦੀ ਵਿਲੱਖਣਤਾ ਨੂੰ ਉਭਾਰਨ ਵਾਸਤੇ ਉਥੋਂ ਦੇ ਪ੍ਰਸਿੱਧ ਕਹਾਣੀਕਾਰ ਬਲਜੀਤ ਰੈਣਾ ਨੇ ਇਸ ਵਰ੍ਹੇ ਤੋਂ 'ਆਬਰੂ' ਨਾਂ ਦੇ ਰਿਸਾਲੇ ਦਾ ਪ੍ਰਕਾਸ਼ਨ ਸ਼ੁਰੂ ਕੀਤਾ ਹੈ, ਪਰ ਅਜੇ ਤੱਕ ਇਸ ਵਿਚ ਪ੍ਰਕਾਸ਼ਿਤ ਕੋਈ ਕਹਾਣੀ ਇਸ ਪੱਖ ਤੋਂ ਧਿਆਨ ਨਹੀਂ ਖਿੱਚ ਸਕੀ। ਹਰਿਆਣੇ ਦੇ ਰਿਸਾਲੇ 'ਸ਼ਬਦ ਬੂੰਦ' 'ਚ ਛਪਦੀਆਂ ਕਹਾਣੀਆਂ ਦੀ ਹਰਿਆਣਵੀ ਰੰਗਣ ਬਾਰੇ ਵੀ ਅਜਿਹਾ ਹੀ ਕਿਹਾ ਜਾ ਸਕਦਾ ਹੈ। ਰੂਪਾਕਾਰਕ ਵੰਨਗੀਆਂ ਦੀ ਭਾਵੇਂ ਇਸ ਵਰ੍ਹੇ ਵੀ ਘਾਟ ਰੜਕਦੀ ਰਹੀ ਪਰ ਇਸ ਵਰ੍ਹੇ ਸਾਇੰਸ ਫਿਕਸ਼ਨ (ਵਿਗਿਆਨ ਗਲਪ) ਦੀ ਵੰਨਗੀ ਵਿਚ ਰਚੀਆਂ ਜਾ ਸਕਦੀਆਂ ਦੋ ਅਹਿਮ ਕਹਾਣੀਆਂ 'ਦਾ ਲੈਨਿਨ ਫਰੌਮ ਦਾ ਕਲੋਨ ਵੈਲੀ' (ਹੁਣ, ਸਤੰਬਰ-ਦਸੰਬਰ), ਕਿਊਟਾ-ਕਿਊਟਾ ਤਾਰੇ ਤਾਰੇ (ਕਹਾਣੀ ਪੰਜਾਬ, ਅਕਤੂਬਰ-ਦਸੰਬਰ) ਅਜਮੇਰ ਸਿੱਧੂ ਨੇ ਲਿਖੀਆਂ ਹਨ। ਭਾਵੇਂ ਇਨ੍ਹਾਂ ਦਾ ਕਹਾਣੀਪਣ ਵਾਲਾ ਪੱਖ ਕਾਫੀ ਕਮਜ਼ੋਰ ਹੈ ਪਰ ਇਕ ਵੰਨਗੀ-ਵਿਸ਼ੇਸ਼ ਵਜੋਂ ਇਨ੍ਹਾਂ ਦੀ ਹਾਜ਼ਰੀ ਉਲੇਖਯੋਗ ਹੈ।

ਇਸ ਵਰ੍ਹੇ ਇਕ ਇਤਿਹਾਸਕ ਮਹੱਤਤਾ ਵਾਲੀ ਕਹਾਣੀਆਂ ਦੀ ਕਿਤਾਬ 'ਸਵਾਂਤ ਬੂੰਦ' ਛਪੀ ਹੈ। ਪ੍ਰਸਿੱਧ ਗਲਪ-ਕਾਰ ਚੰਦਨ ਨੇਗੀ ਨੇ ਆਪਣੇ ਪਿਤਾ ਹਰਨਾਮ ਸਿੰਘ ਤੇਗ 'ਪਿਸ਼ਾਵਰੀ' ਦੀਆਂ 1929 ਤੋਂ 1946 ਦੌਰਾਨ ਛਪਦੀਆਂ ਰਹੀਆਂ ਕਹਾਣੀਆਂ ਦਾ ਸੰਗ੍ਰਹਿ ਤਿਆਰ ਕਰਕੇ ਸਾਡੇ ਦੁਰਲਭ ਅਤੇ ਮੁੱਲਵਾਨ ਇਤਿਹਾਸਕ ਸਰੋਤਾਂ ਨਾਲ ਸਾਂਝ ਪੁਆਈ ਹੈ। ਇਸ ਵਰ੍ਹੇ ਕੁਝ ਨਵੇਂ ਕਹਾਣੀਕਾਰਾਂ, ਜਿਵੇਂ ਹਰਮੇਸ਼ ਮਾਲੜੀ, ਗੁਰਪ੍ਰੀਤ ਸਹਿਜੀ, ਆਗਾਜ਼ਬੀਰ, ਕੁਲਵਿੰਦਰ ਵਿਰਕ, ਬਲਜਿੰਦਰ ਅੱਛਣਪੁਰੀਆ, ਗੁਰਜਿੰਦਰ ਸਿੰਘ, ਜਸਵੰਤ ਰਾਏ, ਜਸਵੀਰ ਕੌਰ ਜੱਸੀ ਆਦਿ ਦੀਆਂ ਨਿਵੇਕਲੇ ਅਨੁਭਵਾਂ ਵਾਲੀਆਂ ਕਹਾਣੀਆਂ ਛਪੀਆਂ ਹਨ, ਭਾਵੇਂ ਕਹਾਣੀ ਕਲਾ ਦੇ ਹੁਨਰ ਪੱਖੋਂ ਅਜੇ ਕੁਝ ਊਣੀਆਂ ਜਾਪਦੀਆਂ ਹਨ ਪਰ ਨਵੀਂ ਵਸਤੂ-ਸਮੱਗਰੀ ਦੇ ਪੱਖੋਂ ਇਹ ਪੰਜਾਬੀ ਕਹਾਣੀ ਦੇ ਚੰਗੇ ਭਵਿੱਖ ਦੀ ਆਸ ਜਗਾਉਣ ਵਾਲੀਆਂ ਹਨ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਸ ਵਰ੍ਹੇ ਦੀ ਪੰਜਾਬੀ ਕਹਾਣੀ ਆਪਣੇ ਅੰਤਰ-ਰਾਸ਼ਟਰੀ ਪਾਸਾਰਾਂ ਕਰਕੇ ਅਨੁਭਵ ਦੀ ਵੰਨ-ਸੁਵੰਨਤਾ ਨਾਲ ਤਾਂ ਮਾਲਾ-ਮਾਲ ਜਾਪਦੀ ਹੈ ਪਰ ਕਹਾਣੀ ਕਹਿਣ ਦੇ ਹੁਨਰ ਪੱਖੋਂ ਕੁਝ ਅਵੇਸਲੀ ਜਾਪਦੀ ਹੈ। ਕਹਾਣੀ ਵਿਚਲੀ ਹਰੇਕ ਧੁਨੀ, ਸ਼ਬਦ, ਵਾਕ ਅਤੇ ਪ੍ਰਵਚਨ ਨੂੰ ਲਿਸ਼ਕਾਉਣ ਲਈ ਕਹਾਣੀਕਾਰ ਓਨਾ ਤਾਣ ਨਹੀਂ ਲਾ ਰਹੇ ਜਿੰਨੇ ਦੀ ਲੋੜ ਕਿਸੇ ਸਰਵੋਤਮ ਕਹਾਣੀ ਦੀ ਗਲਪੀ ਭਾਸ਼ਾ ਸਿਰਜਣ ਲਈ ਹੁੰਦੀ ਹੈ।

ਅਜਿਹੇ ਹੁਨਰੀ ਤਾਣ ਦੀ ਮਿਸਾਲ ਦੇਣ ਵੇਲੇ ਮੈਨੂੰ ਹਮੇਸ਼ਾਂ ਕੁਲਵੰਤ ਸਿੰਘ ਵਿਰਕ, ਵਰਿਆਮ ਸਿੰਘ ਸੰਧੂ ਅਤੇ ਸੁਖਜੀਤ ਜਿਹੇ ਸ਼ੈਲੀਕਾਰਾਂ ਦੀ ਯਾਦ ਆਉਂਦੀ ਹੈ। ਇਸ ਪੱਖੋਂ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਪੱਧਰ ਤਾਂ ਭਾਵੇਂ ਦਿਨੋਂ-ਦਿਨ ਹੋਰ ਨੀਵਾਂ ਹੁੰਦਾ ਜਾ ਰਿਹਾ ਹੈ ਪਰ ਕੁਝ ਪਰਵਾਸੀ ਪੰਜਾਬੀ ਕਹਾਣੀਕਾਰਾਂ ਨੇ ਸੁਚੇਤ ਪੱਧਰ ਤੇ ਕਹਾਣੀ ਕਲਾ ਦੇ ਹੁਨਰ ਵਾਲੇ ਪੱਖ ਵੱਲ ਧਿਆਨ ਦਿੱਤਾ ਹੈ ਅਤੇ ਮੁੱਖ ਧਾਰਾ ਦੀ ਪੰਜਾਬੀ ਕਹਾਣੀ ਨਾਲ ਵਰ ਮੇਚਣ ਵਿਚ ਸਫ਼ਲਤਾ ਹਾਸਿਲ ਕੀਤੀ ਹੈ। ਵਿਸ਼ੇਸ਼ ਕਰਕੇ ਉਤਮ-ਪੁਰਖੀ ਬਿਰਤਾਂਤਕਾਰ (ਜੋ ਅਜੋਕੀ ਪੰਜਾਬੀ ਕਹਾਣੀ ਦੀ ਪ੍ਰਮੁੱਖ ਕਥਾ-ਜੁਗਤ ਬਣ ਚੁੱਕਾ ਹੈ) ਦੇ ਬੜਬੋਲੇਪਣ ਨੂੰ ਘਟਾ ਕੇ ਉਸਨੂੰ ਪਾਤਰ-ਰੂਪ ਰਾਹੀਂ ਉਸਾਰਨ ਦਾ ਯਤਨ ਕੀਤਾ ਹੈ, ਜਿਵੇਂ ਅਸੀਂ ਸੇਖਾ ਅਤੇ ਸੋਹਲ ਦੀਆਂ ਕਹਾਣੀਆਂ ਦੇ ਪ੍ਰਸੰਗ ਵਿਚ ਵੇਖਿਆ ਹੈ। ਆਸ ਹੈ ਕਿ ਨਵੇਂ ਪੰਜਾਬੀ ਕਹਾਣੀਕਾਰ 'ਕਹਾਣੀਪਣ' ਦੀ ਪੁਨਰ-ਸੁਰਜੀਤੀ ਨਾਲ ਪੰਜਾਬੀ ਪਾਠਕ ਦਾ ਦਿਲ ਜਿੱਤਣ ਲਈ ਸੁਚੇਤ ਉਪਰਾਲੇ ਕਰਨਗੇ ਅਤੇ ਪੰਜਾਬੀ ਕਹਾਣੀ ਨੂੰ ਸਰਵੋਤਮ ਰੂਪਾਕਾਰ ਦਾ ਮਾਣ ਦਿਵਾਉਣ ਦਾ ਸੁਹਿਰਦ ਯਤਨ ਕਰਨਗੇ।

---

ਕਹਾਣੀ

## ਕਿੱਕਰਾਂ ਦੇ ਫੁੱਲ

ਅਮਨਜੀਤ ਕੌਰ

ਚਾਹ ਪੀਂਦੀ-ਪੀਂਦੀ ਬਿੱਟੀ ਆਪਣੇ ਬਚਪਨ ਦੀਆਂ ਯਾਦਾਂ 'ਚ ਜਾ ਗੁਆਚੀ। ਉਹ ਆਪਣੇ ਬਚਪਨ ਦੀਆਂ ਯਾਦਾਂ, ਖੇਡਾਂ ਤੇ ਖਾਸ ਕਰਕੇ ਕਿੱਕਰ ਦੇ ਫੁੱਲਾਂ ਨੂੰ ਤਾਂ ਅੱਜ ਤੱਕ ਭੁਲਾ ਹੀ ਨਹੀਂ ਸਕੀ। ਛੱਪੜ ਦੀਆਂ ਯਾਦਾਂ, ਬਿੱਟੀ ਦੀਆਂ ਯਾਦਾਂ ਵਿੱਚ ਅਕਸਰ ਹੀ ਝੁਰਮਟ ਪਾਈ ਰੱਖਦੀਆਂ। ਛੱਪੜ ਦੇ ਆਸੇ ਲੱਗੀਆਂ ਕਿੱਕਰਾਂ, ਟਾਹਲੀਆਂ ਕੁੱਝ ਕੁ ਨਿੰਮਾਂ ਦੇ ਦਰਖਤ... ਆਸੇ ਪਾਸੇ ਹੋਰ ਝਾੜੀਆਂ ਵੀ। ਪਰ ਇਸ ਤੋਂ ਥੋੜ੍ਹਾ ਜਿਹਾ ਹਟਕੇ ਇੱਕ ਟੇਡੀ, ਢਲਾਣ ਵਰਗੇ ਤਣੇ ਵਾਲੀ ਇੱਕ ਖਾਸ ਕਿੱਕਰ ਸੀ।

ਛੱਪੜ ਦੇ ਆਲੇ-ਦੁਆਲੇ ਕੁੱਝ ਰੂੜੀਆਂ ਵੀ ਲੱਗੀਆਂ ਹੋਈਆਂ ਸੀ। ਇੱਥੇ ਸਾਰੇ ਪਿੰਡ ਵਾਲੇ ਆਪਣੇ ਘਰਾਂ ਦਾ ਕੂੜਾ ਸੁੱਟਿਆ ਕਰਦੇ ਸੀ। ਇੱਕ ਪਾਸੇ ਪਾਥੀਆਂ ਵਾਲੇ ਪਿੜ (ਪਲਾਟ) ਵੀ ਸੀ, ਜਿੱਥੇ ਪਿੰਡ ਦੀਆਂ ਤੀਵੀਆਂ ਪਾਥੀਆਂ ਪੱਥਦੀਆਂ ਸਨ।

ਪਿੰਡ ਦੀਆਂ ਸੁਆਣੀਆਂ 'ਚ ਆਪਣੇ ਪਿੜਾਂ ਨੂੰ ਵੱਡੇ ਕਰਨ ਤੇ ਦੂਜੀਆਂ ਦੇ ਪਿੜ ਮੱਲਣ ਦੀ ਹੋੜ ਹਮੇਸ਼ਾਂ ਲੱਗੀ ਰਹਿੰਦੀ, ਕਈ ਵਾਰ ਤਾਂ ਇਹਨਾਂ ਪਿੜਾਂ ਕਾਰਨ ਉਹਨਾਂ ਵਿੱਚ ਮਿੱਠਾ ਮਿੱਠਾ ਝਗੜਾ ਵੀ ਹੋ ਜਾਂਦਾ ਤੇ ਦੂਸਰੇ ਦਿਨ ਫਿਰ ਓਵੇਂ ਹੀ।

ਬੱਚੇ ਉਹਨਾਂ ਦੀ ਇਸ ਲੜਾਈ ਦਾ ਬੜਾ ਸਵਾਦ ਲੈਂਦੇ। ਕਈ ਵਾਰ ਤਾਂ ਲੜਾਈ ਦੇਖਣ ਦੇ ਮਾਰੇ ਜਵਾਕ ਪਾਥੀਆਂ ਜਾਣ-ਬੁੱਝ ਕੇ ਪੈਰਾਂ ਨਾਲ ਮਿੱਧ-ਮਿੱਧ ਕੇ ਤੋੜ ਦਿੰਦੇ। ਫੇਰ ਘਰ ਜਾ ਕੇ ਲੜਾਈ ਮਿਰਚ-ਮਸਾਲੇ ਲਾ-ਲਾ ਕੇ ਦੱਸਦੇ। ਇਸ ਤਰ੍ਹਾਂ ਛੱਪੜ ਅਤੇ ਇਸ ਦਾ ਆਲਾ ਦੁਆਲਾ ਹਮੇਸ਼ਾਂ ਇੱਕ ਅਜੀਬ ਜਿਹੀ ਚਰਚਾ ਦਾ ਕੇਂਦਰ ਬਣਿਆ ਰਹਿੰਦਾ।

ਪਰ ਬਿੱਟੀ ਲਈ ਉਹ ਟੇਡੀ ਜਿਹੀ ਕਿੱਕਰ ਸਭ ਤੋਂ ਵੱਧ ਖਾਸ ਸੀ। ਉਹ ਤੇ ਮੀਤ ਸਦਾ ਉੱਥੇ ਹੀ ਖੇਡਣ ਜਾਂਦੀਆਂ ਸਨ। ਦੋਹਾਂ ਨੇ ਕਿੱਕਰ ਦੇ ਢਾਲੂ ਤਣੇ 'ਤੇ ਚੜ੍ਹ ਕੇ ਲੱਤਾਂ ਹੇਠਾਂ ਲਮਕਾ ਕੇ ਬੈਠੇ ਰਹਿਣਾ, ਦਿਨੇ ਹੀ ਕਦੀ ਤਾਰਿਆਂ ਦੀਆਂ, ਕਦੀ ਪੁੰਨਿਆ ਦੇ ਚੰਦ ਦੀਆਂ, ਕਦੀ ਮੱਸਿਆ ਦੀਆਂ ਤੇ ਕਦੀ ਨੇੜੇ ਤੇੜੇ ਉਡਦੀਆਂ ਫਿਰਦੀਆਂ ਤਿੱਤਲੀਆਂ, ਚਿੜੀਆਂ ਤੇ ਕਬੂਤਰਾਂ ਦੀਆਂ ਢੇਰ ਸਾਰੀਆਂ ਗੱਲਾਂ ਸਾਰਾ ਸਾਰਾ ਦਿਨ ਕਰੀ ਜਾਣੀਆਂ। ਇੰਝ ਹੀ ਇੱਕ-ਦੂਜੇ ਨੂੰ ਉੱਪਰੋਂ ਧੱਕੇ ਮਾਰਕੇ ਹੇਠਾਂ ਸੁੱਟਣਾ, ਸਲ੍ਹਾਬੀ ਮਿੱਟੀ 'ਚ ਗੁੱਤੀਆਂ ਬਣਾ ਕੇ ਬੰਟੇ ਖੇਡਣੇ, ਕੱਚੇ ਰਾਹਾਂ 'ਤੇ ਗੁੱਲੀ-ਡੰਡਾ ਖੇਡਣਾ, ਅੰਨ੍ਹਾਂ ਝੋਟਾ ਖੇਡਣਾ, ਅਤੇ ਹੋਰ ਪਤਾ ਨਹੀਂ ਬਚਪਨ 'ਚ ਕੀ ਕੀ ਚੋਜ ਕਰੀ ਜਾਣੇ।

ਪਰ ਘੁੰਮ-ਘੁਮਾ ਕੇ ਅਛੋਪਲੇ ਜਿਹੇ ਓਦੀਆਂ ਯਾਦਾਂ ਦਾ ਪੱਲੂ ਓਸੇ ਕਿੱਕਰ ਦੁਆਲੇ ਜਾ ਲਿਪਟਦਾ। ਸਾਰੀ ਓਹ ਘਟਨਾ ਪਰਦੇ 'ਤੇ ਚਲਦੀ ਫਿਲਮ ਵਾਂਗ ਓਹਦੀਆਂ ਅੱਖਾਂ ਅੱਗੋਂ ਦੀ ਘੁੰਮ ਗਈ।

ਹਰ ਰੋਜ਼ ਦੀ ਤਰ੍ਹਾਂ ਬਿੱਟੀ ਕਿੱਕਰ ਹੇਠਾਂ ਡਿੱਗੇ ਕਿੱਕਰਾਂ ਦੇ ਫੁੱਲ ਚੁੱਕ-ਚੁੱਕ ਕੇ ਆਪਣੀ ਫਰਾਕ ਦੇ ਪੱਲੇ ਵਿੱਚ ਪਾਈ ਜਾਂਦੀ। ਇੱਕ ਫੁੱਲ ਚੁੱਕਦੀ, ਗਹੁ ਨਾਲ ਤੱਕਦੀ, ਫਿਰ ਆਪਣੀ ਹੀ ਭਾਸ਼ਾ 'ਚ ਬੋਲਦੀ ਹਾਏ ਮੈਂ ਮਰ ਜਾਂ.... ਕਿੰਨਾ ਨੋਣਾ ਜਿਆ ਫੁੱਲ ਆ, ਲਿੱਕਾ ਜਿਆ, ਪੀਲਾ-ਪੀਲਾ।"

ਬਿੱਟੀ ਨੂੰ ਆਪੇ ਨਾਲ ਗੱਲਾਂ ਕਰਦਿਆਂ ਦੇਖ ਮੀਤ ਓਹਦੀ ਸਾਂਗ ਲਾ ਕੇ ਬੋਲੀ, ਤੁਤਲਾ ਜਿਹਾ ਬੋਲਦੀ ਐਂ ? ਦੱਸੂੰ ਬੀਜੀ ਨੂੰ ਜਾ ਕੇ। ਨਾਲੇ ਆਹ ਫੁੱਲ ਤੂੰ ਕੀ ਸਿਰ ' ਮਾਰਨੇ ਆਂ? ਨਿੱਤ ਹੀ 'ਕੱਠੇ ਕਰਕੇ ਇੱਥੇ ਈ ਢੇਰੀ ਕਰ ਜਾਨੀ ਐਂ, ਜਾਂ ਤਾਂ ਘਰ ਲੈ ਕੇ ਜਾਇਆ ਕਰ।"

ਇਹ ਸੁਣ ਕੇ ਉਹ ਗੁੱਸੇ ਵਿੱਚ ਬੋਲੀ; ਤੈਨੂੰ ਕੀ... ਮੈਂ ਜਿਵੇਂ ਮਰਜੀ ਬੋਲਾਂ, ਜਿਹੜੇ ਮਰਜ਼ੀ ਫੁੱਲ 'ਕੱਠੇ ਕਰਾਂ। ਨਾਲੇ ਅੱਜ ਤਾਂ ਮੈਂ ਇਹਨਾਂ ਨੂੰ ਘਰੇ ਲੈ ਕੇ ਜਾਊਂਗੀ, ਦੇਖੀਂ ਤੂੰ।"

ਤੇ ਜਦੋਂ ਉਹ ਘਰ ਪਹੁੰਚੀ ਤਾਂ ਮਾਂ ਨੇ ਝਿੜਕਦੇ ਹੋਏ ਕਿਹਾ, ਏਨ੍ਹਾਂ ਦਾ ਕੀ ਤੂੰ 'ਚਾਰ ਪਾਉਣਾ, ਹੈਂ? ਸਾਰੀ ਕਿੱਕਰ ਦਾ ਗੰਦ ਘਰੇ ਚੁੱਕ ਲਿਆਉਨੀ ਏਂ। ਫੜਾ ਮੈਨੂੰ!" ਉਸਦੀ ਮਾਂ ਨੇ ਉਸਦੀ ਫਰਾਕ ਵਿੱਚੋਂ ਫੁੱਲਾਂ ਦਾ ਬੁੱਕ ਭਰਕੇ ਬਾਹਰ ਸੁੱਟਦਿਆਂ ਕਹਿੰਦੀ... ਲੈ, ਲੈ ਗਈ... ਕੋਕੋ ਲੈ ਗਈ।"

ਉਹ ਰੀਂ-ਰੀਂ ਕਰਦੀ ਭੱਜ ਕੇ ਦਾਦੀ ਕੋਲ ਗਈ ਤੇ ਉਸਦੀ ਝੋਲੀ 'ਚ ਸਿਰ ਸੁੱਟਕੇ ਡੁਸਕਣ ਲੱਗੀ। ਦਾਦੀ ਨੇ ਵਰਾਉਂਦਿਆਂ ਕਿਹਾ, ਪੁੱਤ ਜਦੋਂ ਤੂੰ ਵੱਡੀ ਹੋ ਗੀ ਤਾਂ ਜਿੰਨੇ ਮਰਜੀ ਫੁੱਲ ਇਕੱਠੇ ਕਰ ਲਵੀਂ, ਕੋਈ ਕੋਕੋ ਤੇਰੇ ਫੁੱਲ ਨੀ ਲਿਜਾਊਗੀ।" ਬੱਸ ਉਸੇ ਦਿਨ ਤੋਂ ਉਹ ਕਿੱਕਰ ਦੇ ਫੁੱਲਾਂ ਨੂੰ ਚੁੱਕਦੀ, ਗਹੁ ਨਾਲ ਤੱਕਦੀ ਅਤੇ ਫੇਰ ਆਪਣੇ ਵੱਡੇ ਹੋਣ ਦੀ ਉਡੀਕ ਕਰਨ ਲੱਗਦੀ।

ਇਸਤੋਂ ਪਹਿਲਾਂ ਕਿ ਉਹ ਆਪਣੀਆਂ ਯਾਦਾਂ ਦੀਆਂ ਘੁੰਮਣ-ਘੇਰੀਆਂ 'ਚ ਫਸਕੇ ਹੋਰ ਦੂਰ ਜਾਂਦੀ, ਮੀਤ ਨੇ ਉਸਦਾ ਮੋਢਾ ਹਲੂਣਦਿਆਂ ਪੁੱਛਿਆ: ਬਿੱਟੀ, ਗੁਰਦੁਆਰਾ ਸਾਹਿਬ ਨੀ ਜਾਣੈ?" ਬਿੱਟੀ ਨੇ ਆਪਦੀਆਂ ਅੱਖਾਂ 'ਚ ਅਜੀਬ ਖੁਸ਼ੀ ਦੀ ਚਮਕ ਲੈ ਕੇ ਸਿਰਫ ਸਿਰ ਹਿਲਾ ਕੇ "ਹਾਂ" 'ਚ ਜੁਆਬ ਦਿੱਤਾ। ਉਸਨੇ ਸੋਚਿਆ ਕਿ ਇਸੇ ਬਹਾਨੇ ਉਹ ਛੱਪੜ ਵੀ ਵੇਖ ਲਵੇਗੀ ਜੋ ਸ਼ਾਇਦ ਉਹ ਉਂਝ ਨਾ ਵੇਖ ਸਕੇ ਕਿਉਂਕਿ ਜੇ ਉਹ ਮੀਤ ਨੂੰ ਛੱਪੜ ਦੇਖਣ ਜਾਣ ਬਾਰੇ ਕਹਿੰਦੀ ਤਾਂ ਯਕੀਨਨ ਉਹ ਉਹਦਾ ਮਜ਼ਾਕ ਉਡਾਉਂਦੀ।

ਦਰਅਸਲ, ਬਿੱਟੀ ਦਸ ਸਾਲ ਦੀ ਉਮਰ 'ਚ ਆਪਣੇ ਪਰਿਵਾਰ ਸਮੇਤ ਕੈਨੇਡਾ ਜਾ ਵਸੀ ਸੀ। ਅੱਜ ਉਹ ਪੂਰੇ 12 ਸਾਲ ਬਾਅਦ ਆਪਣੇ ਪਿੰਡ ਆਈ ਸੀ। ਤੇ ਮੀਤ ਉਹਦੇ ਚਾਚਾ ਜੀ ਦੀ ਲੜਕੀ ਸੀ।

ਸ਼ਾਮ ਦੇ ਛੇ ਕੁ ਵਜੇ ਉਹ ਗੁਰਦੁਆਰਾ ਸਾਹਿਬ ਜਾਣ ਲਈ ਤਿਆਰ ਹੋ ਗਏ। ਗੁਰਦੁਆਰਾ ਸਾਹਿਬ ਪਿੰਡ ਦੇ ਬਾਹਰਵਾਰ ਸੀ ਤੇ ਉਹਨਾਂ ਦੇ ਘਰ ਤੋਂ ਬੜੀ ਦੂਰ। ਇਹ ਸੋਚਦਿਆਂ ਕਿ ਇੱਡੀ ਦੂਰ ਤੁਰ ਕੇ ਜਾਣਾ ਸ਼ਾਇਦ ਬਿੱਟੀ ਲਈ ਔਖਾ ਹੋਵੇ, ਮੀਤ ਦੇ ਪਿਤਾ ਜੀ ਨੇ ਗੱਡੀ ਕੱਢ ਲਈ। ਪਰ ਬਿੱਟੀ ਨੇ ਜ਼ਿੱਦ ਕੀਤੀ ਕਿ ਉਹ ਤਾਂ ਪੈਦਲ ਹੀ ਜਾਵੇਗੀ ਕਿਉਂਕਿ ਜੋ ਆਨੰਦ ਉਹਨੂੰ ਛੱਪੜ, ਪਿੜ ਤੇ ਕਿੱਕਰਾਂ-ਟਾਹਲੀਆਂ ਦੇ ਝੁੰਡ ਨੂੰ ਕੋਲੋਂ ਦੇਖ ਕੇ ਤੇ ਉਸ ਢਲਾਨ ਵਰਗੀ ਕਿੱਕਰ ਨੂੰ ਹੱਥ ਲਾ ਕੇ ਮਿਲਣਾ ਸੀ, ਉਹ ਆਨੰਦ ਇਹਨਾ ਦਾ ਗੱਡੀ ਵਿੱਚ ਦੀ ਜੁਗਨੂੰ ਦੀ ਰੌਸ਼ਨੀ ਦੇ ਚਮਕਾਰੇ ਵਾਂਗ ਪਲ-ਛਿਣ ਲਈ ਅੱਖਾਂ ਮੂਹਰੇ ਆ ਕੇ ਲੰਘ ਜਾਣ 'ਚ ਕਿੱਥੇ ਮਿਲਣਾ ਸੀ। ਆਪਣੇ ਦਿਲ ਵਿੱਚ ਬਚਪਨ ਦੀਆਂ ਯਾਦਾ ਨੂੰ ਸਮੋਈ ਤੇ ਆਪਣੇ ਬਚਪਨ ਨੂੰ ਅੱਖਾਂ ਮੂਹਰੇ ਫਿਰ ਤੋਂ ਜੀਵੰਤ ਹੋਣ ਦੀ ਰੀਝ ਲੈ ਕੇ ਉਹ ਗੁਰਦੁਆਰਾ ਸਾਹਿਬ ਵੱਲ ਤੁਰ ਪਈ। ਮੀਤ ਬਿੱਟੀ ਨੂੰ ਇੱਧਰ-ਉੱਧਰ ਦੀਆਂ ਗੱਲਾਂ ਸੁਣਾ ਰਹੀ ਸੀ, ਪਰ ਬਿੱਟੀ ਦਾ ਦਿਲ ਤਾਂ ਉਹ ਦ੍ਰਿਸ਼ ਦੇਖਣ ਲਈ ਕਾਹਲਾ ਸੀ, ਜਿਸ ਦੀ ਚਾਹਤ ਲੈ ਕੇ ਉਹ ਕੈਨੇਡਾ ਤੋਂ ਪੰਜਾਬ ਆਈ ਸੀ।

ਪਰ ਆਹ ਕੀ? ਸਾਹ-ਮਣਾ ਨਜ਼ਾਰਾ ਵੇਖ ਕੇ ਬਿੱਟੀ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਤੇ ਉਹਨੂੰ ਜਾਪਿਆ ਕਿ ਜੋ ਸੁਪਨੇ ਉਹ ਪਿਛਲੇ 12 ਸਾਲਾਂ ਤੋਂ ਵੇਖ ਰਹੀ ਸੀ, ਉਹ ਕੱਚ ਵਾਂਗਰਾਂ ਟੁੱਟ ਕੇ ਚਕਨਾ-ਚੂਰ ਹੋ ਗਏ ਹੋਣ। ਉਹਦੇ ਮੂੰਹੋਂ ਬੱਸ ਏਨਾ ਹੀ ਨਿਕਲਿਆ, ਹਾਏ, ਛੱਪੜ ਕਿੱਥੇ ਗਿਆ !!! ਕਿੱਕਰਾਂ... ਟਾਹਲੀਆਂ...?"

ਮੀਤ ਨੇ ਬਿਨ੍ਹਾਂ ਉਸ ਵੱਲ ਵੇਖਿਆਂ ਹੀ ਕਿਹਾ, ਲੈ, ਤੈਨੂੰ ਨੀ ਦਿਸਦਾ? ਇਹ ਪਾਰਕ ਐ। ਛੱਪੜ ਦੀ ਥਾਂ ਤੇ ਪਾਰਕ ਬਣਾ 'ਤਾ, ਹੋਰ ਕੀ। ਇਹਨੂੰ ਤਾਂ ਬਣੇ ਨੂੰ ਚਾਰ-ਪੰਜ ਸਾਲ ਹੋ ਗੇ। ਦੇਖ ਲਾ, ਛੱਪੜ ਦੀ ਥਾਂ ਪਾਰਕ ਬਣਾ ਕੇ ਨਾਲੇ ਤਾਂ ਪਿੰਡ 'ਚੋਂ ਗੰਦ ਕੱਢ 'ਤਾ ਤੇ ਨਾਲੇ ਜਵਾਕਾਂ ਵਾਸਤੇ ਖੇਡਣ ਲਈ ਥਾਂ ਬਣਾ'ਤੀ।" ਇੰਨਾਂ ਕਹਿ ਕੇ ਬਿੱਟੀ ਦੀ ਬਾਂਹ ਫੜ ਕੇ ਮੀਤ ਉਹਨੂੰ ਪਾਰਕ ਅੰਦਰ ਲਿਜਾਣ ਲਈ ਖਿੱਚਣ ਲੱਗੀ, ਪਰ ਬਿੱਟੀ ਅਡੋਲ ਖੜੀ ਰਹੀ ਤੇ ਮੀਤ ਤੋਂ ਬਾਂਹ ਛੁਡਾਉਂਦਿਆਂ ਪੁੱਛਣ ਲੱਗੀ, ਤੇ ਉਹ ਪਿੜ...... ਆਈ ਮੀਨ ਪਾਥੀਆਂ ਪੱਥਣ ਵਾਲੇ...?

ਲੈ, ਹੁਣ ਕਿਹੜਾ ਪਾਥੀਆਂ ਪੱਥਦਾ। ਅੱਜਕੱਲ ਤਾਂ ਲੋਕੀਂ ਗੈਸ ਈ ਵਰਤਦੇ ਆ। ਵੈਸੇ ਗਰੀਬ-ਗੁਰਬੇ ਅਜੇ ਵੀ ਵਰਤਦੇ ਆ ਪਾਥੀਆਂ, ਪਰ ਉਹ ਆਵਦੇ ਘਰਾਂ 'ਚ ਈ ਪੱਥ ਲੈਂਦੇ ਹੋਣਗੇ," ਮੀਤ ਨੇ ਜਵਾਬ ਦਿੱਤਾ।

ਫਿਰ ਬਿੱਟੀ ਨੇ ਜਵਾਬ ਜਾਣਦਿਆਂ ਹੋਇਆਂ ਵੀ ਨਾ-ਚਾਹੁੰਦੇ ਪੁੱਛਿਆ, ਤੇ ਉਹ ਆਪਣੀ ਕਿੱਕਰ...?"

ਇਸ ਤੇ ਮੀਤ ਨੇ ਚਿੜ੍ਹਦਿਆਂ ਕਿਹਾ, ਕੀ ਆ ਯਾਰ? ਕਿਹੋ ਜਿਹੇ ਸਵਾਲ ਪੁੱਛਦੀ ਏਂ? ਉਹ ਵੱਡ ਤੇ... ਕਿੱਕਰ, ਟਾਹਲੀਆਂ... ਪਾਰਕ ਦੀਆਂ ਕੰਧਾਂ ਬਣਾਉਣ ਵੇਲੇ ਵਿੱਚ ਆਉਂਦੇ ਸੀ ਨੀਹਾਂ ਦੇ।"

ਬਿੱਟੀ ਰੋਣਹਾਕੀ ਆਵਾਜ਼ 'ਚ ਬੋਲੀ, ਮੈਂ ਤਾਂ ਕਿੱਕਰਾਂ ਦੇ ਫੁੱਲ ਦੇਖਣੇ ਸੀ।"

ਮੀਤ ਉਹਨੂੰ ਪਾਰਕ ਅੰਦਰ ਨੂੰ ਖਿੱਚਦੀ ਹੋਈ ਬੋਲੀ, ਲੈ, ਤੂੰ ਕਿੱਕਰਾਂ ਦੇ ਫੁੱਲ ਕੀ ਕਰਨੇ ਆ? ਆਹ ਦੇਖ ਪਾਰਕ 'ਚ ਕਿੰਨੇ ਸੋਹਣੇ-ਸੋਹਣੇ ਫੁੱਲ ਲੱਗੇ ਹੋਏ ਆ। ਵਲੈਤੀ ਨਸਲਾਂ ਦੇ ਫੁੱਲ ਵੀ ਹੈਗੇ ਆ। ਐਵੇਂ ਨੀ, ਸਾਡਾ ਪੰਜਾਬ ਵੀ ਹੁਣ ਤਰੱਕੀ 'ਚ ਆ। 'ਕੱਲੇ ਥੋਡੇ ਕਨੇਡਾ 'ਚ ਈ ਨੀ ਪਾਰਕ ਹੈਗੇ, ਹੁਣ ਦਾ ਸਾਡੇ ਪੰਜਾਬ ਦੇ ਪਿੰਡਾਂ 'ਚ ਪਾਰਕਾਂ ਵੀ ਹੈਨ ਤੇ ਵਲੈਤੀ ਫੁੱਲ ਵੀ।" ਬਿੱਟੀ ਨੂੰ ਬੜਾ ਹਰਖ ਆਇਆ ਤੇ ਉਹ ਮੀਤ ਵੱਲ ਗੁੱਸੇ ਨਾਲ ਦੇਖਦੀ ਹੋਈ ਬੋਲੀ, ਇਹ ਪਾਰਕਾਂ ਤੇ ਇਹ ਫੁੱਲ ਬਥੇਰੇ ਦੇਖੇ ਨੇ 12 ਸਾਲ, ਨਾਲੇ ਏਦੂੰ ਵੀ ਸੋਹਣੇ। ਮੈਂ ਪੰਜਾਬ 'ਚ ਏਨ੍ਹਾਂ ਨੂੰ ਨੀ ਦੇਖਣ ਆਈ। ਮੈਂ ਤਾਂ ਕਿੱਕਰਾਂ-ਟਾਹਲੀਆਂ ਦੇਖਣੀਆਂ ਨੇ ਤੇ ਨਾਲੇ ਕਿੱਕਰਾਂ ਦੇ ਫੁੱਲ।"

ਹੁਣ ਮੀਤ ਕੱਚੀ ਜਿਹੀ ਹੋ ਗਈ। ਫਿਰ ਉਹਨੂੰ ਧਰਵਾਸਾ ਜਿਹਾ ਦੇਣ ਦੇ ਲਹਿਜੇ ਵਿੱਚ ਬੋਲੀ, ਯਾਰ ਤੈਨੂੰ ਕਿੱਕਰਾਂ ਦੇ ਫੁੱਲ ਚਾਹੀਦੇ ਐ ਨਾ, ਮਿਲ ਜਾਣਗੇ... ਬੱਸ। ਆਪਣੇ ਪਿੰਡੋਂ ਨਾ ਸਹੀ ਤਾਂ ਨਾਲ ਦੇ ਪਿੰਡਾਂ 'ਚ ਦੇਖ ਲਵਾਂਗੇ। ਜੇ ਉਥੇ ਵੀ ਨਾ ਲੱਭੇ ਤਾਂ ਫਿਰ ਯੂਨੀਵਰਸਿਟੀ 'ਚ ਤਾਂ ਜ਼ਰੂਰ ਈ ਮਿਲ ਜਾਣਗੇ।" ਮੀਤ ਤੇ ਮੂੰਹੋਂ ਇਹ ਸ਼ਬਦ ਸੁਣ ਕੇ ਬਿੱਟੀ ਨੂੰ ਇੰਝ ਜਾਪਿਆ ਜਿਵੇਂ ਕਿੱਕਰਾਂ ਦੇ ਪੀਲੇ-ਪੀਲੇ ਫੁੱਲ ਸੋਨੇ ਦੀ ਉਹ ਕੋਕੋ ਹੋਣ ਜੋ ਸਮੇਂ ਦੇ ਅਜਿਹੇ ਸੰਘਣੇ ਜੰਗਲਾਂ ਵੱਲ ਉਡਾਰੀ ਮਾਰ ਗਈ ਹੋਵੇ ਜਿੱਥੋਂ ਵਾਪਸ ਮੁੜਨਾ ਸ਼ਾਇਦ ਉਸਦੇ ਖੁਦ ਦੇ ਵੱਸ ਨਹੀਂ।

ਵੈੱਬਟੈੱਕ ਕੰਪਿਊਟਰਜ਼ ਜਗਰਾਉਂ

---

## ਗੱਲਾਂ ਵਾਲੇ ਸੱਜਣ


ਛੇ ਕੁ ਫੁੱਟ ਉੱਚੇ ਅਮਰੂਦ ਦੇ ਬੂਟੇ ਦੀ ਇੱਕ ਕਮਜ਼ੋਰ ਜਹੀ, ਥੱਲੇ ਨੂੰ ਲਮਕਦੀ, ਟਾਹਣੀ ਨੂੰ ਬਾਗ਼ ਦਾ ਮਾਲੀ ਇੱਕ ਹੋਰ ਤੰਦਰੁਸਤ ਟਾਹਣੀ ਨਾਲ ਬੰਨ੍ਹ ਕੇ ਆਸਰਾ ਦੇਣ ਹੀ ਲੱਗਾ ਹੀ ਸੀ ਕਿ ਉਹ (ਤੰਦਰੁਸਤ) ਟਾਹਣੀ ਝੱਟ ਬੋਲ ਪਈ, ਉਨਾ ਨਾ ਮਾਲੀ ਭਰਾਵਾ, ਮੈਨੂੰ ਵੀ ਥੱਲੇ ਲਾਉਣੈ? ਮੇਰੇ ਨਾਲ ਨਾ ਬੰਨ੍ਹੀ ਇਹਨੂੰ।"

ਮਾਲੀ ਦਾ ਹੱਥ ਕੰਬ ਗਿਆ।

ਤਦੇ ਮਾਲੀ ਦੀ ਨਜ਼ਰ ਬੂਟੇ ਦੇ ਫੈਲਾਅ ਦੇ ਕੇਂਦਰ ਵਿੱਚ, ਬੂਟੇ ਦੇ, ਤਣੇ 'ਤੇ ਪਈ ਤੇ ਉਸ ਨੇ ਕਮਜ਼ੋਰ ਟਾਹਣੀ ਨੂੰ ਉਹਦੇ ਨਾਲ ਬੰਨ੍ਹ ਦਿੱਤਾ। ਤਣੇ ਨੇ ਬਿਨਾ ਕੋਈ ਗੱਲ ਕੀ-ਤਿਆਂ ਕਮਜ਼ੋਰ ਟਾਹਣੀ ਨੂੰ ਛਾਤੀ ਨਾਲ ਲਾ ਲਿਆ।

– ਬਲਵੀਰ ਮੰਨਣ
91-94173-45485

# ਓਮਪੁਰੀ ਦਾ ਚਲਾਣਾ ਭਾਰਤੀ ਸਿਨੇਮਾ ਲਈ ਇਕ ਨਾ ਪੂਰਾ ਹੋਣ ਵਾਲਾ ਘਾਟਾ



ਮਹਾਨ ਕਲਾਕਾਰ ਓਮ ਪੁਰੀ ਦਾ ਜਨਮ 18 ਅਕਤੂਬਰ 1950 ਨੂੰ ਹਰਿਆਣਾ ਦੇ ਅੰਬਾਲਾ ਸ਼ਹਿਰ ਵਿਚ ਇਕ ਪੰਜਾਬੀ ਪਰਿਵਾਰ ਵਿਚ ਹੋਇਆ। ਓਮ ਪੁਰੀ ਦੇ ਪਿਤਾ ਭਾਰਤੀ ਫੌਜਾ ਵਿਚ ਸਨ। ਅਮਰੀਸ਼ ਪੁਰੀ ਅਤੇ ਮਦਨ ਪੁਰੀ ਉਹਨਾਂ ਦੇ ਚਚੇਰੇ ਭਰਾ ਸਨ। ਓਮਪੁਰੀ ਨੇ ਆਪਣੀ ਸ਼ੁਰੂਆਤੀ ਸਿੱਖਿਆ ਆਪਣੇ ਨਾਨਕੇ ਪੰਜਾਬ ਦੇ ਪਟਿਆਲਾ ਤੋਂ ਪੂਰੀ ਕੀਤੀ। ਓਮਪੁਰੀ ਨੇ ਪੁਣੇ ਦੇ ਫਿਲਮ ਐਂਡ ਟੈਲੀਵਿਜਨ ਇੰਸਟੀਚਿਊਟ ਆਫ ਇੰਡੀਆ ਤੋਂ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ। ਇਸ ਦੇ ਨਾਲ ਹੀ ਉਹਨਾਂ ਨੇ ਦਿੱਲੀ ਦੇ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਵੀ ਪੜ੍ਹਾਈ ਕੀਤੀ।



ਐਨ. ਐਸ. ਡੀ. ਵਿਚ ਨਸੀਰੂਦੀਨ ਸ਼ਾਹ ਉਹਨਾਂ ਦੇ ਕਲਾਸਮੇਟ ਸਨ। 1976 ਵਿਚ ਓਮ ਪੁਰੀ ਨੇ ਪੁਣੇ ਫਿਲਮ ਇੰਸਟੀਚਿਊਟ ਤੋਂ ਟਰੇਨਿੰਗ ਪ੍ਰਾਪਤ ਕੀਤੀ। ਇਸ ਤੋਂ ਬਾਅਦ ਲੱਗਭੱਗ ਡੇਢ ਸਾਲ ਤੱਕ ਇਕ ਸਟੂਡੈਂਟ ਵਜੋਂ ਅਭਿਨੈ ਕੀਤੀ। ਓਮ ਪੁਰੀ ਨੇ ਆਪਣੇ ਨਿੱਜੀ ਥੀਏਟਰ ਗਰੁੱਪ 'ਮਜਮਾ' ਦੀ ਸਥਾਪਨਾ ਕੀਤੀ। ਓਮਪੁਰੀ ਦਾ ਵਿਆਹ 1991 ਵਿਚ ਅਭਿਨੇਤਾ ਅਨੂ ਕਪੂਰ ਦੀ ਭੈਣ ਸੀਮਾ ਕਪੂਰ ਨਾਲ ਹੋਇਆ।

ਕੁਝ ਸਮੇਂ ਬਾਅਦ ਆਪਸੀ ਤਾਲਮੇਲ ਨਾ ਹੋਣ ਕਾਰਨ ਦੋਵਾਂ ਵਿਚ ਤਲਾਕ ਹੋ ਗਿਆ। ਅਨੁ ਕਪੂਰ ਦਾ ਦੂਜਾ ਵਿਆਹ 1993 ਵਿਚ ਪੱਤਰਕਾਰ ਨੰਦਿਤਾ ਪੁਰੀ ਨਾਲ ਹੋਇਆ। ਜਿਹਨਾਂ ਦਾ ਉਹਨਾਂ ਤੋਂ ਮੁੰਡਾ ਇਸ਼ਾਨ ਵੀ ਹੈ। ਨੰਦਿਤਾ ਨੇ ਓਮਪੁਰੀ ਤੇ ਘਰੇਲੂ ਹਿੰਸਾ ਦਾ ਦੋਸ਼ ਲਗਾਇਆ ਸੀਂ, ਜਸ ਕਾਰਨ ਦੋਵੇਂ 2013 ਵਿਚ ਅਲੱਗ ਹੋਏ।

ਓਮਪੁਰੀ ਨੇ ਆਪਣੇ ਫਿਲਮ ਕੈਰੀਅਰ ਦੀ ਸ਼ੁਰੂਆਤ 1972 ਵਿਚ ਮਰਾਠੀ ਫਿਲਮ 'ਘਾਸੀਰਾਮ ਕੋਤਵਾਲ' ਤੋਂ ਕੀਤੀ। ਪਰ ਭਾਰਤੀ ਸਿਨੇਮਾ ਵਿਚ ਉਹਨਾਂ ਦੀ ਅਲੱਗ ਪਛਾਣ 1980 ਵਿਚ ਆਈ ਪਹਿਲਾਨ ਨਿਹਲਾਨੀ ਦੀ 'ਆਕ੍ਰੋਸ਼' ਤੋਂ ਬਣੀ। ਓਮਪੁਰੀ ਨੇ ਅਮਰੀਸ਼ ਪੁਰੀ, ਸਮਿਤਾ ਪਾਟਿਲ, ਨਸੀਰੂਦੀਨ ਸ਼ਾਹ ਅਤੇ ਸ਼ਬਾਨਾ ਆਜਮੀ ਦੇ ਨਾਲ ਮਿਲ ਕੇ ਕਈ



ਯਾਦਗਾਰ ਫਿਲਮਾਂ ਦਿੱਤੀਆਂ, ਜਿਹਨਾਂ ਵਿਚ ਓਮਪੁਰੀ ਦਾ ਅਭਿਨੈ ਦਮਦਾਰ ਸੀ। ਓਮਪੁਰੀ ਇਕ ਅਜਿਹੇ ਅਭਿਨੇਤਾ ਸਨ ਜਿਹਨਾਂ ਨੇ ਇਕ ਸਧਾਰਨ ਜਿਹਾ ਚਿਹਰਾ ਹੋਣ ਦੇ ਬਾਵਜੂਦ ਆਪਣੇ ਅਭਿਨੈ ਨਾਲ ਫਿਲਮ ਜਗਤ ਵਿਚ ਆਪਣੀ ਅਲੱਗ ਪਛਾਣ ਬਣਾਈ ਅਤੇ ਕਈ ਸਫਲ ਫਿਲਮਾਂ ਦਿੱਤੀਆਂ। ਆਕ੍ਰੋਸ਼ ਵਿਚ ਸ਼ਾਨਦਾਰ ਅਭਿਨੇ ਦੇ ਲਈ ਓਮਪੁਰੀ ਨੂੰ ਬੈਸਟ ਸਪੋਰਟਿੰਗ ਐਕਟਰ ਦਾ ਫਿਲਮ ਫੇਅਰ ਐਵਾਰਡ ਮਿਲਿਆ। ਇਸ ਤੋਂ ਬਾਅਦ ਉਹਨਾਂ ਨੇ ਕਈ ਹਿੰਦੀ ਫਿਲਮਾਂ ਵਿਚ ਸ਼ਾਨਦਾਰ ਅਭਿਨੇ ਕੀਤਾ ਅਤੇ ਆਪਣੇ ਅਭਿਨੈ ਦੇ ਬਲਤੇ ਫਿਲਮ ਜਗਤ ਵਿਚ ਸ਼ੋਹਰਤ ਵੀ ਪ੍ਰਾਪਤ ਕੀਤੀ।

ਓਮਪੁਰੀ ਨੇ ਆਪਦੇ ਫਿਲਮੀ ਜੀਵਨ ਵਿਚ ਹਰ ਤਰੀਕੇ ਦੀਆਂ ਭੂਮਿਕਾਵਾਂ ਨਿਭਾਈਆਂ। ਉਹਨਾਂ ਨੇ ਸਕਾਰਾਤਮਕ ਭੂਮਿਕਾਵਾਂ ਦੇ ਨਾਲ ਨਕਾਰਾਤਮਕ ਅਤੇ ਹਾਸ ਭੂਮਿਕਾਵਾਂ ਵੀ ਇਕ ਮਾਹਿਰ ਕਲਾਕਾਰ ਵਾਂਗ ਨਿਭਾਈਆਂ। ਉਹ ਹਮੇਸ਼ਾ ਗੰਭੀਰ ਅਭਿਨੈ ਦੇ ਲਈ ਜਾਣੇ ਜਾਂਦੇ ਸਨ। ਉਹਨਾਂ ਨੂੰ ਦੋ ਵਾਰ ਰਾਸ਼ਟਰੀ ਪੁਰਸਕਾਰ ਨਾਲ ਵੀ ਨਿਵਾਜਿਆ ਜਾ ਚੁੱਕਾ ਹੈ। ਓਮਪੁਰੀ ਨੂੰ 1981 ਵਿਚ ਪਹਿਲੀ ਵਾਰ ਆਰੋਹਣ ਫਿਲਮ ਵਿਚ ਸ਼ਾਨਦਾਰ ਅਭਿਨੇ ਦ ੇਲਈ ਕੌਮੀ ਪੁਰਸਕਾਰ ਮਿਲਿਆ ਅਤੇ ਦੂਜੀ ਵਾਰ 1983 ਵਿਚ 'ਅਰਧਸੱਤ' ਫਿਲਮ ਵਿਚ ਬਿਹਤਰੀਨ ਅਦਾਕਰੀ ਦੇ ਲਈ ਬੈਸਟ ਐਕਟਰ ਦਾ ਕੌਮੀ ਪੁਰਸਕਾਰ ਮਿਲਿਆ। ਹਿਸਦੇ ਨਾਲ ਹੀ ਓਮਪੁਰੀ ਨੂੰ 1990 ਵਿਚ ਦੇਸ਼ ਦੇ ਚੌਥੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮਸ਼੍ਰੀ ਨਾਲ ਵੀ ਨਿਵਾਜਿਆ ਜਾ ਚੁੱਕਾ ਹੈ।

ਓਮਪੁਰੀ ਨੇ ਹਿੰਦੀ ਫਿਲਮਾਂ ਦੇ ਨਾਲ ਹੀ ਹਾਲੀਵੁੱਡ ਫਿਲਮਾਂ ਵਿਚ ਵੀ ਕੰਮ ਕੀਤਾ ਹੈ। ਪੰਜਾਬੀ, ਹਰਿਆਣਵੀ ਅਤੇ ਦੱਖਣ ਦੀਆਂ ਫਿਲਮਾਂ ਵਿਚ ਵੀ ਉਹਨਾਂ ਨੇ ਕੰਮ ਕੀਤਾ।

### ਉੜੀ ਵਿਚ ਸ਼ਹੀਦ ਜਵਾਨ 'ਤੇ ਦਿੱਤੇ ਖੁਦ ਦੇ ਬਿਆਨ ਤੇ ਸ਼ਰਮਿੰਦਾ ਸਨ ਓਮਪੁਰੀ

ਓਮਪੁਰੀ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਬੇਹੱਦ ਪ੍ਰੇਸ਼ਾਨ ਸਨ। ਉਹਨਾਂ ਨੇ ਦੇਸ਼ ਵਿਚ ਆਪਣੀ ਪ੍ਰਾਪਰਟੀ ਵੇਚ ਕੇ ਅਮਰੀਕਾ ਵਿਚ ਸ਼ਿਫਟ ਹੋਣ ਦੀ ਤਿਆਰੀ ਕਰ ਲਈ ਸੀ। ਸੂਤਰਾਂ ਮੁਤਾਬਕ ਓਮ ਸ਼ਹੀਦ ਸੈਨਿਕ ਨਿਤਿਨ ਯਾਦਵ 'ਤੇ ਆਪਣੇ ਬਿਆਨ ਅਤੇ ਉਸ ਤੋਂ ਬਾਅਦ ਹੋਈ ਆਲੋਚਨਾ ਤੇ ਬਹੁਤ ਸ਼ਰਮਿੰਦਾ ਸਨ।

ਕਰੀਬੀ ਦੋਸਤਾਂ ਨੇ ਵੀ ਉਹਨਾਂ ਨੂੰ ਫਿਟਕਾਰ ਲਗਾਈ ਸੀ। ਦੂਜੇ ਪਾਸੇ ਐਤਵਾਰ ਨੂੰ ਪ੍ਰੋਡਿਊਸਰ ਖਾਲਿਦ ਕਿਦਵਈ, ਪੁਰੀ ਦੀ ਨੌਕਰਾਣੀ ਅਤੇ ਇਕ ਕਰੀਬੀ ਤੋਂ ਓਸ਼ਿਵਾਰਾ ਥਾਣੇ ਵਿਚ ਕਈ ਘੰਟੇ ਪੁੱਛਗਿੱਛ ਹੋਈ। ਹਾਲਾਕਿ ਪਤਨੀ ਨੰਦਿਤਾ ਫਿਰ ਪੁਲਿਸ ਦੇ ਸਾਹਮਣੇ ਪੇਸ਼ ਨਹੀਂ ਹੋਈ।

ਸੂਤਰਾਂ ਮੁਤਾਬਕ ਪੁਰੀ ਨੇ ਇਕ ਕਰੀਬੀ ਨੂੰ ਆਪਣੀ ਪ੍ਰਾਪਰਟੀ ਦਾ ਅਸੈਸਮੈਂਟ ਕਰਵਾ ਲਿਆ ਸੀ। ਇਹ ਕਰੀਬੀ ਉਹਨਾਂ ਦੀ ਸੰਪਤੀ ਨਾਲ ਜੁੜੇ ਮਾਮਲੇ ਦੇਖਦਾ ਹੈ। ਪੁਲਿਸ ਨੇ ਇਸ ਵਿਅਕਤੀ ਤੋਂ ਵੀ ਪੁੱਛਗਿੱਛ ਕੀਤੀ ਹੈ। ਇਸ ਵਿਅਕਤੀ ਨੇ ਪੁਲਿਸ ਨੂੰ ਦੱਸਿਆ ਕਿ ਪੁਰੀ ਫਲੋਰੀਡਾ ਵਿਚ ਸ਼ਿਫਟ ਹੋਣ ਦਾ ਮਨ ਬਣਾ ਚੁੱਕੇ ਸਨ।

ਓਮਪੁਰੀ ਪਰਿਵਾਰਕ ਮਾਮਲਿਆਂ ਨੂੰ ਲੈ ਕੇ ਤਾਂ ਕਈ ਸਾਲ ਤੋਂ ਪ੍ਰੇਸ਼ਾਨ ਸੀ ਪਰ ਪਿਛਲੇ ਸਾਲ ਉੜੀ ਹਮਲੇ ਵਿਚ ਸ਼ਹੀਦ ਇਕ ਜਵਾਨ ਤੇ ਦਿੱਤੇ ਉਹਨਾਂ ਦੇ ਬਿਆਨ ਕਾਰਨ ਹੰਗਾਮਾ ਮੱਚ ਗਿਆ ਸੀ।

ਇਸ ਬਿਆਨ ਤੋਂ ਬਾਅਦ ਓਮ ਪੁਰੀ ਦੇ ਦੋ ਕਰੀਬ ਦੋਸਤਾਂ ਨੇ ਉਹਨਾਂ ਨੂੰ ਖੂਬ ਗਾਲਾਂ ਕੱਢੀਆਂ ਸਨ। ਸੂਤਰਾਂ ਮੁਤਾਬਕ ਇਹਨਾਂ ਵਿਚੋਂ ਇਕ ਉਹਨਾਂ ਦਾ ਜੂਨੀਅਰ ਹੈ ਜੋ ਆਮ ਤੌਰ ਤੇ ਉਹਨਾਂ ਨੂੰ 'ਓਮ ਭਾਈ' ਕਹਿੰਦਾ ਸੀ ਪਰ ਉਸਨੇ ਪੁਰੀ ਦੇ ਬਿਆਨ ਤੋਂ ਬਾਅਦ ਕਾਫੀ ਗਰਮਾ-ਗਰਮ ਸੁਣਾਈਆਂ ਸਨ। ਪੁਰੀ ਇਸ ਤੋਂ ਕਾਫੀ ਦੁਖੀ ਸਨ। ਉਹਨਾਂ ਨੇ ਸ਼ਹੀਦ ਸੈਨਿਕ ਦੇ ਘਰ ਜਾ ਕੇ ਮੁਆਫੀ ਵੀ ਮੰਗੀ ਸੀ। ਹਾਲਾਂਕਿ ਪੁਰੀ ਖੁਦ ਨੂੰ ਮੁਆਫ ਨਹੀਂ ਕਰ ਪਾ ਰਹੇ ਸਨ ਅਤੇ ਸ਼ਰਮਿੰਦਗੀ ਮਹਿਸੂਸ ਕਰਦੇ ਸਨ।

# ਕਲਾਕਾਰ ਰੰਗ-ਕਰਮੀ ਓਮ ਪੁਰੀ ਦੀ ਬੇ-ਵਕਤ ਮੌਤ ਦੇ ਮੋਕੇ 'ਤੇ ਇੱਕ ਸ਼ੋਕ ਸਭਾ ਕੀਤੀ

**ਹੁਸ਼ਿਆਰਪੁਰ-** ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕਟ 119 ਅਤੇ ਸ੍ਰੀ ਗਰੇਸ਼ਾ ਫਿਲਮਸ ਵਲੋਂ ਕਲਾਕਾਰ ਰੰਗ-ਕਰਮੀ ਓਮ ਪੁਰੀ ਦੀ ਬੇ-ਵਕਤ ਮੌਤ ਦੇ ਮੋਕੇ 'ਤੇ ਇੱਕ ਸ਼ੋਕ ਸਭਾ ਕੀਤੀ ਗਈ। ਜਿਸ ਵਿੱਚ ਬਰਕਮ ਦੇ ਨਿਰਦੇਸ਼ਕ ਅਸ਼ੋਕ ਪੁਰੀ, ਵਿਨੋਦ ਸਿੱਧੂ, ਚੰਡੀਗੜ੍ਹ ਰੰਗ-ਮੰਚ ਦੇ ਬੀ.ਐਸ. ਠਾਕਰ, ਵੀਡੀਓ ਡਾਇਰੈਕਟਰ ਸ਼ਿਵਮ ਕੁਮਾਰ ਵਿਸ਼ੇਸ਼ ਤੋਰ 'ਤੇ ਹਾਜ਼ਰ ਹੋਏ।

ਸ਼ੋਕ ਸਭਾ ਵਿੱਚ ਪਿਛਲੇ 50 ਸਾਲਾਂ ਤੋਂ ਪੰਜਾਬੀ ਰੰਗ-ਮੰਚ, ਪੰਜਾਬੀ ਸਿਨੇਮਾ, ਵਾਲੀਬੁੱਡ ਅਤੇ ਹਾਲੀਬੁੱਡ ਵਿੱਚ ਆਪਣੇ ਨਾਮ ਦਾ ਸਿੱਕਾ ਚਲਾਉਣ ਵਾਲੇ ਸਿਨੇ-ਕਲਾਕਾਰ, ਰੰਗ-ਕਰਮੀ ਓਮ ਪੁਰੀ ਦੇ ਕੰਮਾਂ ਨੂੰ ਯਾਦ ਕੀਤਾ ਗਿਆ। ਇਸ ਮੋਕੇ ਬਹੁ-ਰੰਗ ਕਲਾ-ਮੰਚ ਦੇ ਬੀ.ਐਸ. ਢਿਲੋ, ਸੰਜੀਵ ਕੁਮਾਰ, ਅਮ੍ਰਿਤ ਪਾਲ ਦੇ ਨਾਲ ਅਲਾਇੰਸ ਕਲੱਬ ਦੇ ਜੋਨ ਚੈਅਰਮੇਨ ਐਲੀ ਸੁਮੇਸ਼ ਕੇ. ਵਰਮਾ, ਐਲੀ ਰਵੀ ਲੋਚਨ ਕੁਮਾਰ ਹੀਰ, ਪ੍ਰਧਾਨ ਪਰਮਿੰਦਰ ਕੁਮਾਰ ਅਤੇ ਡਿਸਟ੍ਰਿਕਟ ਚੈਅਰਮੇਨ ਸੰਜੀਵ ਕੁਮਰ ਸ਼ਰਮਾ ਨੇ ਉਨ੍ਹਾਂ ਦੀ ਘਾਟ ਨੂੰ ਮਹਿਸੂਸ ਕੀਤਾ। ਇਸ ਮੋਕੇ ਬੀ.ਐਸ. ਠਾਕਰ ਨੇ ਓਮ ਪੁਰੀ ਨਾਲ ਪਟਿਆਲਾ ਵਿੱਚ



ਓਮ ਪੁਰੀ ਦੀ ਬੇ-ਵਕਤ ਮੌਤ 'ਤੇ ਸ਼ੋਕ ਸਭਾ ਵਿੱਚ ਸ਼੍ਰੀ ਗਰੇਸ਼ਾ ਫਿਲਮਸ ਦੇ ਅਸ਼ੋਕ ਪੁਰੀ ਨਾਲ ਬੀ. ਐਸ. ਠਾਕਰ, ਵਿਨੋਦ ਸਿੱਧੂ, ਐਲੀ ਸੁਮੇਸ਼ ਕੇ. ਵਰਮਾ, ਐਲੀ ਪਰਮਿੰਦਰ ਕੁਮਾਰ ਅਤੇ ਹੋਰ।

ਬਿਤਾਏ ਪਲਾ ਦੀ ਸਾਂਝ ਕੀਤੀ। ਵਿਨੋਦ ਸਿੱਧੂ ਨੇ ਨੈਸ਼ਨਲ ਸਕੂਲ ਆਫ ਡਰਾਮਾ ਦੇ ਵਿਭਾਗ ਅਤੇ ਕਲਾਕਾਰਾਂ ਵਿੱਚ ਉਨ੍ਹਾਂ ਦੀ ਹਰ ਸਮੇਂ ਚਲਦੀ ਵਿਚਾਰ ਚਰਚਾ ਬਾਰੇ ਦੱਸਿਆ। ਨਿਰਦੇਸ਼ਕ ਅਸ਼ੋਕ ਪੁਰੀ ਹੋਰਾਂ 1964-65 ਵਿੱਚ ਹਰਪਾਲ ਟਿਵਾਣਾ ਦੇ ਨਾਲ ਰਾਜ ਬੱਬਰ, ਗਿਰਜ਼ਾ ਸ਼ੰਕਰ ਅਤੇ ਓਮ ਪੁਰੀ ਦੀ ਰੰਗ-ਮੰਚ ਸੇਵਾ ਅਤੇ ਵਿਸ਼ਵ ਕੈਨਵਸ ਤੇ ਲਗਵਾਈ ਹਾਜ਼ਰੀ ਦਾ ਜ਼ਿਕਰ ਕੀਤਾ।

ਉਨ੍ਹਾਂ ਦੱਸਿਆ ਕਿ ਓਮ ਪੁਰੀ ਦੀ ਕਰਮ-ਸ਼ੈਲੀ ਨਾਲ ਰੰਗ-ਮੰਚ, ਸਿਨੇ-ਜਗਤ ਅਤੇ ਪੰਜਾਬ ਪੰਜਾਬੀਅਤ ਨੂੰ ਇੱਕ ਵੱਡਾ ਘਾਟਾ ਪਿਆ ਹੈ।

ਇਸ ਮੋਕੇ 'ਤੇ ਨਿਰਦੇਸ਼ਕ ਅਸ਼ੋਕ ਪੁਰੀ ਨੇ ਦੱਸਿਆ ਕਿ ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਵਿੱਚ 1989 ਤੋਂ ਵੱਖ-ਵੱਖ ਸਮੇਂ ਕੰਮ ਕਰਦੇ ਰੰਗ ਕਰਮੀਆਂ ਲਈ ਓਮ ਪੁਰੀ ਦਾ ਜੀਵਨ ਇੱਕ ਆਸ਼ਾ ਦੀ ਕਿਰਨ ਰਿਹਾ ਹੈ। ਉਨ੍ਹਾਂ ਨੇ ਇਹ ਵੀ ਆਖਿਆ ਕਿ ਜ਼ਿੰਦਗੀ ਵਿੱਚ ਸੰਘਰਸ਼ ਅਤੇ ਲੋੜਾਂ ਦੀ ਘਾਟ ਸਮੇਂ ਜੇਕਰ ਕੋਈ ਕਲਾਕਾਰ ਓਮ ਪੁਰੀ ਦੇ ਜੀਵਨ ਤੇ ਝਾਤ ਮਾਰਦਾ ਹੈ ਤਾਂ ਉਸ ਨੂੰ ਕੁੱਝ ਕਦਮ ਅੱਗੇ ਤੁਰਨ ਦਾ ਹੋਸਲਾ ਮਿਲਦਾ ਹੈ। **- ਰਿਪੋਰਟ - ਅਸ਼ੋਕ ਪੁਰੀ**

# "ਮੈਂ ਓਹੀ ਬੋਹੜ ਹਾਂ" -ਮਨਦੀਪ ਖੁਰਮੀ ਹਿੰਮਤਪੁਰਾ

ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"
559-333-5776



ਬਾਈ ਮਨਦੀਪ ਖੁਰਮੀਂ ਮੇਰੇ ਗੁਆਂਢ ਪਿੰਡ ਹਿੰਮਤਪੁਰੇ ਦਾ ਹੋਣ ਕਰਕੇ ਮੇਰਾ ਮਿੱਤਰ ਹੀ ਨਹੀਂ ਬਲਕਿ ਛੋਟਾ ਵੀਰ ਵੀ ਹੈ। ਬਾਈ ਚਾਹੇ ਅਖਬਾਰ ਜ਼ਰੀਏ ਲੇਖ ਲਿਖੇ ਜਾਂ ਗੀਤ ਲਿਖਕੇ ਆਪਣੀ ਅੰਤਰ-ਵੇਦਨਾ ਉਜਾਗਰ ਕਰੇ..! ਪੰਜਾਬ ਪ੍ਰਤੀ ਫਿਕਰਮੰਦੀ ਪੰਜਾਬੀਅਤ ਦਾ ਦਰਦ ਓਹਦੇ ਸ਼ਬਦਾਂ ਵਿੱਚ ਬਾਖੂਬੀ ਲਿਸ਼ਕਦਾ ਹੈ। ਮਨਦੀਪ ਨੇ ਪੰਜਾਬ ਦੇ ਚੰਗੇ ਮਾੜੇ ਹਲਾਤ ਆਪਣੇ ਪਿੰਡੇ ਤੇ ਹੰਢਾਏ ਅਤੇ ਪੰਜਾਬ ਵਿੱਚ ਪੱਤਰਕਾਰੀ ਕਰਦੇ ਨੇ ਹੱਕ-ਸੱਚ ਲਈ ਕਈ ਜ਼ੋਖਮ ਵੀ ਉਠਾਏ। ਮਨਦੀਪ ਨੇ ਮੁਢਲੀ ਸਿਖਿਆ ਆਪਣੇ ਪਿੰਡ ਹਿੰਮਤਪੁਰਾ, ਬਿਲਾਸਪੁਰ ਅਤੇ ਭਾਗੀਕੇ ਤੋਂ ਹਾਸਲ ਕੀਤੀ, ਬੀ. ਏ. ਲਾਲਾ ਲਾਜਪਤ ਰਾਏ ਕਾਲਜ ਢੁਡੀਕੇ ਤੋਂ ਕਰਨ ਉਪਰੰਤ ਬੀ. ਐਡ. ਰਾਮਗੜੀਆ ਕਾਲਜ ਫਗਵਾੜਾ ਤੋਂ ਕੀਤੀ। ਇਥੇ ਮਨਦੀਪ ਨੇ ਆਪਣੇ ਗਾਇਕ ਦੋਸਤਾਂ ਪਰਵਿੰਦਰ ਮੂਧਲ ਅਤੇ ਰਾਮ ਲੁਭਾਇਆ ਨਾਲ ਰਲਕੇ ਕਾਲਜ ਲਈ ਗਾਇਨ ਮੁਕਾਬਲਿਆ "ਚ ਕਈ ਪੁਰਸਕਾਰ ਵੀ ਜਿੱਤੇ। ਬੀ. ਏ. ਵਿੱਚ ਪੜਦਿਆਂ ਓਹਦਾ ਪਲੇਠਾ ਲੇਖ "ਨੌਜਵਾਨ ਜਥੇਬੰਦੀਆਂ ਨੂੰ ਇੱਕ ਸੁਰਤਾ ਦੀ ਲੋੜ" ਨਵਾਂ ਜਮਾਨਾਂ ਅਖਬਾਰ ਵਿੱਚ ਛਪਿਆ ਅਤੇ ਇਥੋਂ ਹੀ ਮਨਦੀਪ ਦੀ ਪੱਤਰਕਾਰਤਾ ਦਾ ਮੁੱਢ ਬੱਝਿਆ। ਮਨਦੀਪ ਨੇ ਕਈ ਅਖਬਾਰਾਂ ਅਤੇ ਨਿਊਜ਼ ਟਾਇਮ ਚੈਨਲਾ ਲਈ ਵੀ ਕੰਮ ਕੀਤਾ। ਇਸ ਸਮੇਂ ਦੌਰਾਨ ਉਹਨੇ ਸਰਵ-ਸਿਖਿਆ ਅਭਿਆਨ ਤਹਿਤ ਆਪਣੇ ਹੀ ਪਿੰਡ ਹਿੰਮਤਪੁਰਾ ਦੇ ਸੀਨੀਅਰ ਸਕੰਡਰੀ ਸਕੂਲ ਵਿੱਚ ਬਤੌਰ ਅਧਿਆਪਕ ਨੌਕਰੀ ਵੀ ਕੀਤੀ। 2007 ਵਿੱਚ ਬਾਪ ਗੁਰਬਚਨ ਸਿੰਘ ਦੀ ਅੱਚਨਚੇਤ ਮੌਤ ਨੇ ਮਨਦੀਪ ਨੂੰ ਧੁਰ-ਅੰਦਰ ਤੱਕ ਕੰਬਾਕੇ ਰੱਖ ਦਿੱਤਾ। ਪਿਤਾ ਰੋਡਵੇਜ ਵਿੱਚ ਕਡੰਕਟਰ ਸੀ ਅਤੇ ਨੌਕਰੀ ਦੌਰਾਨ ਮੌਤ ਹੋਣ ਕਰਕੇ ਮਨਦੀਪ ਨੂੰ ਉਹਦੀ ਥਾਂ ਤੇ ਰੋਡਵੇਜ ਵਿੱਚ ਬਤੌਰ ਕਡੰਕਟਰ ਦੀ ਜੌਬ ਮਿਲ ਗਈ। ਹਲਾਤ ਨੇ ਇੱਕ ਅਧਿਆਪਕ ਨੂੰ ਬੱਸ ਅੱਡਿਆ ਤੇ ਸੀਟੀਆਂ ਵਜਾਉਣ ਲਈ ਮਜ਼ਬੂਰ ਕਰ ਦਿੱਤਾ। ਸਾਲ ਕੁ ਨੌਕਰੀ ਕਰਨ ਪਿਛੋਂ ਮਨਦੀਪ ਦਾ ਰਿਸ਼ਤਾ ਇੰਗਲੈਂਡ ਹੋ ਗਿਆ। ਮਨਦੀਪ ਕਡੰਕਟਰੀ ਤੋਂ ਲੈਕੇ ਇੰਗਲੈਂਡ ਤੱਕ ਦੇ ਸਫ਼ਰ ਦੀ ਬਾਤ ਪਾਉਦਾ ਕਈ ਵਾਰੀ ਮਨ ਵੀ ਭਰ ਆਉਦਾ ਹੈ। ਜਿਹੜਾ ਬੰਦਾ ਭਾਵੁਕ ਹੋਵੇ ਉਹ ਕਦੇ ਕੋਈ ਗੱਲ ਆਪਣੇਂ ਮਨ ਵਿੱਚ ਛੁਪਾਕੇ ਨਹੀਂ ਰੱਖ ਸਕਦਾ, ਇਵੇਂ ਦਾ ਇਹ ਮੇਰਾ ਛੋਟਾ ਵੀਰ ਖੁਰਮੀਂ..!

ਬਹੁਤ ਖਜ਼ਾਨਾਂ ਲੋਕਾਂ ਤੋਂ ਛੁਪਾਕੇ ਰਜਿਸਟਰਾਂ ਵਿੱਚ ਨੱਪੀ ਬੈਠਾ ਹੈ। ਕਦੇ ਕਦੇ ਕਿਸੇ ਗੀਤ ਦੇ ਰੂਪ ਵਿੱਚ ਇਹਦੀ ਸ਼ਾਇਰੀ ਦੇ ਦਰਸ਼ਨ ਹੋ ਜਾਦੇ ਨੇ, ਜਦੋਂ ਕਦੇ ਫੋਨ ਤੇ ਗੀਤ ਸੁਣਾਉਦਾ ਹੈ, ਜਿਵੇਂ ਕਾਲਜੇ ਧੂਹ ਪਾ ਦਿੰਦਾ ਹੈ। ਵੀਰ ਦੇ ਕੁਝ ਕੁ ਗੀਤ ਕਲਾਕਾਰਾਂ ਨੇ ਗਾਏ ਵੀ ਹਨ। ਜਿਹਨਾਂ ਨੂੰ ਸਰੋਤਿਆਂ ਨੇ ਚੰਗਾਂ ਮਾਣ ਬਖਸ਼ਿਆਂ ਹੈ। ਮਨਦੀਪ ਇੰਗਲੈਂਡ ਆਕੇ ਇਕੱਲੇ ਪੌਂਡਾ ਮਗਰ ਨਹੀਂ ਪਿਆ ਬਲਕਿ ਉਹਨੇਂ ਆਪਣੀਂ ਕਲਮ ਇਥੇ ਆਕੇ ਵੀ ਚਲਦੀ ਰੱਖੀ ਅਤੇ ਦੁਨੀਆਂ ਭਰ ਦੇ ਅਖਬਾਰਾ ਵਿੱਚ ਆਰਟੀਕਲ ਲਿਖੇ। ਮਨਦੀਪ ਨੇ "ਹਿੰਮਤਪੁਰਾ ਡਾਟ ਕਾਂਮ" ਨਾਮ ਦੀ ਵੈਬਸਾਇਟ ਵੀ ਲਾਂਚ ਕੀਤੀ ਜਿਥੇ ਤੁਸੀਂ ਦੁਨੀਆਂ ਭਰ ਦੇ ਅਖਬਾਰ ਪੜ੍ਹ ਸਕਦੇ ਹੋਂ। ਮਨਦੀਪ ਦਾ ਪੰਜਾਬੀ ਮਾਂ ਬੋਲੀ ਪ੍ਰਤੀ ਮੋਹ ਇਥੋਂ ਜੱਗ ਜਾਹਰ ਹੁੰਦਾ ਕਿ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਇੰਗਲੈਂਡ ਵਿੱਚ ਘਰੇ ਪੈਂਤੀ ਅੱਖਰਾਂ ਵਾਲਾ ਵੱਡਾ ਬਲੈਕ ਬੋਰਡ ਲਾਇਆ ਹੋਇਆ ਹੈ ਜਿਸਦੀ ਬਦੌਲਤ ਪੁਤਰ ਹਿੰਮਤ ਖੁਰਮੀਂ ਤੇ ਬੇਟੀ ਕੀਰਤ ਖੁਰਮੀਂ ਠੇਠ ਪੰਜਾਬੀ ਬੋਲਣ ਦੇ ਨਾਲ ਨਾਲ ਪੰਜਾਬੀ ਲਿਖਣ ਤੇ ਪੜਨ ਵਿੱਚ ਵੀ ਮੁਹਾਰਤ ਰੱਖਦੇ ਹਨ। ਮਨਦੀਪ ਦਾ ਡੈਡੀ ਗੁਰਬਚਨ ਸਿੰਘ ਵੀ ਬਹੁਤ ਵਧੀਆ ਗੀਤਕਾਰ ਸੀ ਬਚਪਨ ਵਿੱਚ ਮਨਦੀਪ ਆਪਣੇ ਪਿਤਾ ਦੇ ਲਿਖੇ ਗੀਤ ਆਪਣੇ ਛੋਟੇ ਵੀਰ ਮਿੰਟੂ ਖੁਰਮੀਂ ਦੇ ਬਾਲਟੀ ਤੇ ਢੋਲਕੀ ਰੂਪੀ ਸਾਥ ਨਾਲ ਬਾਲ ਸਭਾਵਾਂ ਜਾ ਨਗਰ ਕੀਰਤਨਾਂ ਤੇ ਅਕਸਰ ਗਾਇਆ ਕਰਦਾ ਸੀ। ਵਿਦੇਸ਼ ਵਿੱਚ ਆਕੇ ਮਨਦੀਪ ਲੱਚਰ ਗਾਇਕਾ ਨਾਲ ਕਾਫ਼ੀ ਖਫ਼ਾ ਸੀ ਖਾਸ ਕਰਕੇ ਰੈਪ ਜੀਹਦਾ ਕਿ ਸਾਡੇ ਪੰਜਾਬੀ ਸੱਭਿਆਚਾਰ ਨਾਲ ਨੇੜ ਤੇੜ ਦਾ ਵੀ ਕੋਈ ਵਾਹ ਵਾਸਤਾ ਨਹੀ ਇਹਨੂੰ ਧੱਕੇ ਨਾਲ ਪੰਜਾਬੀ ਗਾਇਕੀ ਵਿੱਚ ਘਸੋੜਿਆ ਹੋਇਆ ਹੈ। ਇਸ ਲੱਚਰਤਾ ਭਰੇ ਗਾਇਕੀ ਦੇ ਮਹੌਲ ਨੂੰ ਠੱਲ੍ਹ ਪਾਉਣ ਵਾਸਤੇ ਮਨਦੀਪ ਨੇ ਰੇਡੀਓ ਦਿਲ ਆਪਣਾ ਪੰਜਾਬੀ ਦੇ ਸਹਿਯੋਗ ਨਾਲ 2012 ਵਿੱਚ ਇੱਕ ਪੋਸਟਰ ਦੁਨੀਆਂ ਪੱਧਰ ਤੇ ਰਲੀਜ਼ ਕੀਤਾ ਜਿਸ ਕਰਕੇ ਪੰਜਾਬੀ ਜਾਗੇ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਲੱਚਰ ਗਾਇਕਾਂ ਦਾ ਵਿਰੋਧ ਵੀ ਹੋਇਆ। ਮੈਂ ਸਮਝਦਾ ਅੱਜ ਜੇ ਚੰਗੇ ਗੀਤ ਮਾਰਕੀਟ ਵਿੱਚ ਆ ਰਹੇ ਨੇ ਇਹਦਾ ਸਿਹਰਾ ਵੀ ਕਿਤੇ ਨਾਂ ਕਿਤੇ ਮਨਦੀਪ ਸਿਰ ਜਾਦਾ ਹੈ। ਮਨਦੀਪ ਬੇਬਾਕ ਪੱਤਰਕਾਰ ਜਤਿੰਦਰ ਪੰਨੂੰ, ਕਾਮਰੇਡ ਜਗਰੂਪ ਸਿੰਘ ਅਤੇ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੂੰ ਆਪਣੇ ਆਦਰਸ਼ ਮੰਨਦਾ ਹੈ। ਮਨਦੀਪ ਜਿਥੇ ਇੱਕ ਉਘੇ ਕਾਲਮ ਨਵੀਸ ਦੇ ਤੌਰ ਤੇ ਸਥਾਪਿਤ ਹੋ ਚੁਕਾ ਹੈ, ਉਥੇ ਸਮਾਜ ਨੂੰ ਸੇਧ ਦੇਣ ਵਾਲੇ ਕਈ ਗੀਤ ਲਿਖ ਅਤੇ ਗਾਕੇ ਵੀ ਪੰਜਾਬੀ ਮਾਂ ਬੋਲੀ ਦੀ ਝੋਲ੍ਹੀ ਪਾ ਚੁੱਕਾ ਹੈ। ਮਨਦੀਪ ਦਾ ਗੀਤ ਗਾਉਣ ਦਾ ਮਕਸਦ ਕੋਈ ਪੈਸਾ ਕਮਾਉਣਾ ਜਾ ਸ਼ੋਹਰਤ ਹਾਸਲ ਕਰਨਾ ਨਹੀਂ ਬਲਕਿ ਸੱਚ ਨੂੰ ਸ਼ਾਇਰੀ ਰਾਹੀਂ ਪ੍ਰਗਟ ਕਰਕੇ ਲੋਕਾਂ ਦੀਆਂ ਦਹਿਲੀਜਾਂ ਤੱਕ ਪਹੁੰਚਾਉਣਾ ਹੈ।




ਪਿਛਲੇ ਸਾਲ ਮਨਦੀਪ ਦਾ ਆਪਣੀ ਅਵਾਜ਼ ਵਿੱਚ ਰਿਕਾਰਡ ਹੋਇਆ ਖੂਬਸੂਰਤ ਗੀਤ "ਮੈਂ ਪੰਜਾਬ ਬੋਲਦਾ ਹਾਂ" ਸ਼ੋਸ਼ਲ ਮੀਡੀਏ ਜ਼ਰੀਏ ਪੰਜਾਬ ਦੇ ਮੰਦਹਾਲੀ ਹਲਾਤਾਂ ਦੀ ਐਸੀ ਬਾਤ ਪਾ ਗਿਆ ਕਿ ਬਿਨ੍ਹਾਂ ਕੋਈ ਪੈਸਾਂ ਖਰਚਣ ਤੋਂ ਲੱਖਾਂ ਲੋਕਾਂ ਨੇ ਉਹਨੂੰ ਸ਼ੇਅਰ ਤੇ ਪਸੰਦ ਕੀਤਾ। ਇਸ ਗੀਤ ਜ਼ਰੀਏ ਮਨਦੀਪ ਨੇ ਇੱਕ ਨਵੀਂ ਪਿਰਤ ਪਾਈ ਕਿ ਕਿਸੇ ਗੀਤ ਨੂੰ ਪਰਖਣ ਲਈ ਕਿਸੇ ਸੈਂਸਰ ਬੋਰਡ ਦੀ ਲੋੜ ਨਹੀਂ ਹੁੰਦੀ, ਮਨਦੀਪ ਨੇ ਸਭ ਤੋਂ ਵੱਡਾ ਸੈਂਸਰ ਲਾਇਆ ਤੇ ਇਹ ਗੀਤ ਆਪਣੀਂ "ਮਾਂ" ਤੋਂ ਲੋਕ ਅਰਪਣ ਕਰਵਾਇਆ। ਓਸੇ ਤਰਾਂ ਪੰਜਾਬ ਦੇ ਲੋਕਾਂ ਦੀ ਮੰਦਹਾਲੀ ਕਾਰਨ ਹੋ ਰਹੀ ਬੁਰੀ ਹਾਲਤ ਨੂੰ ਬਿਆਨਦਾ ਖੂਬਸੂਰਤ ਗੀਤ "ਮੈਂ ਓਹੀ ਬੋਹੜ ਹਾਂ" ਲੈਕੇ ਮਨਦੀਪ ਲੋਕ ਕਚਿਹਰੀ ਵਿੱਚ ਪੇਸ਼ ਹੋ ਚੁਕਿਆ ਹੈ, ਆਸ ਹੀ ਨਹੀਂ ਉਮੀਦ ਹੈ ਕਿ ਤੁਸੀਂ ਇਸ ਗੀਤ ਨੂੰ ਭਰਵਾਂ ਹੁੰਗਾਰਾ ਦੇਵੋਗੇ। ਇਸ ਗੀਤ ਰਾਹੀਂ ਚੰਗੇ ਦਿਨਾਂ ਨੂੰ ਯਾਦ ਕਰਦਿਆਂ ਬੋਹੜ ਨੂੰ ਕੇਂਦਰ ਬਿੰਦੂ ਬਣਾਕੇ ਪੰਜਾਬ ਦੇ ਤਾਜਾ ਹਲਾਤ ਬਿਆਨਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਹੜੇ ਬੋਹੜ ਦੀ ਛਾਂ ਹੇਠ ਬੈਠਕੇ ਕੰਮ ਤੋਂ ਥੱਕੇ ਸਾਡੇ ਬਜ਼ੁਰਗ, ਕਿਸਾਨ ਜਾਂ ਕਾਮੇ ਸੱਥ ਰੂਪੀ ਝੁੰਡ ਬਣਾਕੇ ਤਾਸ਼ ਖੇਡ ਜਾ ਗੱਲਾ ਬਾਤਾਂ ਕਰਕੇ ਮਨੋਰੰਜਨ ਕਰਦੇ ਥਕੇਵਾਂ ਲਹੁੰਦੇ ਸੀ। ਅੱਜ ਓਸੇ ਬੋਹੜ ਦੇ ਟਾਹਣਿਆ ਨਾਲ ਆਰਥਿਕ ਪੱਖੋਂ ਦੁਖੀ ਪੰਜਾਬੀ ਫਾਹੇ ਲੈ ਰਹੇ ਹਨ। ਇਸ ਬੋਹੜ ਦੀ ਬਾਤ ਪਾਕੇ ਸਿਆਸੀ ਲੀਡਰ ਜੋ ਪੰਜਾਬ ਨੂੰ ਲੁਟਕੇ ਖਾ ਗਏ ਉਹਨਾਂ ਨੂੰ ਵੀ ਲਾਹਣਤਾ ਪਾਈਆ ਗਈਆ ਹਨ। ਇਸੇ ਬੋਹੜ ਤੇ ਕਦੇ ਪੀਘਾਂ ਝੂਟਣ ਵਾਲੀਆਂ ਮੁਟਿਆਰਾ ਨੂੰ ਯਾਦ ਕਰਦਿਆਂ ਅਲੋਪ ਹੋ ਰਹੇ ਸੱਭਿਆਚਾਰ ਅਤੇ ਵਿਰਸੇ ਪ੍ਰਤੀ ਪੰਜਾਬੀਆਂ ਨੂੰ ਹਲੂਣਿਆ ਗਿਆ ਹੈ। ਕੁਲ ਮਿਲਾਕੇ ਇਹ ਗੀਤ ਪੰਜਾਬੀਆਂ ਦੀ ਐਸੀ ਦੁਖਦੀ ਰੱਗ ਤੇ ਹੱਥ ਰੱਖਦਾ ਹੈ ਜਿਹੜੀਆਂ ਹਕੀਕਤਾਂ ਅਸੀਂ ਹਰਰੋਜ ਟੀਵੀ, ਰੇਡੀਓ, ਅਖਬਾਰ ਜ਼ਰੀਏ ਪੜਦੇ ਸੁਣਦੇ ਹਾਂ। ਇਹ ਗੀਤ ਜੱਸੂ ਰਿਕਾਰਡਜ਼ ਦੇ ਬੈਨਰ ਹੇਠ "ਦੀ ਸਾਂਉਡ ਲੈਬ" ਦੇ ਮਿਊਜ਼ਿਕ ਵਿੱਚ ਰਿਕਾਰਡ ਹੋਇਆ ਹੈ। ਇਸ ਗੀਤ ਦੀ ਵੀਡੀਓ ਗ੍ਰਾਫ਼ੀ ਹਰਪ੍ਰੀਤ ਦਹੇੜੂ ਨੇ ਬਾਖੂਬੀ ਕੀਤੀ ਹੈ। ਆਸ ਕਰਦਾ ਕਿ ਬਾਈ ਮਨਦੀਪ ਖੁਰਮੀਂ ਦੀ ਕਲਮ ਚੋਂ ਉਪਜਿਆਂ ਅਤੇ ਓਸੇ ਦੀ ਅਵਾਜ਼ ਵਿੱਚ ਗਾਇਆ ਇਹ ਗੀਤ ਸੁਤੀਆਂ ਸਰਕਾਰਾ ਤੇ ਢੇਰੀ ਢਾਹ ਚੁਕੇ ਪੰਜਾਬੀਆਂ ਦੇ ਕੰਨਾਂ ਤੱਕ ਜਰੂਰ ਪਹੁੰਚੇਗਾ ਅਤੇ ਹਰ ਰੋਜ ਆ ਰਹੀਆਂ ਉਦਾਸ ਖਬਰਾਂ ਨੂੰ ਕੁਝ ਠੱਲ੍ਹ ਪਾ ਸਕੇਗਾ। ਪੰਜਾਬ ਦੇ ਚੰਗੇ ਦਿਨਾਂ ਦੇ ਪਰਤਣ ਦੀ ਉਡੀਕ ਵਿੱਚ ਇਹ ਗੀਤ ਇੱਕ ਕਿੱਲ ਸਾਬਤ ਹੋ ਸਕਦਾ ਹੈ । ਸਭ ਤੋਂ ਵੱਧ ਖੁਸ਼ੀ ਇਸ ਗੱਲ ਦੀ ਹੋਈ ਮਨਦੀਪ ਨੇ ਇਹ ਗੀਤ ਵੀ ਆਪਣੇ ਪੁਤਰ ਹਿੰਮਤ ਖੁਰਮੀਂ ਅਤੇ ਬੇਟੀ ਕੀਰਤ ਖੁਰਮੀਂ ਤੋਂ ਰਲੀਜ਼ ਕਵਾਇਆ। ਜੀ ਓਏ ਸੱਜਣਾ ਜੀ। ਮਨਦੀਪ ਖੁਰਮੀਂ ਦੀ ਕਲਮ ਦੇ ਕੁਝ ਬੋਲ-

ਓਹਦੀ ਬਾਂਹ ਫੜ ਪੁਛਾ ਜੇ ਖੁਦਾ ਮੈਨੂੰ ਮਿਲੇ।
ਕਿ ਮੇਰਿਆ ਗੁਨਾਹਾਂ ਦੀ ਸਜਾ ਮੈਨੂੰ ਮਿਲੇ।
ਕਿਸੇ ਮਜਲੂਮ ਲਈ ਜੇ ਹਾਂਅ ਦਾ ਨਾਅਰਾ ਮਾਰਿਆ ਨਾਂ, ਓਹੀ ਸੇਕ ਖੁਦ ਝੱਲਾਂ, ਓਹੀ ਰਾਹ ਮੈਨੂੰ ਮਿਲੇ।
ਸੱਚ ਦੇ ਰਾਹ ਚੱਲਦੇ ਤੋਂ ਕਦੇ ਡੋਲੇ "ਖੁਰਮੀਂ" ਨਾ, ਬੱਸ ਲੋਕਾਂ ਲੇਖੇ ਲੱਗਜੇ ਜੋ ਸਾਹ ਮੈਨੂੰ ਮਿਲੇ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਲੋਹੜੀ



ਬਲ਼ਦੀਆਂ ਪਾਥੀਆਂ ਦੁਆਲ਼ੇ
ਚਾਰ ਚੱਕਰ ਕੱਢ ਲੈਣੇ ਹੀ
'ਲੋਹੜੀ ਮਨਾਉਣਾ ' ਨਹੀਂ ਹੁੰਦਾ।
ਚੂੰਢੀ ਕੁ ਤਿਲ਼ ਅੱਗ 'ਚ ਸੁੱਟਣ ਨਾਲ਼
ਨਾ ਦਲਿੱਦਰ ਸੜਦਾ ਹੈ
ਅਤੇ ਨਾ ਹੀ ਸਮੇਂ ਦੇ ਹਾਕਮ ਦਾ ਗ਼ਰੂਰ।
ਸੀਨੇ ਵਿੱਚ ਅਣਖ਼ ਦੀ ਲਾਟ ਬਾਲ਼ ਕੇ
ਪਿੰਡੀ ਤੋਂ ਲਾਹੌਰ ਦਾ ਸਫ਼ਰ ਤੈਅ ਕਰਨ ਦਾ ਨਾਂ ਹੈ - ਲੋਹੜੀ।
ਆਪਣੀ ਮਿੱਟੀ
ਆਪਣੀਆਂ ਫ਼ਸਲਾਂ
ਆਪਣੇ ਹੱਕਾਂ ਲਈ ਲੜ ਮਰਨ ਦਾ ਨਾਂ ਹੈ - ਲੋਹੜੀ।
ਕਿਸੇ ਵਹਿਸ਼ੀ ਦਰਿੰਦੇ ਦੁਆਰਾ
ਕੀਤੇ ਕੌਮੀ ਅਪਮਾਨ ਨੂੰ ਚੁੱਪ-ਚੁਪੀਤੇ ਜਰ ਕੇ
ਕੋਈ ਹੋਰ ਤਿਉਹਾਰ ਤਾਂ ਮਨਾਇਆ ਜਾ ਸਕਦੈ ਪਰ ਲੋਹੜੀ ਨਹੀਂ।
ਰੋਜ਼ੀ-ਰੋਟੀ ਲਈ ਰਾਹ ਜਾਂਦੀ
ਕਿਸੇ ਸੋਹਣੀ ਸੁੰਦਰੀ ਨਾਲ਼ ਮੂੰਹ ਕਾਲ਼ਾ ਕਰ ਕੇ
ਜਾਂ
ਕੁੱਖ 'ਚ ਪਲ਼ਦੀ
ਕਿਸੇ ਮਾਸੂਮ ਮੁੰਦਰੀ ਦਾ ਕਤਲ਼ ਕਰਕੇ
ਕੋਈ ਹੋਰ ਤਿਉਹਾਰ ਤਾਂ ਮਨਾਇਆ ਜਾ ਸਕਦੈ ਪਰ ਲੋਹੜੀ ਨਹੀਂ।
ਬਾਬੇ ਦੁੱਲੇ ਦਿਓ ਵਾਰਸੋ !
ਆਉ
ਕਿ ਹੱਕਾਂ ਲਈ ਲੜੀਏ।
ਆਉ
ਕਿ ਸੁੰਦਰੀ-ਮੁੰਦਰੀ ਨੂੰ ਬਚਾਈਏ।
ਆਉ
ਕਿ ਲੋਹੜੀ ਮਨਾਈਏ।
ਕਿਉਂਕਿ
ਬਲ਼ਦੀਆਂ ਪਾਥੀਆਂ ਦੁਆਲ਼ੇ
ਚਾਰ ਚੱਕਰ ਕੱਢ ਲੈਣੇ ਹੀ 'ਲੋਹੜੀ ਮਨਾਉਣਾ' ਨਹੀਂ ਹੁੰਦਾ...

- ਗੁਰਲਾਲ ਸਿੰਘ ਬਰਾੜ
91-94635-18172

## ਪਾਣੀ ਤੇ ਬੱਸ



ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

ਕੋਈ ਟਾਈਮ ਉਹਦਾ ਦੱਸ ਤੇਰਾ ਗਾਉਂਦੇ ਸਾਰੇ ਜੱਸ
ਬੈਠੇ ਟਿਕਟਾਂ ਕਟਾਈ ਨਿੱਤ ਲੜਦੀ ਹੈ ਸੱਸ
ਬਾਕੀ ਬਾਲ ਬੱਚੇ ਸਾਰੇ ਹੁਣ ਕਰਦੇ ਅੜੀ
ਬੱਸ ਪਾਣੀ 'ਚ ਚਲਾਈ ਸੁਖਬੀਰ ਸਿਆਂ
ਮੈਂ ਤਾਂ ਉਡੀਕਦੀ ਹਾਂ ਰਹਿੰਦੀ ਉਹਨੂੰ ਅੱਡੇ ਤੇ ਖੜ੍ਹੀ।

ਮੂੰਹ ਬੰਦ ਤੂੰ ਕਰਾਇਆ ਕਿਹਾ ਕਰਕੇ ਵਖਾਇਆ
ਬੜਾ ਲਗਦਾ ਸੀ ਸੋਹਣਾ ਬਹਿਕੇ ਹੱਥ ਤੂੰ ਹਲਾਇਆ
ਮੈਨੂੰ ਖਬਰਾਂ ਵਿਖਾਉਣ ਰੋਟੀ ਮੇਰੀ ਤਵੇ ਤੇ ਸੜੀ
ਬੱਸ ਪਾਣੀ 'ਚ ਚਲਾਈ ਸੁਖਬੀਰ ਸਿਆਂ ਮੈਂ ਤਾਂ ....

ਤੇਰਾ ਦਿਲ ਦਰਿਆ ਨਾ ਤੂੰ ਕੀਤੀ ਪ੍ਰਵਾਹ
ਬੱਸ ਏਦਾਂ ਸੀ ਸ਼ਿੰਗਾਰੀ ਹੁੰਦਾ ਕਿਸੇ ਦਾ ਵਿਆਹ
ਇੰਝ ਲੱਗਦਾ ਸੀ ਜਿਵੇਂ ਜੰਨ ਤੇਰੀ ਵੇ ਚੜ੍ਹੀ
ਬੱਸ ਪਾਣੀ 'ਚ ਚਲਾਈ ਸੁਖਵੀਰ ਸਿਆਂ ਮੈਂ ਤਾਂ ....

ਕੋਈ ਕਸਰ ਨਾ ਛੱਡੀ ਦੂਜੀ ਕੀਤੀ ਗੱਲ ਵੱਡੀ
ਖੇਡ ਕਰਤੀ ਜਿਉਂਦੀ ਤੂੰ ਕਰਾਕੇ ਤਾਂ ਕਬੱਡੀ
ਕਈ ਝੂਠਿਆਂ ਹੀ ਲਾਰਿਆਂ ਦੀ ਲਾਉਂਦੇ ਨੇ ਝੜੀ
ਬੱਸ ਪਾਣੀ 'ਚ ਚਲਾਈ ਸੁਖਬੀਰ ਸਿਆਂ ਮੈਂ ਤਾਂ ...

ਦੱਸ ਕਿੱਧਰ ਨੂੰ ਜਾਈਏ ਤੈਨੂੰ ਦੁੱਖੜੇ ਸੁਣਾਈਏ
ਨੋਟਬੰਦੀ ਨੇ ਸਤਾਇਆ ਹੁਣ ਰੋਟੀ ਕਿੱਥੋਂ ਖਾਈਏ
ਮੋਦੀ ਚੰਦਰਾ ਵੀ ਸਾਡੇ ਹੁਣ ਬਹਿ ਗਿਆ ਜੜ੍ਹੀਂ
ਬੱਸ ਪਾਣੀ 'ਚ ਚਲਾਈ ਸੁਖਬੀਰ ਸਿਆਂ ਮੈਂਤਾਂ ....

ਹੁਣ ਹੋਰ ਗੱਲਾਂ ਛੱਡ ਦੇਣਾ 'ਦੇਵ' ਕਿਸੇ ਵੱਢ
ਉਹਨੇ ਵੇਚੀਆਂ ਸੀ ਟਿਕਟਾਂ ਤੇ ਪੈਸੇ ਲੈ ਗਿਆ ਵੱਧ
ਪਿੰਡ 'ਘੋਲੀਏ' ਮੈਂ ਜਾ ਕੇ ਤਾਹੀਉਂ ਉਹਦੇ ਨਾ ਲੜੀ
ਜਿਹੜੀ ਬੱਸ ਪਾਣੀ 'ਚ ਚਲਾਈ ਸੁਖਬੀਰ ਸਿਆਂ
ਮੈਂ ਤਾਂ ਉਡੀਕਦੀ ਹਾਂ ਰਹਿੰਦੀ ਉਹਨੂੰ ਅੱਡੇ ਤੇ ਖੜ੍ਹੀ।

## ਦ੍ਰਿੜ ਇਰਾਦਿਆਂ ਦੀ ਮਾਲਕਣ- ਕਰਮਜੀਤ ਕੰਮੋ ਦਿਓਣ ਐਲਨਾਬਾਦੀ

ਸਿਰੜੀ ਅਤੇ ਤਪੱਸਵੀ ਲੋਕ ਆਪਣੇ ਸਿਦਕ, ਸਿਰੜ, ਮਿਹਨਤ ਅਤੇ ਤਪੱਸਿਆ ਦੀਆਂ ਕਿਰਨਾਂ ਸਦਕਾ ਜਿੱਥੇ ਖੁਦ ਆਪਣੀ ਜ਼ਿੰਦਗੀ ਰੁਸ਼ਨਾ ਕੇ ਆਪਣੇ ਹਰ ਸੁਪਨੇ ਸਾਕਾਰ ਕਰ ਲੈਂਦੇ ਹਨ, ਉਥੇ ਉਹ ਦੂਜਿਆਂ ਲਈ ਵੀ ਮਾਰਗ-ਦਰਸ਼ਨ ਬਣ ਜਾਂਦੇ ਹਨ। ਅਜਿਹਾ ਮਾਰਗ-ਦਰਸ਼ਕ ਬਣਿਆ ਇਕ ਨਾਂਓਂ ਹੈ- ਕਰਮਜੀਤ ਕੰਮੋ 'ਦਿਓਣ ਐਲਨਾਬਾਦੀ'। ਜਿੱਡਾ ਲੰਬਾ ਨਾਂਓਂ ਹੈ, ਉਡਾ ਹੀ ਵੱਡਾ ਛੁਪਿਆ ਹੈ ਉਸ ਵਿਚ 'ਰਾਜ'।

ਜਿਲ੍ਹਾ ਬਠਿੰਡਾ ਦੇ ਪਿੰਡ ਦਿਓਣ ਵਿੱਚ ਪਿਤਾ ਬਾਬੂ ਰਾਮ ਦੇ ਘਰ, ਮਾਤਾ ਨਛੱਤਰ ਕੌਰ ਦੀ ਕੁੱਖੋਂ ਜਨਮ ਲੈਣ ਵਾਲੀ ਕਰਮਜੀਤ ਦੱਸਦੀ ਹੈ ਕਿ ਉਹ ਸਕੂਲ ਦਸਵੀਂ ਤੱਕ ਹੀ ਗਈ ਹੈ। ਬਾਰਵੀਂ ਉਸ ਪ੍ਰਾਈਵੇਟ ਕੀਤੀ। ਬਾਰਵੀਂ ਦੀ ਪੜ੍ਹਾਈ ਦੌਰਾਨ ਉਹ ਜਲੰਧਰ ਰੇਡੀਉ ਦੇ ਪ੍ਰੋਗਰਾਮਾਂ, 'ਗੁਲਦ-ਸਤਾ', 'ਰਾਬਤਾ', 'ਅੱਜ ਦਾ ਖੱਤ', 'ਕੁਝ ਸੁਣੀਏ ਕੁਝ ਕਹੀਏ' ਅਤੇ ਬਠਿੰਡਾ ਰੇਡੀਉ ਦੇ 'ਯੁਵਬਾਣੀ' ਪ੍ਰੋਗਰਾਮਾਂ ਨੂੰ ਖੱਤ ਲਿਖਣ ਲੱਗੀ। ਫਿਰ, ਉਸਦਾ ਰੁਝਾਨ ਕਵਿਤਾ ਵੱਲ ਹੋ ਤੁਰਿਆ। ਉਸਦੀਆਂ ਕਵਿਤਾਵਾਂ 'ਹਮਸਫ਼ਰ', 'ਪਬਲਿਕ ਟਾਈਮਜ਼', 'ਪੰਜਾਬੀ ਸਕਰੀਨ', 'ਤਖਤ ਹਜ਼ਾਰਾ', 'ਸੁਜਾਤਾ' 'ਚ ਛਪਣ ਲੱਗੀਆਂ। ਉਸਦੀਆਂ ਕਵਿਤਾਵਾਂ ''ਸਪੋਕਸਮੈਨ'' ਅਖਬਾਰ ਅਤੇ ''ਸ਼ਬਦ ਬੂੰਦ'' ਮੈਗਜ਼ੀਨ 'ਚ ਵੀ ਲਗਾਤਾਰ ਛਪ ਰਹੀਆਂ ਹਨ।



28 ਜੁਲਾਈ, 1998 ਨੂੰ ਬਠਿੰਡਾ ਰੇਡੀਉ ਤੇ ਪਹਿਲੀ ਵਾਰ ਕਵੀ ਦਰਬਾਰ 'ਚ ਉਸ ਹਾਜ਼ਰੀ ਲਵਾਈ ਤਾਂ ਉਸਦੀ ਅਵਾਜ਼ ਦੇ ਕਾਇਲ ਸਰੋਤਿਆਂ ਨੇ ਖਤਾਂ ਰਾਹੀ ਉਸ ਨੂੰ ਹੁੰਗਾਰਾ ਭੇਜਿਆ। ਫਿਰ ਪਰਿਵਾਰ ਦੇ ਸਾਥ ਸਦਕਾ ਕਦੀ ਉਸਨੇ ਪਿੱਛੇ ਮੁੜ ਨਹੀ ਵੇਖਿਆ। ਬਾਰਵੀਂ ਤੋਂ ਬਾਅਦ 2001 'ਚ ਐਲਨਾਬਾਦ 'ਚ ਉਸਦਾ ਵਿਆਹ ਹੋ ਗਿਆ। ਫਿਰ ਅੱਠ ਸਾਲਾਂ ਬਾਅਦ ਉਸ ਦੁਬਾਰਾ ਪੜ੍ਹਾਈ ਸ਼ੁਰੂ ਕੀਤੀ। 2008 'ਚ ਕੰਪਿਊਟਰ ਕੋਰਸ ਦੇ ਨਾਲ-ਨਾਲ ਬੀ. ਏ. ਪ੍ਰਾਈਵੇਟ ਕੀਤੀ। ਉਪਰੰਤ ਸ਼ਹਿਰ ਦੇ ਕਾਲਜ ਤੋਂ ਬੀ. ਐਡ ਰੈਗੂਲਰ ਕੀਤੀ ਤੇ ਕਾਲਜ ਦੇ ਸਾਰੇ ਕਲਚਰਲ ਪ੍ਰੋਗਰਾਮਾਂ 'ਚ ਵੱਧ ਚੜ੍ਹ ਕੇ ਹਿੱਸਾ ਲਿਆ। ਉਸ ਪਿੱਛੋਂ ਪ੍ਰਾਈਵੇਟ ਸਕੂਲ 'ਚ ਅਧਿਆਪਕਾ ਲੱਗਕੇ ਐਮ. ਏ. ਪੰਜਾਬੀ ਪ੍ਰਾਈਵੇਟ ਕੀਤੀ। 2016 ਤੋਂ ਪੰਜਾਬੀ ਲੈਕਚਰਾਰ ਬਣਨ ਦੇ ਦੌਰਾਨ ਉਸ ਨੇ ''ਬੈਸਟ ਟੀਚਰ'' ਸਨਮਾਨ ਪ੍ਰਾਪਤ ਕੀਤਾ, ਜੋ ਕਿ ਭਾਰਤ ਵਿਕਾਸ ਪ੍ਰੀਸ਼ਦ ਦੁਆਰਾ ਦਿੱਤਾ ਗਿਆ। ਸਨਮਾਨਾਂ ਦੀ ਲੜੀ ਵਿਚ ਸ਼੍ਰੀ ਕਰਮ ਸਿੰਘ ਮੈਮੋਰੀਅਲ ਲਾਇਬ੍ਰੇਰੀ ਐਂਡ ਐਜੂਕੇਸ਼ਨ ਟਰੱਸਟ ਵੱਲੋਂ ਗੀਤਕਾਰੀ ਲਈ ਉਸਨੂੰ ਮਿਲਿਆ ਸਨਮਾਨ ਵੀ ਖਾਸ ਅਹਿਮੀਅਤ ਰੱਖਦਾ ਹੈ।



ਪ੍ਰੀਤਮ ਲੁਧਿਆਣਵੀ
9876428641

ਉਹ ਦੱਸਦੀ ਹੈ ਕਿ ਜਿੰਨੇ ਸੁਪਨੇ ਉਸਨੇ ਪੇਕੇ ਘਰ ਰਹਿੰਦਿਆਂ ਸਾਕਾਰ ਕੀਤੇ ਉਸਤੋਂ ਵੱਧ ਸੁਪਨੇ ਉਸਨੇ ਆਪਣੇ ਜੀਵਨ ਸਾਥੀ ਦੇ ਨਿੱਘੇ ਅਤੇ ਮਿਲਵਰਤਨ ਭਰੇ ਸਹਿਯੋਗ ਸਦਕਾ ਸਾਕਾਰ ਕੀਤੇ। ਇਸ ਲਈ ਉਹ ਪੇਕੇ ਤੇ ਸਹੁਰੇ ਦੋਹਾਂ ਪਰਿਵਾਰਾਂ ਨੂੰ ਬਰਾਬਰ ਸਨਮਾਨ ਦਿੰਦਿਆਂ ਦਿਓਣ ਤੇ ਐਲਨਾਬਾਦ ਨੂੰ ਆਪਣੇ ਨਾਂਓਂ ਨਾਲ ਇਕੱਠਾ ਜੋੜਕੇ ਲਿਖਣ 'ਚ ਗੌਰਵ ਮਹਿਸੂਸ ਕਰਦੀ ਹੈ।

ਕਰਮਜੀਤ ਨੇ ਦੱਸਿਆ ਕਿ ਜਿੱਥੇ ਉਸਨੇ ਬਠਿੰਡਾ ਰੇਡੀਉ ਤੋਂ ਇੱਕ ਘੰਟੇ ਦਾ ਲਾਈਵ ਪ੍ਰੋਗਰਾਮ ''ਬਾਬੁਲ ਦਾ ਵਿਹੜਾ'' ਕੀਤਾ, ਉਥੇ ਸਿਰਸਾ ਐਫ. ਐਮ. ਤੋਂ ਦੋ ਘੰਟੇ ਦੇ ਲਾਈਵ ਕਵੀ-ਦਰਬਾਰ 'ਚ ਵੀ ਉਹ ਹਿੱਸਾ ਲੈ ਚੁੱਕੀ ਹੈ। ਉਹ ਪੰਜਾਬੀ ਸੱਭਿਆਚਾਰ ਦੇ ਦਾਇਰੇ 'ਚ ਰਹਿਕੇ ਗੀਤਕਾਰੀ ਖੇਤਰ 'ਚ ਨਾਮਨਾ ਖੱਟਣਾ ਚਾਹੁੰਦੀ ਹੈ। ਉਸਦੀ ਕਲਮ ਦੇ ਲਿਖੇ ਦੋ ਗੀਤ ''ਹਾਲ ਮੇਰੇ ਦਿਲ ਦਾ'' ਅਤੇ ''ਜਿੰਦ'', ਗਾਇਕ ਜ਼ੈਲਾ ਸ਼ੇਖੂਪੁਰੀਆ ਦੀ ਅਵਾਜ਼ 'ਚ ਰਿਕਾਰਡ ਹੋ ਚੁੱਕੇ ਹਨ। ਇੱਥੇ ਹੀ ਬਸ ਨਹੀ, ਕਰਮਜੀਤ ਨੂੰ ਗੀਤ ਗਾਉਣ ਤੇ ਐਂਕਰਿੰਗ ਕਰਨ ਦੀ ਵੀ ਵਧੀਆ ਮੁਹਾਰਤ ਹਾਸਲ ਹੈ। ਉਸ ਦੇ ਸ਼ੌਕ ਦੀ ਵਿਲੱਖਣਤਾ ਇਹ ਵੀ ਹੈ ਕਿ ਉਹ ਪੰਜਾਬੀ, ਹਿੰਦੀ, ਅੰਗਰੇਜ਼ੀ ਨੂੰ ਜਿੰਨੀ ਤੇਜ਼ੀ ਨਾਲ ਉਹ ਸਿੱਧਾ ਲਿਖਦੀ ਹੈ, ਉਨੀ ਹੀ ਤੇਜ਼ੀ ਨਾਲ ਉਲਟਾ ਵੀ ਲਿਖ ਲੈਂਦੀ ਹੈ।

# ਕਿਤਾਬਾਂ ਸਾਨੂੰ ਨਿੱਘ, ਸੇਕ ਤੇ ਰੋਸ਼ਨੀ ਦਿੰਦੀਆਂ ਹਨ- ਪਦਮ ਸ੍ਰੀ ਸੁਰਜੀਤ ਪਾਤਰ







**ਸ਼ਾਹਕੋਟ (ਬਿਊਰੋ)-** ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਸ਼ਾਹਕੋਟ ਦਾ ਸ਼ੁਭ ਮਹੂਰਤ ਸੁਰਜੀਤ ਪਾਤਰ ਵੱਲੋਂ ਕੀਤਾ ਗਿਆ। ਸੁਰਜੀਤ ਪਾਤਰ ਨੇ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢਦੇ ਹੋਏ ਇਸ ਲਾਇਬ੍ਰੇਰੀ ਨੂੰ ਆਪਣਾ ਕਾਫੀ ਕੀਮਤੀ ਸਮਾਂ ਦਿੱਤਾ। ਇਸ ਮੋਕੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਲਾਇਬ੍ਰੇਰੀ ਨੂੰ ਅਸੀਂ ਕਿਸ ਤਰਾਂ ਨਾਲ ਅੱਗੇ ਵਧਾ ਸਕਦੇ ਹਾਂ ਇਸ ਬਾਰੇ ਉਹਨਾਂ ਨੇ ਲਾਇਬ੍ਰੇਰੀ ਦੇ ਪ੍ਰਬੰਧਕਾਂ ਨੂੰ ਵੀ ਆਪਣੇ ਵਿਚਾਰਾਂ ਤੇ ਆਪਣੇ ਅਨੁਭਵਾਂ ਨਾਲ ਵੀ ਜਾਣੂੰ ਕਰਵਾਇਆ। ਸ਼ਹਿਰ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ 'ਸਿਟੀ ਵੈਲਫੇਅਰ ਕਲੱਬ ਰਜਿ' ਸ਼ਾਹਕੋਟ ਦੇ ਮੈਂਬਰਾਂ ਤੇ ਹੋਰ ਬਹੁਤ ਹੀ ਸੂਝਵਾਨ ਸੱਜਣਾਂ ਦੀਆਂ ਨਾ ਭੱਲਣਯੋਗ ਕੋਸ਼ਿਸਾ ਸਦਕਾ ਅੱਜ ਸ਼ਾਹਕੋਟ ਦੇ ਗਾਂਧੀ ਚੌਂਕ ਵਿੱਚ ਸਥਿਤ ਲਾਇਬ੍ਰੇਰੀ ਸ਼ਹਿਰ ਵਾਸੀਆਂ ਲਈ ਬਿਲਕੁਲ ਤਿਆਰ ਹੈ। ਇਸ ਲਾਇਬ੍ਰੇਰੀ ਦਾ ਉਦਘਾਟਨ ਸਮਾਰੋਹ ਸਥਾਨਕ ਗਾਂਧੀ ਚੌਂਕ ਦੇ ਸ਼ਿਵ ਮੰਦਰ ਹਾਲ ਵਿੱਚ ਕੀਤਾ ਗਿਆ। ਜਿਸ ਵਿੱਚ ਸ਼ਹਿਰ ਤੋਂ ਇਲਾਵਾ ਹੋਰ ਬਹੁਤ ਹੀ ਮਹਾਨ ਸਖਸ਼ੀਅਤਾਂ ਨੇ ਇਸ ਪਵਿੱਤਰ ਯੱਗ ਵਿੱਚ ਆਪਣਾ ਹਿੱਸਾ ਪਾਇਆ। ਹਰ ਇੱਕ ਦੂਰੋਂ ਨੇੜਿਉਂ ਆਏ ਬੁਲਾਰਿਆ ਨੇ ਇਸ ਕੰਮ ਦੀ ਭਰਪੂਰ ਸਲਾਘਾ ਕੀਤੀ ਤੇ ਇਸ ਵਿੱਚ ਵੱਧ ਤੋਂ ਵੱਧ ਯੋਗਦਾਨ ਦੇਣ ਦਾ ਵਾਅਦਾ ਵੀ ਕੀਤਾ। ਇਸ ਖੁਸ਼ੀ ਵਿੱਚ ਮੁੱਖ ਮਹਿਮਾਨ ਪਦਮ ਸ੍ਰੀ ਸੁਰਜੀਤ ਪਾਤਰ ਤੋਂ ਇਲਾਵਾ ਡਾ:ਰਾਮ ਮੂਰਤੀ , ਮੇਜਰ ਸਿੰਘ ਸਰਕਾਰੀ ਅਧਿਆਪਕ ,ਅਮਰਪ੍ਰੀਤ ਸਿੰਘ ਝੀਤਾ, ਅਮਰਪ੍ਰੀਤ ਸਿੰਘ ਧਿੰਝਣ, ਜਰਨੈਲ ਸਿੰਘ ਪ੍ਰਸਿੱਧ ਨਾਵਲਕਾਰ, ਰਾਕੇਸ਼ ਅਗਰਵਾਲ, ਕੁਲਦੀਪ ਸਿੰਘ, ਹਰਵਿੰਦਰ ਸਿੰਘ ਹੈਪੀ, ਜਗਸੀਰ ਜੋਸਨ, ਬਿਕਰਮਜੀਤ ਸਿੰਘ ਬਜਾਜ, ਪ੍ਰਵੀਨ ਗਰੋਵਰ, ਹਰਦੇਵ ਅਗਰਵਾਲ, ਸੀਤਲ ਕੁਮਾਰ ਅਗਰਵਾਲ, ਬਖਸ਼ੀਸ ਸਿੰਘ,ਗੁਰੂ ਕਾ ਲੰਗਰ ਟੀਮ ਕਾਲਾ ਸੰਘਿਆਂ, ਨੇਕੀ ਦੀ ਦੀਵਾਰ ਸੰਸਥਾ, ਅਮਨ ਮਲਹੋਤਰਾ, ਕਮਲਜੀਤ ਭੱਟੀ, ਬਖਸੀਸ਼ ਸਿੰਘ ਮਠਾੜੂ ਪ੍ਰਦੀਪ ਡੱਬ ਅਤੇ ਸ਼ਹਿਰ ਦੇ ਹੋਰ ਪਤਵੰਤੇ ਸੱਜਣ ਮੋਜੂਦ ਸਨ।

# ਰੋਨਾਲਡੋ ਬਣਿਆ ਦੁਨੀਆਂ ਦਾ ਬਿਹਤਰੀਨ ਫੁਟਬਾਲਰ

**ਜ਼ਿਊਰਿਖ਼-** ਰਿਆਲ ਮੈਦਰਿਦ ਅਤੇ ਪੁਰਤਗਾਲ ਦੇ ਸਟਾਰ ਫੁਟਬਾਲ ਖਿਡਾਰੀ ਕ੍ਰਿਸਟਿਆਨੋ ਰੋਨਾਲਡੋ ਨੇ ਦੇਸ਼ ਅਤੇ ਕਲੱਬ ਦੀ ਟੀਮ ਨਾਲ 2016 'ਚ ਬਿਹਤਰੀਨ ਪ੍ਰਦਰਸ਼ਨ ਕਰਕੇ ਫੀਫਾ ਵੱਲੋਂ ਸਾਲ ਦੇ ਸਰਵੋਤਮ ਫੁਟਬਾਲਰ ਦਾ ਪੁਰਸਕਾਰ ਆਪਣੇ ਨਾਂ ਲਿਖਵਾਇਆ ਹੈ। ਲਿਸੇਸਟਰ ਸਿਟੀ ਦੇ ਕਲਾਡੀਓ ਰੈਨੀਅਰੀ ਨੂੰ ਪ੍ਰੀਮੀਅਰ ਲੀਗ 'ਚ ਉਸ ਦੀ ਟੀਮ ਦੀ ਖਿਤਾਬੀ ਜਿੱਤ ਮਗਰੋਂ ਸਾਲ ਦਾ ਸਰਵੋਤਮ ਕੋਚ ਚੁਣਿਆ ਗਿਆ ਹੈ।

ਬੀਤੀ ਰਾਤ ਫੀਫਾ ਦੇ ਇਨਾਮ ਵੰਡ ਸਮਾਗਮ 'ਚ 31 ਸਾਲਾ ਰੋਨਾਲਡੋ ਨੇ ਆਪਣੇ ਵਿਰੋਧੀ ਖਿਡਾਰੀ ਲਿਓਨੇਲ ਮੈਸੀ ਅਤੇ ਯੂਰਪੀ ਚੈਂਪੀਅਨਸ਼ਿਪ 'ਚ ਸਿਖਰ ਦੇ ਖਿਡਾਰੀ ਰਹੇ ਫਰਾਂਸ ਦੇ ਐਂਟੋਨੀ ਗ੍ਰਿਜਮੈਨ ਨੂੰ ਪਛਾੜ ਕੇ ਸਾਲ ਦੇ ਸਰਵੋਤਮ ਖਿਡਾਰੀ ਦਾ ਪੁਰਸਕਾਰ ਆਪਣੇ ਨਾਂ ਕੀਤਾ। ਰੋਨਾਲਡੋ ਆਪਣਾ ਤੀਜਾ ਚੈਂਪੀਅਨਜ਼ ਲੀਗ ਖਿਤਾਬ ਅਤੇ ਪੁਰਤਗਾਲ ਨਾਲ ਯੂਰੋ 2016 ਜਿੱਤਣ ਮਗਰੋਂ ਪਹਿਲਾਂ ਹੀ 'ਬੇਲੋਨ ਦੀ'ਓਰ' ਖਿਤਾਬ ਆਪਣੇ ਨਾਂ ਕਰ ਚੁੱਕਾ ਹੈ। ਉਸ ਨੇ ਚੈਂਪੀਅਨਜ਼ ਲੀਗ ਦੇ 12 ਮੈਚਾਂ 'ਚ 16 ਗੋਲ ਕੀਤੇ ਸੀ। ਫੀਫਾ ਪ੍ਰਧਾਨ ਜਿਆਨੀ ਇਨਫੈਂਟਿਨੋ ਤੋਂ ਪੁਰਸਕਾਰ ਹਾਸਲ ਕਰਨ ਮਗਰੋਂ ਰੋਨਾਲਡੋ ਨੇ ਕਿਹਾ ਕਿ 2016 ਉਸ ਦੇ ਕਰੀਅਰ ਦਾ ਸਭ ਤੋਂ ਬਿਹਤਰੀਨ ਸਾਲ ਰਿਹਾ। ਦੂਜੇ ਪਾਸੇ 65 ਸਾਲਾ ਰਾਨੀਯੇਰੀ ਨੇ ਰਿਆਲ ਦੇ ਮੈਨੇਜਰ ਜਿਨੇਦਿਨ ਜਿਦਾਨ ਅਤੇ ਪੁਰਤਕਾਲ ਦੇ ਮੈਨੇਜਰ ਫਰਨਾਂਡੋ ਸਾਂਤੋਸ ਨੂੰ ਪਛਾੜ ਕੇ ਸਰਵੋਤਮ ਕੋਚ ਦਾ ਖ਼ਿਤਾਬ ਆਪਣੇ ਨਾਂ ਕੀਤਾ। ਉਸ ਨੂੰ ਅਰਜਨਟੀਨਾ ਦੇ ਮਹਾਨ ਖਿਡਾਰੀ ਡਿਏਗੋ ਮਾਰਾਡੋਨਾ ਨੇ ਸਰਵੋਤਮ ਕੋਚ ਦੀ ਟਰਾਫੀ ਦਿੱਤੀ।



ਪਿਛਲੇ ਸੈਸ਼ਨ 'ਚ ਬਾਹਰ ਕੱਢੇ ਜਾਣ ਤੋਂ ਬਚਣ ਮਗਰੋਂ ਲਿਏਸਟਰ ਨੇ ਇਸ ਸਾਲ ਸਭ ਨੂੰ ਹੈਰਾਨ ਕਰਦਿਆਂ ਖ਼ਿਤਾਬ ਜਿੱਤਿਆ ਸੀ। ਖਿਡਾਰੀਆਂ ਦੀ ਚੋਣ ਕੌਮੀ ਟੀਮਾਂ ਦੇ ਕੋਚਾਂ ਅਤੇ ਕਪਤਾਨਾਂ ਤੋਂ ਇਲਾਵਾ ਪੱਤਰਕਾਰਾਂ ਦੇ ਚੋਣਵੇਂ ਸਮੂਹ ਅਤੇ ਪ੍ਰਸ਼ੰਸਕਾਂ ਦੀਆਂ ਵੋਟਾਂ ਰਾਹੀ ਕੀਤੀ ਗਈ ਹੈ। ਰੋਨਾਲਡੋ ਨੂੰ 31.5 ਫੀਸਦ ਜਦਕਿ ਮੈਸੀ ਨੂੰ 26.4 ਫੀਸਦ ਵੋਟਾਂ ਮਿਲੀਆਂ। ਮੈਸੀ ਨੇ ਇਸ ਪੁਰਸਕਾਰ ਸਮਾਗਮ 'ਚ ਭਾਗ ਨਹੀਂ ਲਿਆ। ਅਮਰੀਕੀ ਮਿਡਫੀਲਡਰ ਕਾਰਲੀ ਲਾਇਡ ਨੂੰ 2016 ਦੀ ਸਰਵੋਤਮ ਮਹਿਲਾ ਖਿਡਾਰੀ ਚੁਣਿਆ ਗਿਆ। ਸਾਲ ਦੀ ਸਰਵੋਤਮ ਫਿਫ-ਪ੍ਰੋ ਟੀਮ 'ਚ 11 'ਚੋਂ ਨੌਂ ਖਿਡਾਰੀ ਸਪੇਨ ਦੀ ਲਾ ਲੀਗਾ ਦੇ ਰਹੇ ਜਿਨ੍ਹਾਂ ਦੀ ਅਗਵਾਈ ਰੋਨਾਲਡੋ ਅਤੇ ਮੈਸੀ ਨੇ ਕੀਤੀ। ਬਾਇਰਨ ਮਿਊਨਿਖ਼ ਦੇ ਗੋਲਕੀਪਰ ਮੈਨੁਅਲ ਨਿਊਰ ਨੇ ਲਗਾਤਾਰ ਚੌਥੇ ਸਾਲ ਟੀਮ 'ਚ ਥਾਂ ਬਣਾਈ। ਫੀਫਾ ਨੇ ਕੋਲੰਬੀਆ ਦੀ ਟੀਮ ਅਟਲੈਟਿਕੋ ਨੇਸੀਯੋਨਲ ਨੂੰ 'ਫੇਅਰ ਪਲੇਅ ਪੁਰਸਕਾਰ' ਲਈ ਚੁਣਿਆ। ਟੀਮ ਨੇ ਦੱਖਣੀ ਅਮਰੀਕੀ ਫੁਟਬਾਲ ਦੀ ਸੰਸਥਾ ਨੂੰ ਖੇਤਰੀ ਕਲੱਬ ਚੈਪੇਕੋਏਂਜ਼ ਨੂੰ ਦੇਣ ਲਈ ਕਿਹਾ ਸੀ ਜਦੋਂ ਬਰਾਜ਼ੀਲ ਦੀ ਇਸ ਟੀਮ ਦੇ ਵਧੇਰੇ ਖਿਡਾਰੀ ਫਾਈਨਲ ਦੇ ਪਹਿਲੇ ਗੇੜ ਦੀ ਯਾਤਰਾ ਦੌਰਾਨ ਹਵਾਈ ਜਹਾਜ਼ ਹਾਦਸੇ 'ਚ ਮਾਰੇ ਗਏ ਸੀ।

# ਚੰਦੜ ਪਰਿਵਾਰ ਵੱਲੋਂ ਜਨਮ ਦਿਨ ਦੀ ਖੁਸ਼ੀ 'ਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ

**ਸੈਕਰਾਮੈਂਟੋ-** ਸ੍ਰੀ ਆਗਿਆ ਰਾਮ ਚੰਦੜ ਅਤੇ ਸ੍ਰੀਮਤੀ ਸੱਤਿਆਦੇਵੀ ਚੰਦੜ ਜੀ ਆਪਣੇ ਪੋਤਿਆਂ ਜੋਵਨ ਚੰਦੜ ਅਤੇ ਜੇਡਨ ਚੰਦੜ (ਸਪੁੱਤਰ ਸ੍ਰੀ ਦਲਜੀਤ ਕੁਮਾਰ ਤਾਜ਼ਪੁਰੀ ਅਤੇ ਸ੍ਰੀਮਤੀ ਬਲਜੀਤ ਕੌਰ) ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ 6 ਜਨਵਰੀ 2017 ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਗਏ ਅਤੇ 8 ਜਨਵਰੀ 2017 (ਦਿਨ ਐਤਵਾਰ) ਨੂੰ ਪਾਠ ਦੇ ਭੋਗ ਪਾਏ ਗਏ।

ਇਸ ਮੌਕੇ ਗੁਰੂ ਘਰ ਦਾ ਜਥਾ ਭਾਈ ਨਿਰਮਲ ਸਿੰਘ ਜੀ ਅਤੇ ਭਾਈ ਜਸਪਾਲ ਸਿੰਘ ਜੀ ਨੇ ਗੁਰਬਾਣੀ ਦਾ ਰਸਭਿੰਨਾ ਗਾਇਨ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਚੰਦੜ ਪਰਿਵਾਰ ਸਮੇਤ ਦੂਰੋਂ ਰਿਸ਼ਤੇਦਾਰਾਂ, ਦੋਸਤਾਂ ਨੇ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ।

ਭਾਈ ਜਸਪਾਲ ਸਿੰਘ ਨੇ ਚੰਦੜ ਪਰਿਵਾਰ ਦੀ ਤੰਦਰੁਸਤੀ, ਖੁਸ਼ਹਾਲੀ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ। ਇਸ ਮੌਕੇ ਪਰਿਵਾਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਪਹੁੰਚੀ ਸੰਗਤ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਸਰਬਣ ਕੀਤਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

--------



















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



# ਧੀਆਂ ਦੀ ਲੋਹੜੀ

ਆਪ ਸਭ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪੰਜਾਬੀ ਮਲਟੀਕਲਚਰ ਸੁਸਾਇਟੀ ਆਫ ਪਿਟਸਬਰਗ ਵੱਲੋਂ ਲੋਹੜੀ ਮੇਲਾ ਮਨਾਇਆ ਜਾ ਰਿਹਾ ਹੈ

ਇਹ ਸਿਰਫ ਔਰਤਾਂ ਤੇ ਬੱਚਿਆਂ ਲਈ ਹੀ ਹੋਵੇਗਾ। ਐਂਟਰੀ 5 ਡਾਲਰ ਹੋਵੇਗੀ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਐਂਟਰੀ ਫਰੀ ਹੋਵੇਗੀ।

**ਪ੍ਰੋਗਰਾਮ**
22 ਜਨਵਰੀ 2017 (ਦਿਨ ਐਤਵਾਰ)
ਸ਼ਾਮ 2.00 ਵਜੇ ਤੋਂ 5.00 ਵਜੇ ਤੱਕ
**300 Presidio Lane**
**Pittsburg CA 94565**

ਇਸ ਮੇਲੇ ਵਿਚ ਭੰਗੜਾ, ਡਾਂਸ, ਹਿਪ ਹੋਪ, ਗਿੱਧਾ, ਲਾਈਵ ਡੀ. ਜੇ. ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਸੁਮਨ ਹੀਰ 925-219-5991
ਰੂਬੀ ਰਾਜੂ 925-550-1088, 925-642-5953
ਬਲਵੀਰ ਕੌਰ 925-864-3855

# ਸ. ਬਲਵਿੰਦਰ ਸਿੰਘ ਚੱਠਾ (ਬਾਬ) ਨੂੰ ਕਾਰਨਿੰਗ 'ਚ ਬਿਜਨਿਸ ਤੋਂ ਰਿਟਾਇਰਮੈਂਟ ਲੈਣ ਤੇ ਨਿੱਘੀ ਪਾਰਟੀ









**ਕਾਰਨਿੰਗ (ਡੀ. ਡੀ. ਬੀ.)–** ਦੁਨੀਆਂ ਦਾ ਅੱਜ ਅਜਿਹਾ ਕੋਈ ਹੀ ਮੁਲਕ ਹੋਵੇਗਾ, ਜਿੱਥੇ ਪੰਜਾਬੀ ਭਾਈਚਾਰੇ ਨੇ ਆਮਦ ਨਾ ਕੀਤੀ ਹੋਵੇਗੀ। ਪੰਜਾਬੀ ਖਾਸ ਕਰਕੇ ਸਿੱਖ ਭਾਈਚਾਰਾ ਜਿੱਥੇ ਵੀ 100-200 ਘਰ ਹੋ ਜਾਂਦੇ ਹਨ, ਉਥੇ ਕੰਮਕਾਰਾਂ ਦੇ ਨਾਲ-ਨਾਲ ਆਪਣੇ ਗੁਰੂ ਸਾਹਿਬਾਨ ਨੂੰ ਵੀ ਧਿਆਉਣਾ ਨਹੀਂ ਭੁੱਲਦੇ ਤੇ ਉਸਨੂੰ ਸਜਦਾ ਕਰਨ ਲਈ ਗੁਰਦੁਆਰਾ ਸਾਹਿਬ ਵੀ ਸਥਾਪਤ ਕਰਕੇ ਆਪਣੇ ਧਰਮ ਤੇ ਸਿੱਖੀ ਵਿਰਾਸਤ ਦੇ ਨਾਲ-ਨਾਲ ਕਲਚਰ ਨਾਲ ਵੀ ਜੁੜਿਆ ਰਹਿੰਦਾ ਹੈ ਤੇ ਆਪਣੇ ਵਾਰਸਾਂ ਨੂੰ ਵੀ ਜੋੜ ਕੇ ਰੱਖਣਾ ਆਪਣਾ ਧਰਮ ਸਮਝਦਾ ਹੈ।

ਸਿੱਖ ਜਗਤ ਨੇ ਪੜ੍ਹ-ਲਿਖ ਕੇ ਤਕਰੀਬਨ ਹਰ ਖੇਤਰ 'ਚ ਧਾਂਕ ਜਮਾਈ ਹੈ, ਜੋ ਬਾਕੀ ਕਸਰ ਬਾਕੀ ਰਹਿੰਦੀ ਸੀ, ਉਹ ਮੀਡੀਏ ਪੱਖੋਂ ਵੀ ਕਾਫੀ ਅੱਗੇ ਵਧਿਆ। ਪਿਛਲੇ ਦਿਨੀਂ ਕੈਲੇਫੋਰਲੀਆ ਦੇ ਸ਼ਹਿਰ ਕਾਰਨਿੰਗ ਖੇਤਰ ਦੇ ਪੰਜਾਬੀ ਭਾਈਚਾਰੇ ਦੇ ਵਿਉਪਾਰਕ ਖੇਤਰ 'ਚੋਂ ਸ. ਬਲਵਿੰਦਰ ਸਿੰਘ ਚੱਠਾ (ਬਾਬ) ਨੇ ਆਪਣੇ ਬਿਜਨਸ 'ਲਿਕਰ ਕੈਬਨਿਟ' ਤੋਂ ਰੁਖਸਤ ਲੈਣ ਦਾ ਫੈਸਲਾ ਕੀਤਾ ਤਾਂ ਉਸ ਖੇਤਰ ਦੇ ਪੰਜਾਬੀ ਭਾਈਚਾਰੇ ਨੇ ਸ. ਬਾਬ ਨੂੰ ਬਹੁਤ ਹੀ ਸ਼ਾਨਦਾਰ ਪਾਰਟੀ ਦਿੱਤੀ, ਜਿਹਨਾਂ ਵਿਚ ਸ. ਚੱਠਾ ਦੀ ਸੁਪਤਨੀ ਜਸਵਿੰਦਰ ਕੌਰ ਚੱਠਾ ਤੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਉਘੇ ਬਿਜਨਸਮੈਨ ਸਰਵਸ੍ਰੀ ਤੀਰਥ ਸਿੰਘ ਸੋਹਲ, ਹਰਦੀਪ ਸਿੰਘ ਪਹਿਲਵਾਨ, ਜਰਨੈਲ ਸਿੰਘ ਗਿੱਲ, ਲਖਵੀਰ ਸਿੰਘ, ਪ੍ਰੀਤ ਗਿੱਲ, ਗੁਰਦੀਪ ਸਿੰਘ, ਡੀ. ਜੇ. ਸਨੀ, ਅਵਤਾਰ ਸਿੰਘ, ਪੱਪੂ ਜੌਹਲ, ਕੁਲਦੀਪ ਸਿੰਘ ਗਰੇਵਾਲ, ਸਤੰਤਰ ਸਿੰਘ ਲਾਖਾ ਆਦਿ ਪੰਜਾਬੀ ਭਾਈਚਾਰੇ ਦੇ ਮੈਂਬਰਾਂ ਨੇ ਸ਼ਿਰਕਤ ਕਰਕੇ ਸ. ਚੱਠਾ ਨੂੰ ਹਾਰਦਿਕ ਵਧਾਈ ਦਿੱਤੀ। ਸ. ਬਲਵਿਦਰ ਸਿੰਘ ਚੱਠਾ (ਬਾਬ) ਨੇ ਸਭ ਨੂੰ ਵਧਾਈ ਦੇਣ ਲਈ ਕੋਟਿ ਕੋਟਿ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਆਪਣੀ ਜ਼ਿੰਦਗੀ ਜੋ ਲੱਗਭੱਗ ਚਾਰ ਦਹਾਕੇ ਦੀ ਅਮਰੀਕਾ ਅੰਦਰ ਹੋ ਰਹੀ ਹੈ, 'ਚੋਂ ਇਕ ਦਹਾਕੇ ਤੋਂ ਵੱਧ ਸਮਾਂ ਆਪਣੇ ਬਿਜਨਸ 'ਚ ਸਫਲਤਾ ਪੂਰਵਕ ਗੁਜ਼ਾਰਿਆ। ਤੇ ਹੁਣ ਜ਼ਿੰਦਗੀ ਦਾ ਬਾਕੀ ਸਮਾਂ ਮੈਂ ਆਪਣੀ ਸੁਪਤਨੀ ਤੇ ਬਾਕੀ ਪਰਿਵਾਰਕ ਮੈਂਬਰਾਂ ਨਾਲ ਬਤੀਤ ਕਰਨਾ ਠੀਕ ਸਮਝਦਾ ਹੈ, ਕਿਉਂਕਿ ਵਾਹਿਗੁਰੂ ਨੇ ਸੋਹਣਾ ਪਰਿਵਾਰ ਤੇ ਸੋਹਣਾ ਕਾਰੋਬਾਰ ਤੇ ਤੰ-ਦਰੁਸਤੀ ਤੇ ਇਤਫਾਕ ਭਰਿਆ ਪਰਿਵਾਰ ਦਿੱਤਾ ਹੈ। ਹੁਣ ਮੈਂ ਚਾਹੁੰਦਾ ਹਾਂ ਕਿ ਪਰਿਵਾਰ ਦਾ ਹੋਰ ਵੱਧ ਖਿਆਲ ਕਰਾਂ ਤੇ ਵਾਹਿਗੁਰੂ ਦੇ ਸ਼ੁਕਰਾਨੇ 'ਚ ਜ਼ਿੰਦਗੀ ਗੁਜ਼ਾਰਾਂ।

'ਦੇਸ਼ ਦੁਆਬਾ' ਨਾਲ ਉਪਰੋਕਤ ਜਾਣਕਾਰੀ ਤੇ ਤਸਵੀਰਾਂ ਸਾਂਝੀਆਂ ਕਰਦਿਆਂ ਸ. ਹਰਦੀਪ ਸਿੰਘ ਪਹਿਲਵਾਨ ਨੇ ਕਿਹਾ ਕਿ ਅਜਿਹਾ ਸ਼ਾਇਦ ਪਹਿਲਾ ਮੌਕਾ ਹੋਵੇਗਾ ਕਿ ਪੰਜਾਬੀ ਦੀ ਇਕ ਪ੍ਰਸਿੱਧ ਕਹਾਵਤ ਹੈ ਕਿ ਭਰਿਆ ਮੇਲਾ ਛੱਡਣਾ ਚੰਗਾ ਹੁੰਦਾ ਹੈ, ਕਿ ਸ. ਚੱਠਾ ਜੀ ਨੇ ਆਪਣੀ ਦਿਲੀ ਖਾਹਿਸ਼ ਤੇ ਸਬਰ ਸੰਤੋਖ ਨਾਲ ਆਪਣੇ ਕਾਰੋਬਾਰ ਤੋਂ ਰੁਖਸਤ ਲੈ ਕੇ ਜ਼ਿੰਦਗੀ ਦਾ ਬਾਕੀ ਸਮਾਂ ਪਰਿਵਾਰ ਸੰਗ ਵਾਹਿਗੁਰੂ ਦੀ ਰਜ਼ਾ ਵਿਚ ਲਗਾਉਣਾ ਬਿਹਤਰ ਸਮਝਿਆ। ਜੋ ਬਾਕੀਆ ਲਈ ਖਾਸ ਕਰਕੇ ਮੈਂ ਆਪਣੇ ਲਈ ਸਮਝਦਾ ਹਾਂ ਕਿ ਇਕ ਬੜੀ ਨਿਵੇਕਲੀ ਮਿਸਾਲ ਹੈ।


## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**

**WASH, LUBE, BRAKES**

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**

Across the Street from TA Truck Stop